ਦਾਦਾ ਭਗਵਾਨ ਪ੍ਰੂਪਿਤ

# ਪ੍ਰਤੀਕ੍ਰਮਣ



Punjabi

ਦਾਦਾ ਭਗਵਾਨ ਕਥਿਤ

# ਪ੍ਰਤੀਕ੍ਰਮਣ

ਮੂਲ ਗੁਜਰਾਤੀ ਸੰਕਲਨ: ਡਾ. ਨੀਰੂਭੈਣ ਅਮੀਨ

ਅਨੁਵਾਦ: ਮਹਾਤਮਾਗਣ

ਪ੍ਰਕਾਸ਼ਕ: ਸ਼੍ਰੀ ਅਜੀਤ ਸੀ.ਪਟੇਲ
ਦਾਦਾ ਭਗਵਾਨ ਅਰਾਧਨਾ ਟ੍ਰਸਟ,
'ਦਾਦਾ ਦਰਸ਼ਨ', 5, ਮਮਤਾਪਾਰਕ ਸੁਸਾਇਟੀ,
ਨਵਗੁਜਰਾਤ ਕਾਲਜ ਦੇ ਪਿੱਛੇ,
ਉਸਮਾਨਪੁਰਾ, ਅਹਿਮਦਾਬਾਦ- 380014, ਗੁਜਰਾਤ।
ਫੋਨ: (079) 39830100

© All Rights reserved – Deepakbhai Desai
Trimandir, Simandhar City,
Ahmedabad-Kalol Highway, Post – Adalaj,
Dist-Gandhinagar- 38242, Gujarat, India.
*No part of this book may be used or reproduced in any manner whatsoever without written permission from the holder of the copyright*

ਪਹਿਲਾ ਸੰਸਕਰਣ : ਕਾਪੀਆਂ 1,000 ਨਵੰਬਰ, 2018

**ਭਾਵ ਮੁੱਲ : 'ਪਰਮ ਵਿਨੈ' ਅਤੇ**
**'ਮੈਂ ਕੁੱਝ ਵੀ ਨਹੀਂ ਜਾਣਦਾ', ਇਹ ਭਾਵ!**

ਦ੍ਰਵ ਮੁੱਲ : **50 ਰੁਪਏ**

ਮੁਦ੍ਰਕ : ਅੰਬਾ ਆਫਸੈੱਟ
B – 99, ਇਲੈਕਟ੍ਰੌਨੀਕਸ GIDC
ਕ – 6 ਰੋਡ, ਸੈਕਟਰ – 25
ਗਾਂਧੀਨਗਰ – 382044
ਫੋਨ: (079) 39830341

Amba Offset
B – 99, Electronics GIDC
K – 6 Road, Sector – 25
Gandhinagar – 382044
Phone : (079) 39830341

# ਤ੍ਰਿਮੰਤਰ




ਨਮੋ ਵੀਤਰਾਗਾਯ

ਨਮੋ ਅਰਿਹੰਤਾਣਮ

ਨਮੋ ਸਿੱਧਾਣਮ



ਨਮੋ ਆਯਰਿਯਾਣਮ

ਨਮੋ ਊਵਝਾਯਾਣਮ



ਨਮੋ ਲੋਏ ਸਵ੍ਵ ਸਾਹੂਣੰਮ

ਐਸੋ ਪੰਚ ਨੰਮੁਕਾਰੋ ਸਵ੍ਵ ਪਾਵਪਣਾਸਣੋ

ਮੰਗਲਾਣਮ 'ਚ ਸਵ੍ਵੇਸਿਮ

ਪੜ੍ਹਮੰ ਹਵਈ ਮੰਗਲਮ!! (2)

ਓਮ ਨਮੋ ਭਗਵਤੇ ਵਾਸੂਦੇਵਾਯ!! (2)

ਓਮ ਨਮ: ਸ਼ਿਵਾਯ!! (3)

ਜੈ ਸੱਚਿਦਾਨੰਦ



# ਸਮਰਪਣ

ਅਤੀਕ੍ਰਮਣ ਦੀ ਅਨੰਤ ਫੁਹਾਰ;

ਕਰਮਾਂ ਦੇ ਬਣਦੇ ਪਲ-ਪਲ ਹਾਰ!

ਮੋਕਸ਼ ਤਾਂ ਕੀ, ਪਰ ਧਰਮ ਵੀ ਨਿਰਾਧਾਰ;

ਕੌਣ ਰਾਹਬਰ ਲੈ ਜਾਏ ਉਸ ਰਾਹ?

ਅਕ੍ਰਮ ਵਿਗਿਆਨੀ ਦਾਦਾ ਤਾਰਣਹਾਰ;

ਪ੍ਰਤੀਕ੍ਰਮਣ ਦਾ ਦਿੱਤਾ ਹਥਿਆਰ!

ਮੋਕਸ਼ ਮਾਰਗ ਦਾ ਸੱਚਾ ਸਾਥੀਦਾਰ;

ਤਾਜ ਬਣਕੇ ਸ਼ੋਭਿਤ ਦਾਦਾ ਦਰਬਾਰ!

'ਪ੍ਰਤੀਕ੍ਰਮਣ' ਸੰਖੇਪ ਵਿੱਚ ਹੈ ਕਿਰਿਆਕਾਰੀ;

ਤੁੜਵਾਏ ਬੰਧਨ ਮੂਲ ਅਹੰਕਾਰੀ!

ਪ੍ਰਤੀਕ੍ਰਮਣ ਵਿਗਿਆਨ ਹੋਇਆ ਇੱਥੇ ਸਾਕਾਰ;

'ਸਮਰਪਣ' ਜਗ ਨੂੰ, ਮਚਾਓ ਜੈ ਜੈਕਾਰ!

# ਬੇਨਤੀ

ਆਤਮਵਿਗਿਆਨੀ ਸ਼੍ਰੀ ਅੰਬਾਲਾਲ ਮੂਲਜੀਭਾਈ ਪਟੇਲ, ਜਿਹਨਾਂ ਨੂੰ ਲੋਕ 'ਦਾਦਾ ਭਗਵਾਨ' ਦੇ ਨਾਮ ਨਾਲ ਵੀ ਜਾਣਦੇ ਹਨ, ਉਹਨਾਂ ਦੇ ਸ਼੍ਰੀਮੁੱਖ ਤੋਂ ਅਧਿਆਤਮ ਅਤੇ ਵਿਹਾਰ ਗਿਆਨ ਸਬੰਧੀ ਜੋ ਬਾਣੀ ਨਿਕਲੀ, ਉਸਨੂੰ ਰਿਕਾਰਡ ਕਰਕੇ, ਸੰਕਲਨ ਅਤੇ ਸੰਪਾਦਨ ਕਰਕੇ ਕਿਤਾਬਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

ਗਿਆਨੀ ਪੁਰਖ ਪੂਜਨੀਕ ਦਾਦਾ ਭਗਵਾਨ ਦੇ ਸ਼੍ਰੀਮੁੱਖ ਤੋਂ ਅਧਿਆਤਮ ਅਤੇ ਵਿਹਾਰ ਗਿਆਨ ਸਬੰਧੀ ਭਿੰਨ-ਭਿੰਨ ਵਿਸ਼ਿਆਂ ਤੇ ਨਿਕਲੀ ਸਰਸਵਤੀ ਦਾ ਅਦਭੁਤ (ਅਨੋਖਾ) ਸੰਕਲਨ ਇਸ ਆਪਤਬਾਣੀ ਵਿੱਚ ਹੋਇਆ ਹੈ, ਜੋ ਨਵੇ ਪਾਠਕਾਂ ਦੇ ਲਈ ਵਰਦਾਨ ਸਿੱਧ ਹੋਵੇਗਾ।

ਪ੍ਰਸਤੂਤ ਅਨੁਵਾਦ ਵਿੱਚ ਇਹ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਸੁਣਨ ਵਾਲੇ ਨੂੰ ਏਦਾਂ ਲੱਗੇ ਕਿ ਦਾਦਾ ਜੀ ਦੀ ਹੀ ਬਾਣੀ ਸੁਣੀ ਜਾ ਰਹੀ ਹੈ, ਜਿਸਦੇ ਕਾਰਨ ਸ਼ਾਇਦ ਕਈ ਥਾਵਾਂ ਤੇ ਅਨੁਵਾਦ ਦੀ ਵਾਕ ਰਚਨਾ ਦੀ ਪੰਜਾਬੀ ਵਿਆਕਰਣ ਦੇ ਅਨੁਸਾਰ ਘਾਟ ਲੱਗ ਸਕਦੀ ਹੈ, ਪ੍ਰੰਤੂ ਇੱਥੇ ਉਦੇਸ਼ ਨੂੰ ਸਮਝ ਕੇ ਪੜ੍ਹਿਆ ਜਾਵੇ ਤਾਂ ਜ਼ਿਆਦਾ ਲਾਭਦਾਇਕ ਹੋਵੇਗਾ।

ਗਿਆਨੀ ਦੀ ਬਾਣੀ ਨੂੰ ਪੰਜਾਬੀ ਭਾਸ਼ਾ ਵਿੱਚ ਅਸਲ ਰੂਪ ਵਿੱਚ ਅਨੁਵਾਦ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਪ੍ਰਸਤੁਤ ਕਿਤਾਬ ਵਿੱਚ ਕਈ ਥਾਵਾਂ ਤੇ ਬ੍ਰੈਕਟਾਂ ਵਿੱਚ ਦਿਖਾਏ ਗਏ ਸ਼ਬਦ ਜਾਂ ਵਾਕ ਪਰਮ ਪੂਜਨੀਕ ਦਾਦਾ ਸ਼੍ਰੀ ਦੁਆਰਾ ਬੋਲੇ ਗਏ ਵਾਕਾਂ ਨੂੰ ਹੋਰ ਜ਼ਿਆਦਾ ਸਪੱਸ਼ਟ ਰੂਪ ਵਿੱਚ ਸਮਝਾਉਣ ਲਈ ਲਿਖੇ ਗਏ ਹਨ। ਜਦੋਂ ਕਿ ਕੁੱਝ ਥਾਵਾਂ ਤੇ ਅੰਗਰੇਜੀ ਸ਼ਬਦਾਂ ਦੇ ਪੰਜਾਬੀ ਅਰਥ ਦੇ ਰੂਪ ਵਿੱਚ ਰੱਖੇ ਗਏ ਹਨ। ਦਾਦਾ ਸ਼੍ਰੀ ਦੇ ਸ਼੍ਰੀ ਮੁੱਖ ਤੋਂ ਨਿਕਲੇ ਕੁੱਝ ਗੁਜਰਾਤੀ ਸ਼ਬਦ ਜਿਵੇਂ ਹਨ ਉਦਾਂ ਹੀ ਰੱਖੇ ਗਏ ਹਨ, ਕਿਉਂਕਿ ਉਹਨਾਂ ਸ਼ਬਦਾਂ ਦੇ ਲਈ ਪੰਜਾਬੀ ਵਿੱਚ ਇਹੋ ਜਿਹਾ ਕੋਈ ਸ਼ਬਦ ਨਹੀਂ ਹੈ, ਜੋ ਉਸਦਾ ਪੂਰਾ ਅਰਥ ਦੇ ਸਕੇ। ਜਦੋਂ ਕਿ ਉਹਨਾਂ ਸ਼ਬਦਾਂ ਦੇ ਸਮਾਨਤਾ ਵਾਲੇ ਸ਼ਬਦ ਅਰਥ ਦੇ ਰੂਪ ਵਿੱਚ ਬ੍ਰੈਕਟਾਂ ਵਿੱਚ ਦਿੱਤੇ ਗਏ ਹਨ।

ਅਨੁਵਾਦ ਸਬੰਧੀ ਕਮੀਆਂ ਲਈ ਪਾਠਕਾਂ ਤੋਂ ਖਿਮਾਂ ਜਾਚਕ ਹਾਂ।

# 'ਦਾਦਾ ਭਗਵਾਨ' ਕੌਣ ?

ਜੂਨ 1958 ਦੀ ਇੱਕ ਸ਼ਾਮ ਦਾ ਕਰੀਬ 6 ਵਜੇ ਦਾ ਸਮਾਂ, ਭੀੜ ਨਾਲ ਭਰਿਆ ਸੂਰਤ ਸ਼ਹਿਰ ਦਾ ਰੇਲਵੇ ਸਟੇਸ਼ਨ, ਪਲੇਟਫਾਰਮ ਨੰ: 3 ਦੀ ਬੈਂਚ ਤੇ ਬੈਠੇ ਸ਼੍ਰੀ ਅੰਬਾਲਾਲ ਮੂਲਜੀ ਭਾਈ ਪਟੇਲ ਰੂਪੀ ਦੇਹਮੰਦਰ ਵਿੱਚ ਕੁਦਰਤੀ ਰੂਪ ਨਾਲ, ਅਕ੍ਰਮ ਰੂਪ ਵਿੱਚ, ਕਈ ਜਨਮਾਂ ਤੋਂ ਪ੍ਰਗਟ ਹੋਣ ਲਈ ਵਿਆਕੁਲ 'ਦਾਦਾ ਭਗਵਾਨ' ਪੂਰਨ ਰੂਪ ਵਿੱਚ ਪ੍ਰਗਟ ਹੋਏ। ਅਤੇ ਕੁਦਰਤ ਨੇ ਸਿਰਜਿਆ ਅਧਿਆਤਮ ਦਾ ਅਦਭੁਤ ਅਚੰਬਾ। ਇੱਕ ਹੀ ਘੰਟੇ ਵਿੱਚ ਉਹਨਾਂ ਨੂੰ ਵਿਸ਼ਵ ਦਰਸ਼ਨ ਹੋਇਆ। 'ਮੈਂ ਕੌਣ? ਭਗਵਾਨ ਕੌਣ? ਜਗਤ ਕੌਣ ਚਲਾਉਂਦਾ ਹੈ? ਕਰਮ ਕੀ ਹਨ? ਮੁਕਤੀ ਕੀ ਹੈ? ਆਦਿ ਜਗਤ ਦੇ ਸਾਰੇ ਅਧਿਆਤਮਿਕ ਪ੍ਰਸ਼ਨਾ ਦਾ ਪੂਰਾ ਰਹੱਸ ਪ੍ਰਗਟ ਹੋਇਆ। ਇਸ ਤਰ੍ਹਾਂ ਕੁਦਰਤ ਨੇ ਵਿਸ਼ਵ ਦੇ ਸਾਹਮਣੇ ਇੱਕ ਅਦੁੱਤੀ ਪੂਰਨ ਦਰਸ਼ਨ ਪੇਸ਼ ਕੀਤਾ ਅਤੇ ਉਸਦੇ ਮਾਧਿਅਮ ਬਣੇ ਸ਼੍ਰੀ ਅੰਬਾਲਾਲ ਮੂਲਜੀ ਭਾਈ ਪਟੇਲ, ਗੁਜਰਾਤ ਦੇ ਚਰੋਤਰ ਖੇਤਰ ਦੇ ਭਾਦਰਣ ਪਿੰਡ ਦੇ ਪੱਟੀਦਾਰ, ਕੰਟਰੈਕਟ ਦਾ ਧੰਦਾ ਕਰਨਵਾਲੇ, ਫਿਰ ਵੀ ਪੂਰਨ ਰੂਪ ਵਿੱਚ ਵੀਤਰਾਗ ਪੁਰਖ!

'ਵਪਾਰ ਵਿੱਚ ਧਰਮ ਹੋਣਾ ਚਾਹੀਦਾ ਹੈ, ਧਰਮ ਵਿੱਚ ਵਪਾਰ ਨਹੀ', ਇਸ ਸਿਧਾਂਤ ਨਾਲ ਉਹਨਾਂ ਨੇ ਪੂਰਾ ਜੀਵਨ ਵਤੀਤ ਕੀਤਾ। ਜੀਵਨ ਵਿੱਚ ਕਦੇ ਵੀ ਉਹਨਾਂ ਨੇ ਕਿਸੇ ਕੋਲੋਂ ਪੈਸੇ ਨਹੀਂ ਸਨ ਲਏ, ਸਗੋਂ ਆਪਣੀ ਕਮਾਈ ਨਾਲ ਭਗਤਾਂ ਨੂੰ ਯਾਤਰਾ ਕਰਵਾਉਂਦੇ ਸਨ।

ਉਹਨਾਂ ਨੂੰ ਪ੍ਰਾਪਤੀ ਹੋਈ, ਉਸੇ ਤਰ੍ਹਾਂ ਕੇਵਲ ਦੋ ਹੀ ਘੰਟਿਆਂ ਵਿੱਚ ਹੋਰ ਯਾਜਕ ਜਨਾ (ਮੁਮੁਕਸ਼ੁ) ਨੂੰ ਵੀ ਉਹ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ, ਉਹਨਾਂ ਦੇ ਅਦਭੁਤ ਸਿੱਧ ਹੋਏ ਗਿਆਨ ਪ੍ਰਯੋਗ ਨਾਲ। ਉਸ ਨੂੰ ਅਕ੍ਰਮ ਮਾਰਗ ਕਿਹਾ। ਅਕ੍ਰਮ, ਭਾਵ ਬਿਨਾਂ ਕ੍ਰਮ ਦੇ, ਅਤੇ ਕ੍ਰਮ ਭਾਵ ਇੱਕ-ਇੱਕ ਪੌੜੀ, ਕ੍ਰਮ ਅਨੁਸਾਰ ਉੱਪਰ ਚੜਨਾ। ਅਕ੍ਰਮ ਭਾਵ ਲਿਫ਼ਟ ਮਾਰਗ, ਸ਼ਾਰਟ ਕੱਟ।

ਉਹ ਖੁਦ ਹਰ ਇੱਕ ਨੂੰ 'ਦਾਦਾ ਭਗਵਾਨ ਕੌਣ?' ਦਾ ਰਹੱਸ ਦੱਸਦੇ ਹੋਏ ਕਹਿੰਦੇ ਸਨ ਕਿ "ਇਹ ਜੋ ਤੁਹਾਨੂੰ ਦਿਖਦੇ ਹਨ ਇਹ ਦਾਦਾ ਭਗਵਾਨ ਨਹੀਂ ਹਨ, ਇਹ ਤਾਂ 'ਏ.ਐਮ.ਪਟੇਲ' ਹਨ। ਅਸੀਂ ਗਿਆਨੀ ਪੁਰਖ ਹਾਂ ਅਤੇ ਅੰਦਰ ਜੋ ਪ੍ਰਗਟ ਹੋਏ ਹਨ, ਉਹ 'ਦਾਦਾ ਭਗਵਾਨ' ਹਨ। ਦਾਦਾ ਭਗਵਾਨ ਤਾਂ ਚੌਦਾਂ ਲੋਕਾਂ ਦੇ ਨਾਥ ਹਨ। ਉਹ ਤੁਹਾਡੇ ਵਿੱਚ ਵੀ ਹਨ, ਸਾਰਿਆਂ ਵਿੱਚ ਹਨ। ਤੁਹਾਡੇ ਵਿੱਚ ਅਵਿਅਕਤ, ਅਪ੍ਰਗਟ ਰੂਪ ਵਿੱਚ ਹਨ ਅਤੇ 'ਇੱਥੇ' ਸਾਡੇ ਅੰਦਰ ਸੰਪੂਰਨ ਰੂਪ ਵਿੱਚ ਪ੍ਰਗਟ ਹੋਏ ਹਨ। ਦਾਦਾ ਭਗਵਾਨ ਨੂੰ ਮੈਂ ਵੀ ਨਮਸਕਾਰ ਕਰਦਾ ਹਾਂ।"

# ਆਤਮਗਿਆਨ ਪ੍ਰਾਪਤੀ ਦੀ ਪ੍ਰਤੱਖ ਲਿੰਕ

'ਮੈਂ ਤਾਂ ਕੁੱਝ ਲੋਕਾਂ ਨੂੰ ਆਪਣੇ ਹੱਥੋਂ ਸਿੱਧੀ ਦੇਣ ਵਾਲਾ ਹਾਂ। ਪਿੱਛੇ ਅਨੁਯਾਈ ਚਾਹੀਦੇ ਹਨ ਕਿ ਨਹੀਂ ਚਾਹੀਦੇ? ਪਿੱਛੇ ਲੋਕਾਂ ਨੂੰ ਮਾਰਗ ਤਾਂ ਚਾਹੀਦਾ ਹੈ ਨਾ?'

**–ਦਾਦਾ ਸ਼੍ਰੀ**

ਪਰਮ ਪੂਜਨੀਕ ਦਾਦਾ ਸ਼੍ਰੀ ਦੇਸ਼ਾਂ-ਵਿਦੇਸ਼ਾਂ ਵਿੱਚ ਘੁੰਮ ਕੇ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ। ਆਪ ਨੇ ਆਪਣੇ ਜੀਵਨਕਾਲ ਵਿੱਚ ਹੀ ਡਾ. ਨੀਰੂਬੈਣ ਅਮੀਨ (ਨੀਰੂਮਾਂ) ਨੂੰ ਆਤਮਗਿਆਨ ਪ੍ਰਾਪਤ ਕਰਵਾਉਣ ਦੀ ਸਿੱਧੀ ਦਿੱਤੀ ਸੀ। ਦਾਦਾ ਸ਼੍ਰੀ ਦੇ ਸ਼ਰੀਰ ਛੱਡਣ (ਅਕਾਲ ਚਲਾਣੇ) ਤੋਂ ਬਾਅਦ ਨੀਰੂਮਾਂ ਉਸੇ ਤਰ੍ਹਾਂ ਹੀ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ, ਨਿਮਿਤ ਭਾਵ ਨਾਲ ਕਰਵਾ ਰਹੇ ਸਨ। ਪੂਜਨੀਕ ਦੀਪਕਭਾਈ ਦੇਸਾਈ ਨੂੰ ਵੀ ਦਾਦਾ ਸ਼੍ਰੀ ਨੇ ਸਤਿਸੰਗ ਕਰਨ ਦੀ ਸਿੱਧੀ ਦਿੱਤੀ ਸੀ। ਨੀਰੂਮਾਂ ਦੀ ਹਾਜਰੀ ਵਿੱਚ ਹੀ ਉਹਨਾਂ ਦੇ ਆਸ਼ੀਰਵਾਦ ਨਾਲ ਪੂਜਨੀਕ ਦੀਪਕਭਾਈ ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਥਾਵਾਂ ਤੇ ਜਾ ਕੇ ਸਾਧਕਾਂ ਨੂੰ ਆਤਮ ਗਿਆਨ ਕਰਵਾ ਰਹੇ ਹਨ, ਜੋ ਨੀਰੂਮਾਂ ਦੇ ਸ਼ਰੀਰ ਛੱਡਣ ਤੋਂ ਬਾਅਦ ਅੱਜ ਵੀ ਜਾਰੀ ਹੈ। ਇਸ ਆਤਮਗਿਆਨ ਪ੍ਰਾਪਤੀ ਦੇ ਬਾਅਦ ਹਜਾਰਾਂ ਸਾਧਕ ਸੰਸਾਰ ਵਿੱਚ ਰਹਿੰਦੇ ਹੋਏ ਜਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਮੁਕਤ ਰਹਿ ਕੇ ਆਤਮ ਰਮਣਤਾ ਦਾ ਅਨੁਭਵ ਕਰਦੇ ਹਨ।

ਗ੍ਰੰਥ ਵਿੱਚ ਲਿਖੀ ਬਾਣੀ ਮੋਕਸ਼ ਪ੍ਰਾਪਤ ਕਰਨ ਵਾਲਿਆਂ ਲਈ ਬਹੁਤ ਜ਼ਿਆਦਾ ਉਪਯੋਗੀ ਸਿੱਧ ਹੋਵੇਗੀ, ਪਰ ਮੋਕਸ਼ ਪ੍ਰਾਪਤ ਕਰਨ ਵਾਲਿਆਂ ਲਈ ਆਤਮਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ। ਅਕ੍ਰਮ ਮਾਰਗ ਦੇ ਦੁਆਰਾ ਆਤਮਗਿਆਨ ਦੀ ਪ੍ਰਾਪਤੀ ਦਾ ਰਾਹ ਅੱਜ ਵੀ ਖੁੱਲਾ ਹੈ। ਜਿਵੇਂ ਜਗਦਾ ਹੋਇਆ ਦੀਵਾ ਹੀ ਦੂਜੇ ਦੀਵੇ ਨੂੰ ਜਗਾ ਸਕਦਾ ਹੈ, ਉਸੇ ਤਰ੍ਹਾਂ ਪ੍ਰਤੱਖ ਆਤਮਗਿਆਨੀ ਤੋਂ ਆਤਮਗਿਆਨ ਪ੍ਰਾਪਤ ਕਰਕੇ ਹੀ ਖੁਦ ਦਾ ਆਤਮਾ ਜਗਾ ਸਕਦਾ ਹੈ।

# ਸੰਪਾਦਕੀ

ਹਿਰਦੇ ਤੋਂ ਮੋਕਸ਼ ਮਾਰਗ ਤੇ ਜਾਣ ਵਾਲਿਆਂ ਨੂੰ, ਪਲ-ਪਲ ਸਤਾਉਂਦੇ ਕਸ਼ਾਇਆਂ (ਦੁੱਖਾਂ-ਕਲੇਸ਼ਾਂ) ਨੂੰ ਖਤਮ ਕਰਨ ਦੇ ਲਈ, ਮਾਰਗ ਤੇ ਅੱਗੇ ਵਧਣ ਦੇ ਲਈ, ਕੋਈ ਅਚੂਕ ਸਾਧਨ ਤਾਂ ਚਾਹੀਦਾ ਹੈ ਜਾਂ ਨਹੀਂ ਚਾਹੀਦਾ? ਸਥੂਲਤਮ ਤੋਂ ਸੂਖਮਤਮ ਟਕਰਾਓ ਕਿਵੇਂ ਟਾਲੀਏ? ਸਾਨੂੰ ਜਾਂ ਸਾਡੇ ਤੋਂ ਹੋਰਾਂ ਨੂੰ ਦੁੱਖ ਹੋਵੇ ਤਾਂ ਉਸਦਾ ਹੱਲ ਕੀ ਹੈ? ਕਸ਼ਾਇਆਂ ਦੀ ਬੰਮਬਾਰੀ ਨੂੰ ਰੋਕਣ ਦੇ ਲਈ ਜਾਂ ਉਹ ਫੇਰ ਤੋਂ ਨਾ ਹੋਣ, ਉਸਦੇ ਉਪਾਅ ਕੀ ਹਨ? ਇੰਨਾ ਧਰਮ ਕੀਤਾ, ਜਪ, ਤਪ, ਵਰਤ, ਧਿਆਨ, ਯੋਗ ਆਦਿ ਕੀਤੇ, ਫਿਰ ਵੀ ਮਨ-ਵਚਨ-ਕਾਇਆ ਤੋਂ ਹੋਣ ਵਾਲੇ ਦੋਸ਼ ਕਿਉਂ ਨਹੀਂ ਰੁਕਦੇ? ਅੰਦਰਸ਼ਾਂਤੀ ਕਿਉਂ ਨਹੀਂ ਹੁੰਦੀ? ਕਦੇ ਨਿਜ ਦੋਸ਼ ਦਿਖਾਈ ਦੇਣ, ਉਸ ਤੋਂ ਬਾਅਦ ਉਸਦੇ ਲਈ ਕੀ ਕਰੀਏ? ਉਹਨਾਂ ਨੂੰ ਕਿਸ ਤਰ੍ਹਾਂ ਹਟਾਈਏ? ਮੋਕਸ਼ ਮਾਰਗ ਤੇ ਅੱਗੇ ਵਧਣ ਅਤੇ ਸੰਸਾਰ ਮਾਰਗ ਵਿੱਚ ਵੀ ਸੁੱਖ-ਸ਼ਾਂਤੀ, ਮੰਦ ਕਸ਼ਾਏ ਅਤੇ ਪ੍ਰੇਮਭਾਵ ਨਾਲ ਜੀਣ ਦੇ ਲਈ ਕੋਈ ਠੋਸ ਸਾਧਨ ਤਾਂ ਹੋਣਾਂ ਚਾਹੀਦਾਂ ਹੈ ਨਾ? ਵੀਤਰਾਗਾਂ ਨੇ ਧਰਮਸਾਰ ਵਿੱਚ ਜਗਤ ਨੂੰ ਕੀ ਸਿਖਾਇਆ ਹੈ? ਅਸਲ ਵਿੱਚ ਧਰਮਧਿਆਨ ਕਿਹੜਾ ਹੈ? ਪਾਪ ਤੋਂ ਵਾਪਸ ਮੁੜਨਾ ਹੋਵੇ ਤਾਂ ਕੀ ਉਸਦਾ ਕੋਈ ਅਚੂਕ ਮਾਰਗ ਹੈ? ਜੇ ਹੈ ਤਾਂ ਨਜ਼ਰ ਕਿਉਂ ਨਹੀਂ ਆਉਂਦਾ?

ਧਰਮਸ਼ਾਸ਼ਤਰਾਂ ਵਿੱਚੋਂ ਬਹੁਤ ਕੁੱਝ ਪੜ੍ਹਿਆ ਜਾਂਦਾ ਹੈ, ਫਿਰ ਵੀ ਉਹ ਜੀਵਨ ਵਿੱਚ ਆਚਰਣ ਵਿੱਚ ਕਿਉਂ ਨਹੀਂ ਆਉਂਦਾ? ਸਾਧੂ, ਸੰਤ, ਆਚਾਰਿਆ, ਕਥਾਕਾਰ ਇੰਨੇ ਉਪਦੇਸ਼ ਦਿੰਦੇ ਹਨ ਫਿਰ ਵੀ ਕੀ ਕਮੀ ਰਹਿ ਜਾਂਦੀ ਹੈ, ਉਸਨੂੰ ਧਾਰਣ ਕਰਨ ਵਿੱਚ? ਹਰ ਧਰਮ ਵਿੱਚ, ਹਰ ਸਾਧੂ-ਸੰਤਾਂ ਦੀਆਂ ਜਮਾਤਾਂ ਵਿੱਚ ਕਿੰਨੀਆਂ ਹੀ ਕਿਰਿਆਵਾਂ ਹੁੰਦੀਆਂ ਹਨ? ਕਿੰਨੇ ਵਰਤ, ਜਪ, ਤਪ, ਨਿਯਮ ਹੋ ਰਹੇ ਹਨ, ਫਿਰ ਵੀ ਕਿਉਂ ਫਲ ਨਹੀਂ ਦਿੰਦੇ? ਕਸ਼ਾਏ ਕਿਉਂ ਘੱਟ ਨਹੀਂ ਹੁੰਦੇ? ਦੋਸ਼ਾਂ ਦਾ ਨਿਵਾਰਣ ਕਿਉਂ ਨਹੀਂ ਹੁੰਦਾ? ਕੀ ਇਸਦੀ ਜਿੰਮੇਵਾਰੀ ਗੱਦੀ ਤੇ ਬੈਠੇ ਉਪਦੇਸ਼ਕਾਂ ਦੀ ਨਹੀਂ ਹੈ? ਇਸ ਤਰ੍ਹਾਂ ਦਾ ਜੋ ਲਿਖਿਆ ਗਿਆ, ਉਹ ਦਵੇਸ਼ ਜਾਂ ਵੈਰਭਾਵ ਨਾਲ ਨਹੀਂ ਸਗੋਂ ਕਰੂਣਾਂ ਭਾਵ ਨਾਲ ਹੈ, ਫਿਰ ਵੀ ਉਸ ਨੂੰ ਧੋਣ ਦੇ ਲਈ ਕੋਈ ਉਪਾਅ ਹੈ ਜਾਂ ਨਹੀਂ? ਅਗਿਆਨ ਦਸ਼ਾਂ ਵਿੱਚੋਂ ਗਿਆਨ ਦਸ਼ਾ ਅਤੇ ਅੰਤ ਵਿੱਚ ਕੇਵਲਗਿਆਨ ਸਵਰੂਪ ਦਸ਼ਾ ਤੱਕ ਪਹੁੰਚਣ ਦੇ ਲਈ ਗਿਆਨੀਆਂ ਨੇ, ਤੀਰਥੰਕਰਾਂ ਨੇ ਕੀ ਨਿਰਦੇਸ਼ ਦਿੱਤਾ ਹੋਵੇਗਾ? ਰਿਣਾਨੁਬੰਦ (ਹਿਸਾਬ ਵਾਲੇ) ਵਿਅਕਤੀਆਂ ਦੇ ਨਾਲ ਰਾਗ ਜਾਂ ਦਵੇਸ਼ ਦੇ ਬੰਧਨਾਂ ਤੋਂ ਮੁਕਤ ਹੋ ਕੇ ਵੀਤਰਾਗਤਾ ਕਿਵੇਂ ਪ੍ਰਾਪਤ ਹੋਵੇ?

'ਮੋਕਸ਼ ਦਾ ਮਾਰਗ ਹੈ ਵੀਰ ਦਾ, ਨਹੀਂ ਹੈ ਕਾਇਰ ਦਾ ਕੰਮ' ਪਰ ਵੀਰਤਾ ਕਿੱਥੇ ਦਿਖਾਈਏ ਕਿ ਛੇਤੀ ਮੋਕਸ਼ ਤੱਕ ਪਹੁੰਚੀਏ? ਕਾਇਰਤਾ ਕਿਸ ਨੂੰ ਕਹਾਂਗੇ? ਪਾਪੀ ਪੁੰਨਵਾਨ ਹੋ ਸਕਦੇ ਹਨ? ਉਹ ਕਿਵੇਂ?

ਪੂਰੀ ਜਿੰਦਗੀ ਜਲ਼ ਗਈ ਇਸ ਆਰ.ਡੀ.ਐਕਸ ਦੀ ਅੱਗ ਵਿੱਚ, ਉਸਨੂੰ ਕਿਵੇਂ ਬੁਝਾਈਏ? ਰਾਤ-ਦਿਨ ਪਤਨੀ ਦਾ ਪ੍ਰਭਾਵ, ਪੁੱਤਰ-ਪੁੱਤਰੀਆਂ ਦਾ ਤਾਪ ਅਤੇ ਪੈਸੇ ਕਮਾਉਣ ਦੀ ਹੋੜ-ਇਹਨਾਂ ਸਾਰੇ ਤਾਪਾਂ ਤੋਂ ਕਿਵੇਂ ਸ਼ਾਂਤੀ ਪ੍ਰਾਪਤ ਕਰਕੇ ਨਈਆ ਪਾਰ ਉਤਾਰੀਏ?

ਗੁਰੂ-ਸ਼ਿਸ਼ ਦੇ ਵਿੱਚ, ਗੁਰੂਮਾਤਾਵਾਂ ਅਤੇ ਸ਼ਿਸ਼ਿਆਵਾਂ ਦੇ ਵਿੱਚ, ਨਿਰੰਤਰ ਕਸ਼ਾਇਆਂ ਦੇ ਫੇਰੇ ਵਿੱਚ ਪਏ ਹੋਏ ਉਪਦੇਸ਼ਕ ਕਿਵੇਂ ਮੁੜ ਸਕਦੇ ਹਨ? ਅਣਹੱਕ ਦੀ ਲੱਛਮੀ ਅਤੇ ਅਣਹੱਕ ਦੀਆਂ ਇਸਤਰੀਆਂ ਦੇ ਪਿੱਛੇ ਮਨ-ਵਚਨ-ਵਰਤਨ ਜਾਂ ਦ੍ਰਿਸ਼ਟੀ ਤੋਂ ਦੋਸ਼ ਹੋ ਜਾਵੇ ਤਾਂ ਉਸਦਾ ਜਾਨਵਰ ਜਾਂ ਨਰਕ ਗਤੀ ਤੋਂ ਇਲਾਵਾ ਕਿੱਥੇ ਸਥਾਨ ਹੋ ਸਕਦਾ ਹੈ? ਉਹਨਾਂ ਤੋਂ ਕਿਵੇਂ ਮੁਕਤ ਹੋਈਏ? ਉਸ ਵਿੱਚ ਸੁਚੇਤ ਰਹਿਣਾ ਹੋਵੇ ਤਾਂ ਕਿਵੇਂ ਰਹਿ ਸਕਦੇ ਹਾਂ ਅਤੇ ਕਿਵੇਂ ਮੁਕਤ ਹੋ ਸਕਦੇ ਹਾਂ? ਇਹੋ ਜਿਹੇ ਉਲਝਣ ਭਰੇ ਸਨਾਤਨ ਪ੍ਰਸ਼ਨਾਂ ਦਾ ਹੱਲ ਕੀ ਹੋ ਸਕਦਾ ਹੈ?

ਹਰ ਮਨੁੱਖ ਆਪਣੇ ਜੀਵਨਕਾਲ ਦੇ ਦੌਰਾਨ ਕਦੇ-ਕਦੇ ਸੰਯੋਗਾਂ ਦੇ ਦਬਾਅ ਵਿੱਚ ਇਹੋ ਜਿਹੀ ਪਰਸਥਿਤੀ ਵਿੱਚ ਫਸ ਜਾਂਦਾ ਹੈ ਕਿ ਭੁੱਲ (ਗਲਤੀ) ਨਾ ਕਰਨੀ ਹੋਵੇ, ਫਿਰ ਵੀ ਸੰਸਾਰ ਵਿਹਾਰ ਵਿੱਚ ਭੁੱਲਾਂ (ਗਲਤੀਆਂ) ਤੋਂ ਮੁਕਤ ਨਹੀਂ ਹੋ ਸਕਦਾ, ਇਹੋ ਜਿਹੀ ਪਰਸਥਿਤੀ ਵਿੱਚ ਦਿਲ ਦੇ ਸੱਚੇ ਪੁਰਸ਼ ਲਗਾਤਾਰ ਉਲਝਣ ਵਿੱਚ ਰਹਿੰਦੇ ਹਨ ਕਿ ਭੁੱਲਾਂ (ਗਲਤੀਆਂ) ਤੋਂ ਛੁਟਕਾਰਾ ਪਾਉਣ ਦਾ ਅਤੇ ਜੀਵਨ ਜਿਉਣ ਦਾ ਸੱਚਾ ਮਾਰਗ ਮਿਲ ਜਾਵੇ, ਤਾਂਕਿ ਉਹ ਆਪਣੇ ਆਂਤਰਿਕ ਸੁੱਖ-ਚੈਨ ਵਿੱਚ ਰਹਿ ਕੇ ਪ੍ਰਗਤੀ ਕਰ ਸਕਣ। ਉਸਦੇ ਲਈ ਕਦੇ ਵੀ ਪ੍ਰਾਪਤ ਨਾ ਹੋਇਆ ਹੋਵੇ ਇਹੋ ਜਿਹਾ ਅਧਿਆਤਮ ਵਿਗਿਆਨ ਦਾ ਇੱਕਮਾਤਰ ਅਚੂਕ ਆਲੋਚਨਾ-ਪ੍ਰਤੀਕ੍ਰਮਣ-ਪ੍ਰਤਿਆਖਿਆਨ ਰੂਪੀ ਹਥਿਆਰ ਤੀਰਥੰਕਰਾਂ ਨੇ, ਗਿਆਨੀਆਂ ਨੇ ਜਗਤ ਨੂੰ ਅਰਪਣ ਕੀਤਾ ਹੈ। ਇਸ ਹਥਿਆਰ ਨਾਲ ਵਿਕਸਿਤ ਦੋਸ਼ਰੂਪੀ ਵਿਸ਼ਾਲ ਦਰਖਤ ਨੂੰ ਮੁੱਖ ਜੜ੍ਹ ਸਮੇਤ ਨਿਰਮੂਲ ਕਰਕੇ ਅਨੰਤ ਜੀਵ ਮੋਕਸ਼ਲਕਸ਼ਮੀ ਨੂੰ ਪ੍ਰਾਪਤ ਕਰ ਸਕੇ ਹਨ। ਇਸ ਤਰ੍ਹਾਂ ਮੁਕਤੀ ਦੇਣ ਵਾਲੇ ਇਸ ਪ੍ਰਤੀਕ੍ਰਮਣ ਰੂਪੀ ਵਿਗਿਆਨ ਦਾ ਯਥਾਰਤਰੂਪ ਵਿੱਚ ਜਿਵੇਂ ਦਾ ਤਿਵੇਂ ਪ੍ਰਗਟ ਗਿਆਨੀਪੁਰਖ ਸ਼੍ਰੀ ਦਾਦਾ ਭਗਵਾਨ ਨੇ ਕੇਵਲਗਿਆਨ ਸਵਰੂਪ ਵਿੱਚ ਦੇਖ ਕੇ ਕਹੀ ਗਈ ਬਾਣੀ ਦੁਆਰਾ ਕੀਤਾ ਹੈ, ਜੋ ਪ੍ਰਸਤੁਤ ਗ੍ਰੰਥ ਵਿੱਚ ਸੰਕਲਿਤ ਹੋਈ ਹੈ, ਇਹ

ਸਾਰੀਆਂ ਗੱਲਾਂ ਜ਼ਿਗਿਆਸੂ ਪਾਠਕ ਦੇ ਅਤਿਆਂਤਿਕ ਕਲਿਆਣ ਦੇ ਲਈ ਉਪਯੋਗੀ ਸਿੱਧ ਹੋਣਗੀਆਂ।

ਗਿਆਨੀਪੁਰਖ ਦੀ ਬਾਣੀ ਦ੍ਰਵ-ਖੇਤਰ-ਕਾਲ-ਭਾਵ ਅਤੇ ਭਿੰਨ-ਭਿੰਨ ਨਿਮਿਤਾਂ ਦੇ ਅਧੀਨ ਨਿਕਲੀ ਹੋਈ ਹੈ, ਉਸ ਬਾਣੀ ਦੇ ਸੰਕਲਨ ਵਿੱਚ ਹੋਈਆਂ ਗਲਤੀਆਂ/ਖਾਮੀਆਂ ਨੂੰ ਮਾਫੀਯੋਗ ਸਮਝ ਕੇ ਗਿਆਨੀਪੁਰਖ ਦੀ ਬਾਣੀ ਦਾ ਅੰਤਰ ਆਸ਼ਿਆ ਪ੍ਰਾਪਤ ਕਰਨਾ ਇਹੀ ਪ੍ਰਾਰਥਨਾ!

ਗਿਆਨੀਪੁਰਖ ਦੀ ਜੋ ਬਾਣੀ ਨਿਕਲੀ ਹੈ, ਉਹ ਨੈਮਿਤਿਕ ਰੂਪ ਵਿੱਚ ਜੋ ਮੁਮੁਕਸ਼ੂ-ਮਹਾਤਮਾ ਸਾਹਮਣੇ ਆਏ, ਉਹਨਾਂ ਦੇ ਸਮਾਧਾਨ ਦੇ ਲਈ ਨਿਕਲੀ ਹੁੰਦੀ ਹੈ ਅਤੇ ਉਹ ਬਾਣੀ ਜਦੋਂ ਗ੍ਰੰਥਰੂਪ ਵਿੱਚ ਸੰਕਲਿਤ ਹੁੰਦੀ ਹੈ ਤਾਂ ਕਦੇ ਕੁੱਝ ਵਿਰੋਧਾਭਾਸ ਲੱਗ ਸਕਦਾ ਹੈ। ਜਿਵੇਂ ਕਿ ਇੱਕ ਪ੍ਰਸ਼ਨ ਕਰਤਾ ਦੀ ਆਂਤਰਿਕ ਦਸ਼ਾ ਦੇ ਸਮਾਧਾਨ ਦੇ ਲਈ ਗਿਆਨੀਪੁਰਖ ਦੁਆਰਾ 'ਪ੍ਰਤੀਕ੍ਰਮਣ ਜਾਗ੍ਰਿਤੀ ਹੈ ਅਤੇ ਅਤੀਕ੍ਰਮਣ ਡਿਸਚਾਰਜ ਹੈ' ਇਹੋ ਜਿਹਾ ਉੱਤਰ ਪ੍ਰਾਪਤ ਹੋਵੇ ਅਤੇ ਦੂਜੇ ਸੂਖਮ ਜਾਗ੍ਰਿਤੀ ਤੱਕ ਪਹੁੰਚੇ ਹੋਏ ਮਹਾਤਮਾਂ ਨੂੰ ਸੂਖਮਤਾ ਨਾਲ ਸਮਝਾਉਣ ਦੇ ਲਈ ਗਿਆਨੀਪੁਰਖ ਇਹ ਖੁਲਾਸਾ ਕਰਦੇ ਹਨ ਕਿ 'ਅਤੀਕ੍ਰਮਣ ਡਿਸਚਾਰਜ ਹੈ ਅਤੇ ਪ੍ਰਤੀਕ੍ਰਮਣ ਵੀ ਡਿਸਚਾਰਜ ਹੈ, ਡਿਸਚਾਰਜ ਨੂੰ ਡਿਸਚਾਰਜ ਨਾਲ ਡਿਵਾਇਡ ਕਰਨਾ (ਭਾਗ ਕਰਨਾ) ਹੈ।' ਤਾਂ ਦੋਵੇਂ ਖੁਲਾਸੇ ਨੈਮਿਤਿਕ ਤੌਰ ਤੇ ਠੀਕ ਹੀ ਹਨ। ਪਰ ਸਾਪੇਕਸ਼ ਤੌਰ ਤੇ ਵਿਰੋਧਾਭਾਸੀ ਲੱਗਦੇ ਹਨ। ਇਸ ਤਰ੍ਹਾਂ ਪ੍ਰਸ਼ਨ ਕਰਤਾ ਦੀ ਦਸ਼ਾ ਵਿੱਚ ਫਰਕ ਹੋਣ ਕਾਰਣ ਪ੍ਰਤੀਉੱਤਰ ਵਿੱਚ ਵਿਰੋਧਾਭਾਸ ਨਜ਼ਰ ਆਉਂਦਾ ਹੈ, ਫਿਰ ਵੀ ਸਿਧਾਂਤਿਕ ਤੌਰ ਤੇ ਉਸ ਵਿੱਚ ਵਿਰੋਧਾਭਾਸ ਹੈ ਹੀ ਨਹੀਂ। ਪਾਠਕਾਂ ਨੂੰ ਗਿਆਨ ਬਾਣੀ ਦੀ ਸੂਖਮਤਾ ਆਤਮਸਾਤ ਕਰਕੇ ਗੱਲ ਸਮਝ ਵਿੱਚ ਆਵੇ ਇਸ ਲਈ ਸਹਿਜ ਰੂਪ ਵਿੱਚ ਇਹ ਸੂਚਿਤ ਕੀਤਾ ਗਿਆ ਹੈ।

**ਜੈ ਸੱਚਿਦਾਨੰਦ**

**ਡਾ. ਨੀਰੂਭੈਣ ਅਮੀਨ**

# ਪ੍ਰਤੀਕ੍ਰਮਣ

## 1. ਪ੍ਰਤੀਕ੍ਰਮਣ ਦਾ ਅਸਲ ਸਵਰੂਪ

**ਪ੍ਰਸ਼ਨ ਕਰਤਾ :** ਮਨੁੱਖ ਨੂੰ ਇਸ ਜੀਵਨ ਵਿੱਚ ਮੁੱਖ ਰੂਪ ਵਿੱਚ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਮਨ ਵਿੱਚ ਜਿਵੇਂ ਹੋਵੇ, ਉਸੇ ਤਰ੍ਹਾਂ ਦਾ ਹੀ ਬਾਣੀ ਵਿੱਚ ਬੋਲਣਾ ਚਾਹੀਦਾ ਹੈ ਅਤੇ ਉਸੇ ਤਰ੍ਹਾਂ ਦਾ ਵਿਹਾਰ ਵਿੱਚ ਕਰਨਾ ਚਾਹੀਦਾ ਹੈ। ਜੇ ਅਸੀਂ ਬਾਣੀ ਵਿੱਚ ਕੁੱਝ ਬੋਲਣਾਂ ਹੈ ਤੇ ਮਨ ਵਿਗੜ ਜਾਵੇ ਤਾਂ ਉਸਦੇ ਲਈ ਪ੍ਰਤੀਕ੍ਰਮਣ ਕਰਨਾ ਹੈ ਅਤੇ ਪ੍ਰਤੀਕ੍ਰਮਣ ਕਿਸਦਾ ਕਰਨਾ ਹੈ? ਕਿਸਦੀ ਸਾਕਸ਼ੀ ਵਿੱਚ ਕਰੋਗੇ? ਤਾਂ ਕਹੀਏ, 'ਦਾਦਾ ਭਗਵਾਨ' ਦੀ ਸਾਕਸ਼ੀ ਵਿੱਚ ਪ੍ਰਤੀਕ੍ਰਮਣ ਕਰੋ। ਇਹ ਜੋ ਦਿਖਾਈ ਦਿੰਦੇ ਹਨ, ਉਹ 'ਦਾਦਾ ਭਗਵਾਨ' ਨਹੀਂ ਹਨ। ਇਹ ਤਾਂ ਭਾਦਰਣ ਦੇ ਪਟੇਲ ਹਨ, ਏ.ਐੱਮ.ਪਟੇਲ ਹਨ, 'ਦਾਦਾ ਭਗਵਾਨ' ਅੰਦਰ ਚੌਦਾਂ ਲੋਕਾਂ ਦੇ ਨਾਥ ਪ੍ਰਗਟ ਹੋਏ ਹਨ, ਇਸਲਈ ਉਹਨਾਂ ਦੇ ਨਾਮ ਨਾਲ ਪ੍ਰਤੀਕ੍ਰਮਣ ਕਰੋ ਕਿ, 'ਹੇ ਦਾਦਾ ਭਗਵਾਨ! ਮੇਰਾ ਮਨ ਵਿਗੜ ਗਿਆ, ਉਸਦੇ ਲਈ ਮਾਫ਼ੀ ਮੰਗਦਾ ਹਾਂ। ਮੈਨੂੰ ਮਾਫ਼ ਕਰੋ।' ਮੈ ਵੀ ਉਹਨਾਂ ਦਾ ਨਾਮ ਲੈ ਕੇ ਪ੍ਰਤੀਕ੍ਰਮਣ ਕਰਦਾ ਹਾਂ।

ਚੰਗੇ ਕਰਮ ਕਰੋ ਤਾਂ ਧਰਮ ਕਹਾਉਂਦਾ ਹੈ ਅਤੇ ਖਰਾਬ ਕਰਮ ਕਰੋ ਤਾਂ ਅਧਰਮ ਕਹਾਉਂਦਾ ਹੈ ਅਤੇ ਧਰਮ-ਅਧਰਮ ਤੋਂ ਪਾਰ ਨਿਕਲ ਜਾਣਾ, ਉਹ ਆਤਮਧਰਮ ਕਹਾਉਂਦਾ ਹੈ। ਚੰਗੇ ਕਰਮ ਕਰੋ ਤਾਂ ਕ੍ਰੈਡਿਟ ਉਤਪੰਨ ਹੁੰਦਾ ਹੈ ਅਤੇ ਉਸ ਕ੍ਰੈਡਿਟ ਨੂੰ ਭੋਗਣ ਦੇ ਲਈ ਜਾਣਾ ਪੈਂਦਾ ਹੈ। ਖਰਾਬ ਕਰਮ ਕਰੋ ਤਾਂ ਡੈਬਿਟ ਉਤਪੰਨ ਹੁੰਦਾ ਹੈ ਅਤੇ ਉਸ ਡੈਬਿਟ ਨੂੰ ਭੁਗਤਣ ਦੇ ਲਈ ਜਾਣਾ ਪੈਂਦਾ ਹੈ ਅਤੇ ਜਿੱਥੇ ਖਾਤੇ ਵਿੱਚ ਕ੍ਰੈਡਿਟ-ਡੈਬਿਟ ਨਹੀਂ ਹੈ, ਉੱਥੇ ਆਤਮਾਂ ਪ੍ਰਾਪਤ ਹੁੰਦਾ ਹੈ।

**ਪ੍ਰਸ਼ਨ ਕਰਤਾ :** ਇਸ ਸੰਸਾਰ ਵਿੱਚ ਆਏ ਹਾਂ, ਇਸਲਈ ਕਰਮ ਤਾਂ ਕਰਨੇ ਹੀ ਪੈਣਗੇ ਨਾ? ਜਾਣੇ-ਅਣਜਾਣੇ ਵਿੱਚ ਗਲਤ ਕਰਮ ਹੋ ਜਾਣ ਤਾਂ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਹੋ ਜਾਣ ਤਾਂ ਉਸਦਾ ਉਪਾਅ ਹੁੰਦਾ ਹੈ ਨਾ! ਜਦੋਂ ਕਦੇ ਵੀ ਗਲਤ ਕਰਮ ਹੋ ਜਾਵੇ ਤਾਂ ਫੌਰਨ ਉਸ ਤੋਂ ਬਾਅਦ ਪਛਤਾਵਾ ਹੁੰਦਾ ਹੈ, ਅਤੇ ਸੱਚੇ ਦਿਲ ਨਾਲ, ਸਿਨਸਿਆਰਿਟੀ ਨਾਲ ਪਛਤਾਵਾ ਕਰਨਾ ਚਾਹੀਦਾ ਹੈ। ਪਛਤਾਵਾ ਕਰਨ ਦੇ ਬਾਵਜੂਦ ਜੇ ਫਿਰ ਤੋਂ ਉਸੇ ਤਰ੍ਹਾਂ ਹੋ ਜਾਵੇ ਤਾਂ ਉਸਦੀ ਚਿੰਤਾ ਨਹੀਂ ਕਰਨੀ ਚਾਹੀਦੀ। ਫਿਰ ਤੋਂ ਪਛਤਾਵਾ ਕਰਨਾ ਚਾਹੀਦਾ ਹੈ। ਉਸ ਦੇ ਪਿੱਛੇ ਕੀ ਵਿਗਿਆਨ ਹੈ, ਇਹ ਤੁਹਾਨੂੰ ਸਮਝ ਵਿੱਚ ਨਹੀਂ ਆਇਆ ਇਸ ਲਈ ਤੁਹਾਨੂੰ ਇਸ ਤਰ੍ਹਾਂ ਲਗੇਗਾ ਕਿ ਇਹ ਪਛਤਾਵਾ ਕਰਨ ਨਾਲ ਬੰਦ ਨਹੀਂ ਹੋ ਰਿਹਾ ਹੈ। ਕਿਉਂ ਬੰਦ ਨਹੀਂ ਹੋ ਰਿਹਾ ਹੈ, ਇਹ ਵਿਗਿਆਨ ਹੈ। ਇਸ ਲਈ ਤੁਹਾਨੂੰ ਪਛਤਾਵਾ ਹੀ ਕਰਦੇ ਰਹਿਣਾ ਹੈ। ਜੋ ਸੱਚੇ ਦਿਲ ਨਾਲ ਪਛਤਾਵਾ ਕਰਦਾ ਹੈ, ਉਸਦੇ ਸਾਰੇ ਹੀ ਕਰਮ ਧੋਤੇ ਜਾਂਦੇ ਹਨ। ਕਿਸੇ ਨੂੰ ਬੁਰਾ ਲੱਗਿਆ ਤਾਂ ਤੁਹਾਨੂੰ ਪਛਤਾਵਾ ਕਰਨਾ ਹੀ ਚਾਹੀਦਾ ਹੈ।

**ਪ੍ਰਸ਼ਨ ਕਰਤਾ :** ਸ਼ਰੀਰ ਦੇ ਧਰਮ ਨਿਭਾਉਂਦੇ ਹਾਂ ਤਾਂ ਕੀ ਉਸਦੇ ਪਛਚਾਤਾਪ ਕਰਨੇ ਪੈਣਗੇ ?

**ਦਾਦਾ ਸ਼੍ਰੀ :** ਬਿਲਕੁਲ! ਜਦੋਂ ਤੱਕ 'ਮੈਂ ਆਤਮਾ ਹਾਂ' ਇਹ ਅਨੁਭਵ ਨਹੀਂ ਹੋ ਜਾਂਦਾ, ਉਦੋਂ ਤੱਕ ਜੇ ਪਛਤਾਵਾ ਨਹੀਂ ਹੋਵੇਗਾ ਤਾਂ ਕਰਮ ਜਿਆਦਾ ਚਿਪਕਣਗੇ। ਪਛਤਾਵਾ ਕਰਨ ਨਾਲ ਕਰਮ ਦੀਆਂ ਗੱਠਾਂ ਹਲਕੀਆਂ ਹੋ ਜਾਂਦੀਆਂ ਹਨ। ਨਹੀਂ ਤਾਂ ਉਸ ਪਾਪ ਦਾ ਫ਼ਲ ਬਹੁਤ ਖਰਾਬ ਆਉਂਦਾ ਹੈ। ਮਨੁੱਖਤਾ ਵੀ ਚਲੀ ਜਾਂਦੀ ਹੈ, ਅਤੇ ਜੇ ਮਨੁੱਖ ਜਨਮ ਮਿਲੇ ਤਾਂ ਉਸ ਨੂੰ ਹਰ ਤਰ੍ਹਾਂ ਦੀਆਂ ਅੜਚਣਾਂ ਆਉਂਦੀਆਂ ਹਨ। ਖਾਣ ਦੀਆਂ, ਪੀਣ ਦੀਆਂ, ਮਾਨ-ਤਾਨ ਤਾਂ ਕਦੇ ਦਿਖਾਈ ਹੀ ਨਹੀਂ ਦਿੰਦਾ, ਹਰ ਪਾਸੇ ਅਪਮਾਨ। ਇਸ ਲਈ ਇਹ ਪਛਤਾਵਾ ਜਾਂ ਦੂਸਰੀਆਂ ਸਾਰੀਆਂ ਹੀ ਕਿਰਿਆਵਾਂ ਕਰਨੀਆਂ

ਪੈਂਦੀਆਂ ਹਨ। ਇਸਨੂੰ ਪਰੋਕਸ਼ ਭਗਤੀ ਕਹਿੰਦੇ ਹਨ। ਜਦੋਂ ਤੱਕ ਆਤਮਗਿਆਨ ਨਾ ਹੋਵੇ, ਉਦੋਂ ਤੱਕ ਪਰੋਕਸ਼ ਭਗਤੀ ਕਰਨ ਦੀ ਜਰੂਰਤ ਹੈ।

ਹੁਣ ਪਛਤਾਵਾ ਕਿਸਦੇ ਸਾਹਮਣੇ ਕਰਨਾ ਚਾਹੀਦਾ ਹੈ? ਕਿਸਦੀ ਸਾਕਸ਼ੀ ਵਿੱਚ ਕਰਨਾ ਚਾਹੀਦਾ ਹੈ ਕਿ ਜਿਸ ਨੂੰ ਤੁਸੀਂ ਮੰਨਦੇ ਹੋ। ਕ੍ਰਿਸ਼ਨ ਭਗਵਾਨ ਨੂੰ ਮੰਨਦੇ ਹੋ ਜਾਂ ਦਾਦਾ ਭਗਵਾਨ ਨੂੰ ਮੰਨਦੇ ਹੋ, ਜਿਸ ਨੂੰ ਵੀ ਮੰਨਦੇ ਹੋ, ਉਹਨਾਂ ਦੀ ਸਾਕਸ਼ੀ ਵਿੱਚ ਕਰਨਾ ਚਾਹੀਦਾ ਹੈ। ਨਹੀਂ ਤਾਂ ਉਪਾਅ (ਹੱਲ) ਨਾ ਹੋਵੇ, ਇਸ ਤਰ੍ਹਾਂ ਤਾਂ ਇਸ ਦੁਨੀਆਂ ਵਿੱਚ ਹੈ ਹੀ ਨਹੀਂ। ਪਹਿਲਾਂ ਉਪਾਅ ਜਨਮ ਲੈਂਦਾ ਹੈ, ਉਸ ਤੋਂ ਬਾਅਦ ਰੋਗ ਉਤਪੰਨ ਹੁੰਦਾ ਹੈ।

ਇਹ ਜਗਤ ਖੜ੍ਹਾ ਕਿਸ ਤਰ੍ਹਾਂ ਹੋਇਆ ਹੈ? ਅਤੀਕ੍ਰਮਣ ਨਾਲ। ਕ੍ਰਮਣ ਨਾਲ ਕੋਈ ਪਰੇਸ਼ਾਨੀ ਨਹੀਂ ਹੈ। ਤੁਸੀਂ ਹੋਟਲ ਵਿੱਚ ਕੋਈ ਚੀਜ ਮੰਗਵਾ ਕੇ ਖਾਧੀ ਅਤੇ ਦੋ ਪਲੇਟਾਂ ਤੁਹਾਡੇ ਹੱਥੋਂ ਟੁੱਟ ਗਈਆਂ, ਫਿਰ ਉਸਦੇ ਪੈਸੇ ਦੇ ਕੇ ਬਾਹਰ ਨਿਕਲੇ, ਤਾਂ ਤੁਸੀਂ ਅਤੀਕ੍ਰਮਣ ਨਹੀਂ ਕੀਤਾ। ਤਾਂ ਫਿਰ ਉਸਦਾ ਪ੍ਰਤੀਕ੍ਰਮਣ ਨਹੀਂ ਕਰਨਾ ਪਵੇਗਾ। ਪਰ ਪਲੇਟਾਂ ਟੁੱਟਣ ਅਤੇ ਤੁਸੀਂ ਕਹੋ ਕਿ, ਤੇਰੇ ਆਦਮੀ ਨੇ ਤੋੜੀਆਂ ਹਨ, ਤਾਂ ਫਿਰ ਗੱਲ ਅੱਗੇ ਵੱਧੇਗੀ। ਅਤੀਕ੍ਰਮਣ ਕੀਤਾ ਉਸਦਾ ਪ੍ਰਤੀਕ੍ਰਮਣ ਕਰਨਾ ਪਵੇਗਾ। ਅਤੇ ਅਤੀਕ੍ਰਮਣ ਹੋਏ ਬਗੈਰ ਰਹਿੰਦਾ ਨਹੀ, ਇਸ ਲਈ ਪ੍ਰਤੀਕ੍ਰਮਣ ਕਰੋ। ਦੂਸਰਾ ਸਭ ਕ੍ਰਮਣ ਤਾਂ ਹੈ ਹੀ। ਸਹਿਜ ਰੂਪ ਵਿੱਚ ਗੱਲ ਹੋਈ, ਉਹ ਕ੍ਰਮਣ ਹੈ। ਉਸ ਵਿੱਚ ਹਰਜ ਨਹੀਂ ਹੈ, ਪਰ ਅਤੀਕ੍ਰਮਣ ਹੋਏ ਬਗੈਰ ਨਹੀਂ ਰਹਿੰਦਾ। ਇਸਲਈ ਉਸਦਾ ਪ੍ਰਤੀਕ੍ਰਮਣ ਕਰੋ।

**ਪ੍ਰਸ਼ਨ ਕਰਤਾ :** ਇਹ ਅਤੀਕ੍ਰਮਣ ਹੋਇਆ, ਇਹ ਖੁਦ ਨੂੰ ਕਿਵੇਂ ਪਤਾ ਚੱਲੇਗਾ?

**ਦਾਦਾ ਸ਼੍ਰੀ :** ਇਹ ਖੁਦ ਨੂੰ ਵੀ ਪਤਾ ਚੱਲਦਾ ਹੈ ਅਤੇ ਸਾਹਮਣੇ ਵਾਲੇ ਨੂੰ ਵੀ ਪਤਾ ਚੱਲਦਾ ਹੈ। ਤੁਹਾਨੂੰ ਵੀ ਪਤਾ ਚੱਲੇਗਾ ਕਿ ਉਸਦੇ ਚਿਹਰੇ ਤੇ ਅਸਰ ਹੋ ਗਿਆ ਹੈ ਅਤੇ ਤੁਹਾਡੇ ਤੇ ਵੀ ਅਸਰ ਹੋ ਜਾਂਦਾ ਹੈ। ਦੋਵਾਂ ਤੇ ਅਸਰ ਹੁੰਦਾ ਹੈ। ਇਸਲਈ ਉਸਦਾ ਪ੍ਰਤੀਕ੍ਰਮਣ ਕਰਨਾ ਹੀ ਹੈ।

ਅਤੀਕ੍ਰਮਣ ਤਾਂ, ਕ੍ਰੋਧ-ਮਾਨ-ਮਾਇਆ-ਲੋਭ, ਇਹ ਸਾਰੇ ਅਤੀਕ੍ਰਮਣ ਕਹਾਉਂਦੇ ਹਨ। ਇਹਨਾਂ ਦੇ ਪ੍ਰਤੀਕ੍ਰਮਣ ਕੀਤੇ ਕਿ ਕ੍ਰੋਧ-ਮਾਨ-ਮਾਇਆ-ਲੋਭ ਗਏ। ਅਤੀਕ੍ਰਮਣ ਹੋਇਆ ਤੇ ਪ੍ਰਤੀਕ੍ਰਮਣ ਕੀਤਾ, ਤਾਂ ਕ੍ਰੋਧ-ਮਾਨ-ਮਾਇਆ-ਲੋਭ ਗਏ।

ਇਹ ਸੰਸਾਰ ਅਤੀਕ੍ਰਮਣ ਨਾਲ ਖੜ੍ਹਾ ਹੋਇਆ ਹੈ ਅਤੇ ਪ੍ਰਤੀਕ੍ਰਮਣ ਨਾਲ ਨਾਸ਼ ਹੁੰਦਾ ਹੈ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਯਾਨੀ ਕੀ?

**ਦਾਦਾ ਸ਼੍ਰੀ :** ਪ੍ਰਤੀਕ੍ਰਮਣ ਯਾਨੀ ਸਾਹਮਣੇਵਾਲਾ ਜੋ ਤੁਹਾਡਾ ਅਪਮਾਨ ਕਰਦਾ ਹੈ, ਤਾਂ ਤੁਹਾਨੂੰ ਸਮਝ ਜਾਣਾ ਚਾਹੀਦਾ ਹੈ ਕਿ ਇਸ ਅਪਮਾਨ ਦਾ ਗੁਨਾਹਗਾਰ ਕੌਣ ਹੈ? ਉਹ ਕਰਨ ਵਾਲਾ ਗੁਨਾਹਗਾਰ ਹੈ ਜਾਂ ਭੁਗਤਣ ਵਾਲਾ ਗੁਨਾਹਗਾਰ ਹੈ, ਪਹਿਲਾਂ ਤੁਹਾਨੂੰ ਇਹ ਡਿਸੀਜ਼ਨ ਲੈਣਾ ਚਾਹੀਂਦਾ ਹੈ। ਤਾਂ ਉਹ, ਅਪਮਾਨ ਕਰਨ ਵਾਲਾ ਬਿਲਕੁਲ ਵੀ ਗੁਨਾਹਗਾਰ ਨਹੀਂ ਹੁੰਦਾ। ਇੱਕ ਸੈਂਟ (ਪ੍ਰਤੀਸ਼ਤ) ਵੀ ਗੁਨਾਹਗਾਰ ਨਹੀਂ ਹੁੰਦਾ। ਉਹ ਨਿਮਿਤ ਹੈ ਅਤੇ ਆਪਣੇ ਹੀ ਕਰਮ ਦੇ ਉਦੈ ਦੇ ਕਾਰਣ ਉਹ ਨਿਮਿਤ ਮਿਲਦਾ ਹੈ। ਮਤਲਬ ਇਹ ਆਪਣਾ ਹੀ ਗੁਨਾਹ ਹੈ। ਹੁਣ ਪ੍ਰਤੀਕ੍ਰਮਣ ਇਸ ਲਈ ਕਰਨਾ ਹੈ ਕਿ ਸਾਹਮਣੇ ਵਾਲੇ ਤੇ ਖਰਾਬ ਭਾਵ ਹੋਏ ਹੋਣ ਤਾਂ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ। ਉਸਦੇ ਲਈ ਜੇ ਮਨ ਵਿੱਚ ਇਸ ਤਰ੍ਹਾਂ ਦੇ ਵਿਚਾਰ ਆ ਗਏ ਹੋਣ ਕਿ ਨਾਲਾਇਕ ਹੈ, ਲੁੱਚਾ ਹੈ, ਤਾਂ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ। ਅਤੇ ਇਹੋ ਜਿਹਾ ਵਿਚਾਰ ਨਾ ਆਇਆ ਹੋਵੇ ਤੇ ਅਸੀਂ ਉਸਦਾ ਉਪਕਾਰ ਮੰਨਿਆ ਹੋਵੇ ਤਾਂ ਪ੍ਰਤੀਕ੍ਰਮਣ ਕਰਨ ਦੀ ਜ਼ਰੂਰਤ ਨਹੀਂ ਹੈ। ਬਾਕੀ ਕੋਈ ਵੀ ਗ੍ਹਾਲ਼ ਕੱਢੇ ਤਾਂ ਉਹ ਆਪਣਾ ਹੀ ਹਿਸਾਬ ਹੈ, ਉਹ ਆਦਮੀ ਤਾਂ ਨਿਮਿਤ ਹੈ। ਜੇਬ ਕੱਟੇ ਤਾਂ ਕੱਟਣਵਾਲਾ ਨਿਮਿਤ ਹੈ ਅਤੇ ਹਿਸਾਬ ਆਪਣਾ ਹੀ ਹੈ। ਇਹ ਤਾਂ ਨਿਮਿਤ ਨੂੰ ਹੀ ਕੱਟਦੇ ਹਨ ਅਤੇ ਇਹ ਸਾਰੇ ਉਸੇ ਦੇ ਝਗੜੇ ਹਨ।

ਉਲਟਾ ਚੱਲਣਾ, ਉਹ ਅਤੀਕ੍ਰਮਣ ਕਹਾਉਂਦਾ ਹੈ ਅਤੇ ਵਾਪਸ ਮੁੜਨਾ, ਉਹ ਪ੍ਰਤੀਕ੍ਰਮਣ ਕਹਾਉਂਦਾ ਹੈ।

ਜਿੱਥੇ ਝਗੜਾ ਹੈ, ਉੱਥੇ ਪ੍ਰਤੀਕ੍ਰਮਣ ਨਹੀਂ ਹੈ ਅਤੇ ਜਿੱਥੇ ਪ੍ਰਤੀਕ੍ਰਮਣ ਹੈ, ਉੱਥੇ ਝਗੜਾ ਨਹੀਂ ਹੈ।

ਬੇਟੇ ਨੂੰ ਮਾਰਨ ਦਾ ਕੋਈ ਅਧਿਕਾਰ ਨਹੀਂ ਹੈ, ਸਮਝਾਉਂਣ ਦਾ ਅਧਿਕਾਰ ਹੈ। ਫਿਰ ਵੀ ਜੇ ਬੇਟੇ ਨੂੰ ਮਾਰਿਆ ਤੇ ਫਿਰ ਪ੍ਰਤੀਕ੍ਰਮਣ ਨਹੀਂ ਕੀਤਾ ਤਾਂ ਸਾਰੇ ਕਰਮ ਚਿਪਕਦੇ ਹੀ ਰਹਿਣਗੇ ਨਾ? ਪ੍ਰਤੀਕ੍ਰਮਣ ਤਾਂ ਹੋਣਾ ਹੀ ਚਾਹੀਦਾ ਹੈ ਨਾ?

'ਮੈਂ ਚੰਦੂ ਭਾਈ ਹਾਂ', ਇਹੀ ਅਤੀਕ੍ਰਮਣ ਹੈ। ਫਿਰ ਵੀ ਵਿਹਾਰ ਵਿੱਚ ਇਸ ਨੂੰ ਲੇਟ ਗੋ ਕਰਨਾ। ਪਰ ਕੀ ਕਿਸੇ ਨੂੰ ਤੁਹਾਡੇ ਤੋਂ ਦੁੱਖ ਹੁੰਦਾ ਹੈ? ਨਹੀਂ ਹੁੰਦਾ, ਤਾਂ ਅਤੀਕ੍ਰਮਣ ਨਹੀਂ ਹੋਇਆ ਹੈ। ਪੂਰੇ ਦਿਨ ਵਿੱਚ ਆਪਣੇ ਤੋਂ ਕਿਸੇ ਨੂੰ ਦੁੱਖ ਹੋ ਜਾਵੇ ਤਾਂ ਉਹ ਅਤੀਕ੍ਰਮਣ ਹੈ। ਉਸਦਾ ਪ੍ਰਤੀਕ੍ਰਮਣ ਕਰੋ। ਇਹ ਵੀਤਰਾਗਾਂ ਦਾ ਸਾਇੰਸ ਹੈ। ਅਤੀਕ੍ਰਮਣ ਅਧੋਗਤੀ (ਨੀਂਵੀ ਗਤੀ) ਵਿੱਚ ਲੈ ਜਾਵੇਗਾ ਅਤੇ ਪ੍ਰਤੀਕ੍ਰਮਣ ਉਧਰਵਗਤੀ (ਉੱਚੀ ਗਤੀ) ਵਿੱਚ ਲੈ ਜਾਵੇਗਾ ਅਤੇ ਠੇਠ ਮੋਕਸ਼ ਜਾਣ ਤੱਕ ਪ੍ਰਤੀਕ੍ਰਮਣ ਹੀ ਹੈਲਪ ਕਰੇਗਾ।

ਪ੍ਰਤੀਕ੍ਰਮਣ ਕਿਸ ਨੂੰ ਨਹੀਂ ਕਰਨਾ ਹੁੰਦਾ? ਜਿਸਨੇ ਅਤੀਕ੍ਰਮਣ ਨਾ ਕੀਤਾ ਹੋਵੇ, ਉਸਨੂੰ।

**ਪ੍ਰਸ਼ਨ ਕਰਤਾ :** ਵਿਹਾਰ, ਵਪਾਰ ਤੇ ਹੋਰ ਜਗ੍ਹਾ ਤੇ ਅਨਿਆਂ ਹੋ ਰਿਹਾ ਹੈ ਇਸ ਤਰ੍ਹਾਂ ਲੱਗਣ ਕਾਰਨ ਮਨ ਵਿੱਚ ਖੇਦ ਹੋਵੇ, ਉਸ ਨਾਲ ਜੇ ਵਿਹਾਰ ਵਿਗੜਨ ਲੱਗੇ ਤਾਂ ਉਸਦੇ ਲਈ ਕੀ ਕਰਨਾ ਚਾਹੀਦਾ ਹੈ? ਸਾਡੇ ਤੋਂ ਜੇ ਕੋਈ ਇਹੋ ਜਿਹਾ ਅਨਿਆਂ ਹੋ ਰਿਹਾ ਹੋਵੇ ਤਾਂ ਉਸਦਾ ਕੀ ਪ੍ਰਾਸ਼ਚਿਤ (ਪਛਤਾਵਾ) ਹੈ?

**ਦਾਦਾ ਸ਼੍ਰੀ :** ਪ੍ਰਾਸ਼ਚਿਤ (ਪਛਤਾਵੇ) ਵਿੱਚ ਆਲੋਚਨਾ-ਪ੍ਰਤੀਕ੍ਰਮਣ-ਪ੍ਰਤਿਆਖਿਆਨ ਹੋਣਾ ਚਾਹੀਦਾ ਹੈ। ਜਿੱਥੇ-ਜਿੱਥੇ ਕਿਸੇ ਦੇ ਵੀ ਨਾਲ ਅਨਿਆਂ ਕੀਤਾ ਹੋਵੇ, ਉੱਥੇ ਆਲੋਚਨਾ-ਪ੍ਰਤੀਕ੍ਰਮਣ-ਪ੍ਰਤਿਆਖਿਆਨ ਹੋਣਾ ਚਾਹੀਦਾ ਹੈ ਅਤੇ 'ਫਿਰ ਤੋਂ

ਅਨਿਆਂ ਨਹੀਂ ਕਰੂੰਗਾ' ਇਹ ਪੱਕਾ ਕਰਨਾ ਚਾਹੀਦਾ ਹੈ। ਜਿਹੜੇ ਭਗਵਾਨ ਨੂੰ ਮੰਨਦੇ ਹੋ, ਕਿਹੜੇ ਭਗਵਾਨ ਨੂੰ ਮੰਨਦੇ ਹੋ?

**ਪ੍ਰਸ਼ਨ ਕਰਤਾ :** ਸ਼ਿਵ ਜੀ ਨੂੰ।

**ਦਾਦਾ ਸ਼੍ਰੀ :** ਹਾਂ, ਤਾਂ ਸ਼ਿਵ ਜੀ ਦੇ ਕੋਲ, ਪਛਤਾਵਾ ਕਰਨਾ ਚਾਹੀਦਾ ਹੈ। ਆਲੋਚਨਾ ਕਰਨੀ ਚਾਹੀਦੀ ਹੈ ਕਿ ਮੇਰੇ ਤੋਂ ਇਹਨਾਂ ਲੋਕਾਂ ਦੇ ਨਾਲ ਇਸ ਤਰ੍ਹਾਂ ਗਲਤ ਦੋਸ਼ ਹੋ ਗਿਆ ਹੈ, ਇਸ ਤਰ੍ਹਾਂ ਹੁਣ ਫਿਰ ਤੋਂ ਨਹੀਂ ਕਰੂੰਗਾ। ਤੁਹਾਨੂੰ ਬਾਰ-ਬਾਰ ਪਛਤਾਵਾ ਕਰਨਾ ਚਾਹੀਦਾ ਹੈ। ਅਤੇ ਫਿਰ ਤੋਂ ਇਹੋ ਜਿਹਾ ਦੋਸ਼ ਹੋ ਜਾਵੇ ਤਾਂ ਫਿਰ ਤੋਂ ਪਛਤਾਵਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਦੇ-ਕਰਦੇ ਦੋਸ਼ ਘੱਟ ਜਾਣਗੇ। ਤੁਹਾਨੂੰ ਨਹੀਂ ਕਰਨਾ ਹੋਵੇ ਫਿਰ ਵੀ ਅਨਿਆ ਹੋ ਜਾਵੇਗਾ। ਜੋ ਹੋ ਜਾਂਦਾ ਹੈ, ਉਹ ਪ੍ਰਕ੍ਰਿਤੀਦੋਸ਼ ਹੈ। ਇਹ ਪ੍ਰਕ੍ਰਿਤੀਦੋਸ਼ ਇਹ ਤੁਹਾਡਾ ਪੂਰਵ ਜਨਮ ਦਾ ਦੋਸ਼ ਹੈ, ਇਹ ਅੱਜ ਦਾ ਦੋਸ਼ ਨਹੀਂ ਹੈ। ਅੱਜ ਤੁਸੀਂ ਸੁਧਰਨਾ ਹੈ, ਪਰ ਇਹ ਜੋ ਹੋ ਜਾਂਦਾ ਹੈ ਇਹ ਤੁਹਾਡਾ ਪਹਿਲਾਂ ਦਾ ਦੋਸ਼ ਹੈ। ਇਹ ਤੁਹਾਨੂੰ ਪਰੇਸ਼ਾਨ ਕੀਤੇ ਬਿਨਾਂ ਨਹੀਂ ਰਹੇਗਾ। ਇਸਲਈ ਬਾਰ-ਬਾਰ ਆਲੋਚਨਾ-ਪ੍ਰਤੀਕ੍ਰਮਣ-ਪ੍ਰਤਿਆਖਿਆਨ ਕਰਨੇ ਪੈਣਗੇ।

**ਪ੍ਰਸ਼ਨ ਕਰਤਾ :** ਸਾਨੂੰ ਸਹਿਣਾ ਪੈਂਦਾ ਹੈ, ਤਾਂ ਉਸਦਾ ਕੀ ਰਸਤਾ ਹੈ?

**ਦਾਦਾ ਸ਼੍ਰੀ :** ਤੁਹਾਨੂੰ ਤਾਂ ਸਹਿਨ ਕਰ ਹੀ ਲੈਣਾ ਚਾਹੀਦਾ ਹੈ, ਐਵੇਂ ਹੀ ਹੱਲਾ ਨਹੀਂ ਮਚਾਉਣਾ ਚਾਹੀਦਾ। ਅਤੇ ਫਿਰ ਸਹਿਣ ਵੀ ਸਮਤਾਪੂਰਵਕ ਕਰਨਾ ਚਾਹੀਦਾ ਹੈ। ਸਾਹਮਣੇ ਵਾਲੇ ਨੂੰ ਮਨ ਵਿੱਚ ਗ੍ਰਾਲ਼ਾਂ ਕੱਢ ਕੇ ਨਹੀਂ, ਸਗੋਂ ਸਮਤਾਪੂਰਵਕ ਕਿ ਭਾਈ, ਤੂੰ ਮੈਨੂੰ ਕਰਮ ਵਿੱਚੋਂ ਮੁਕਤ ਕੀਤਾ। ਮੇਰਾ ਜੋ ਕਰਮ ਸੀ, ਉਹ ਮੇਰੇ ਤੋਂ ਭੁਗਤਵਾਇਆ ਅਤੇ ਮੈਨੂੰ ਮੁਕਤ ਕੀਤਾ। ਇਸਲਈ ਉਸਦਾ ਉਪਕਾਰ ਮੰਨਣਾ ਚਾਹੀਦਾ ਹੈ। ਮੁਫਤ ਵਿੱਚ ਕੁੱਝ ਸਹਿਣ ਨਹੀਂ ਕਰਨਾ ਪੈਂਦਾ, ਉਹ ਆਪਣੇ ਹੀ ਦੋਸ਼ਾਂ ਦਾ ਪਰਿਣਾਮ ਹੈ।

**ਪ੍ਰਸ਼ਨ ਕਰਤਾ :** ਅਤੇ ਪ੍ਰਤੀਕ੍ਰਮਣ ਤਾਂ, ਦੂਜਿਆਂ ਦੇ ਦੋਸ਼ ਦਿਖਾਈ ਦਿੱਤੇ, ਉਸੇ ਦੇ ਪ੍ਰਤੀਕ੍ਰਮਣ ਕਰਨੇ ਹਨ?

**ਦਾਦਾ ਸ਼੍ਰੀ :** ਸਿਰਫ ਦੂਜਿਆ ਦੇ ਦੋਸ਼ ਹੀ ਨਹੀਂ, ਹਰ ਇੱਕ ਗੱਲ ਵਿੱਚ, ਝੂਠ ਬੋਲਿਆ ਹੋਵੇ, ਉਲਟਾ ਹੋਇਆ ਹੋਵੇ, ਜੋ ਵੀ ਕੋਈ ਹਿੰਸਾ ਹੋਈ ਹੋਵੇ, ਪੰਜ ਮਹਾਂਵਰਤਾਂ ਵਿਚੋਂ ਕੋਈ ਵੀ ਮਹਾਂਵਰਤ ਟੁੱਟੇ ਤਾਂ ਉਹਨਾਂ ਸਾਰਿਆਂ ਦਾ ਪ੍ਰਤੀਕ੍ਰਮਣ ਕਰਨਾ ਹੈ।

## 2. ਹਰ ਧਰਮ ਵਿੱਚ ਪ੍ਰਾਰੂਪਿਤ (ਸਥਾਪਿਤ) ਕੀਤਾ ਪ੍ਰਤੀਕ੍ਰਮਣ

ਭਗਵਾਨ ਨੇ ਕਿਹਾ ਹੈ ਕਿ, ਆਲੋਚਨਾ-ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ ਤੋਂ ਇਲਾਵਾ ਹੋਰ ਕੋਈ ਵੀ ਵਿਹਾਰ ਧਰਮ ਹੈ ਹੀ ਨਹੀਂ। ਪਰ ਜੇ ਉਹ ਕੈਸ਼ ਹੋਵੇਗਾ ਤਾਂ, ਉਧਾਰ ਨਹੀਂ ਚਲੇਗਾ। ਕਿਸੇ ਨੂੰ ਗ੍ਰਾਲ਼ ਕੱਢੀ, ਜੋ ਹੁਣੇ ਹੋਇਆ ਉਸ ਨੂੰ ਲਕਸ਼ ਵਿੱਚ ਰੱਖ, ਕਿਸਦੇ ਨਾਲ ਕੀ ਹੋਇਆ ਉਹ, ਅਤੇ ਫਿਰ ਆਲੋਚਨਾ ਕਰਕੇ, ਕੈਸ਼ ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ ਕਰ। ਉਸਨੂੰ ਭਗਵਾਨ ਨੇ ਵਿਹਾਰ-ਨਿਸ਼ਚੈ ਦੋਵੇਂ ਕਿਹਾ ਹੈ। ਪਰ ਉਹ ਕਿਸ ਤੋਂ ਹੋ ਸਕੇਗਾ? ਸਮਕਿਤ ਹੋਣ ਤੋਂ ਬਾਅਦ ਹੀ ਹੋ ਸਕਦਾ ਹੈ। ਉਦੋਂ ਤੱਕ ਜੇ ਕਰਨਾ ਹੋਵੇ ਫਿਰ ਵੀ ਨਹੀਂ ਹੋਵੇਗਾ। ਸਮਕਿਤ ਨਹੀਂ ਹੋਇਆ ਅਤੇ ਫਿਰ ਵੀ ਕੋਈ ਆਪਣੇ ਇੱਥੇ ਤੋਂ ਆਲੋਚਨਾਂ-ਪ੍ਰਤੀਕ੍ਰਮਣ-ਪ੍ਰਤਿਆਖਿਆਨ ਸਿੱਖ ਕੇ ਜਾਏ ਤਾਂ ਵੀ ਕੰਮ ਕੱਢ ਲਵੇਗਾ। ਬੇਸ਼ੱਕ ਸੰਖੇਪ ਵਿੱਚ ਸਿਖ ਜਾਵੇ ਤਾਂ ਵੀ ਹਰਜ਼ ਨਹੀਂ ਹੈ। ਸਮਕਿਤ ਉਸ ਦੇ ਸਾਹਮਣੇ ਆ ਕੇ ਖੜ੍ਹਾ ਰਹੇਗਾ!!!

ਜਿਸਦੇ ਆਲੋਚਨਾ-ਪ੍ਰਤੀਕ੍ਰਮਣ ਸੱਚੇ ਹੋਣਗੇ, ਉਸਨੂੰ ਆਤਮਾ ਪ੍ਰਾਪਤ ਹੋਏ ਬਿਨਾਂ ਰਹੇਗਾ ਹੀ ਨਹੀਂ।

**ਪ੍ਰਸ਼ਨ ਕਰਤਾ :** ਪਛਤਾਵਾ ਕਰਦਾ ਹਾਂ, ਉਹ ਪ੍ਰਤੀਕ੍ਰਮਣ ਹੈ ਅਤੇ ਇਹ ਕਹਿਣਾ ਕਿ ਇਸ ਤਰ੍ਹਾਂ ਨਹੀਂ ਕਰੂੰਗਾ, ਉਹ ਪ੍ਰਤਿਆਖਿਆਨ?

**ਦਾਦਾ ਸ਼੍ਰੀ :** ਹਾਂ। ਪਛਤਾਵਾ, ਉਹ ਪ੍ਰਤੀਕ੍ਰਮਣ ਕਹਾਉਂਦਾ ਹੈ। ਹੁਣ ਪ੍ਰਤੀਕ੍ਰਮਣ ਕੀਤਾ ਪਰ ਹੁਣ ਫਿਰ ਤੋਂ ਇਹੋ ਜਿਹਾ ਅਤੀਕ੍ਰਮਣ ਨਾ ਹੋਵੇ, ਉਸਦੇ ਲਈ ਇਸ ਤਰ੍ਹਾਂ ਕਹਿਣਾ ਕਿ 'ਦੁਬਾਰਾ ਏਦਾਂ ਨਹੀਂ ਕਰੂੰਗਾ' ਉਹ

ਪ੍ਰਤਿਆਖਿਆਨ ਕਹਾਂਉਂਦਾ ਹੈ। ਦੁਬਾਰਾ ਏਦਾਂ ਨਹੀਂ ਕਰੂੰਗਾ, ਇਹ ਪ੍ਰੋਮਿਸ ਕਰਦਾ ਹਾਂ, ਮਨ ਵਿੱਚ ਇਹ ਤੈਅ ਕਰਨਾ ਹੈ ਅਤੇ ਉਸ ਤੋਂ ਬਾਅਦ ਜੇ ਫਿਰ ਤੋਂ ਇਸ ਤਰ੍ਹਾਂ ਹੋ ਜਾਵੇ ਤਾਂ ਇੱਕ ਪਰਤ ਤਾਂ ਚਲੀ ਗਈ ਸੀ। ਪਰ ਫਿਰ ਦੂਸਰੀ ਪਰਤ ਆਉਂਦੀ ਹੈ, ਤਾਂ ਉਸ ਨਾਲ ਘਬਰਾਉਂਣਾ ਨਹੀਂ, ਵਾਰ-ਵਾਰ ਇਸ ਤਰ੍ਹਾਂ ਕਰਦੇ ਹੀ ਰਹਿਣਾ ਹੈ।

**ਪ੍ਰਸ਼ਨ ਕਰਤਾ :** ਆਲੋਚਨਾ ਯਾਨੀ ਕੀ?

**ਦਾਦਾ ਸ਼੍ਰੀ :** ਹਾਂ, ਆਲੋਚਨਾ ਯਾਨੀ ਤੁਸੀਂ ਕੋਈ ਖਰਾਬ ਕੰਮ ਕੀਤਾ ਹੋਵੇ, ਤਾਂ ਤੁਹਾਡੇ ਜੋ ਵੀ ਗੁਰੂ ਹੋਣ, ਜਾਂ ਫਿਰ ਗਿਆਨੀ ਹੋਣ, ਉਹਨਾਂ ਦੇ ਸਾਹਮਣੇ ਇਕਰਾਰ ਕਰਨਾ। ਜਿਵੇਂ ਹੋਇਆ ਹੋਵੇ ਉਸੇ ਸਵਰੂਪ ਵਿੱਚ ਇਕਰਾਰ ਕਰਨਾ।

ਅਰਥਾਤ ਤੁਹਾਨੂੰ ਪ੍ਰਤੀਕ੍ਰਮਣ ਕਿਸਦਾ ਕਰਨਾ ਹੈ? ਤਾਂ ਕਹੀਏ, 'ਜਿੰਨਾ ਅਤੀਕ੍ਰਮਣ ਕੀਤਾ ਹੋਵੇ, ਜੋ ਲੋਕਾਂ ਨੂੰ ਸਵੀਕਾਰ ਯੋਗ ਨਾ ਹੋਵੇ, ਜੋ ਲੋਕ ਨਿੰਦਾ ਵਾਲੇ ਹਨ ਇਹੋ ਜਿਹੇ ਕਰਮ, ਅਤੇ ਸਾਹਮਣੇ ਵਾਲੇ ਨੂੰ ਦੁੱਖ ਹੋ ਜਾਵੇ ਇਸ ਤਰ੍ਹਾਂ ਹੋਇਆ ਹੋਵੇ ਤਾਂ ਉਹ ਅਤੀਕ੍ਰਮਣ ਕਹਾਉਂਦੇ ਹਨ। ਇਸ ਤਰ੍ਹਾਂ ਹੋਇਆ ਹੋਵੇ ਤਾਂ ਪ੍ਰਤੀਕ੍ਰਮਣ ਕਰਨ ਦੀ ਜ਼ਰੂਰਤ ਹੈ।'

ਕਰਮ ਬੰਨਦਾ ਕੌਣ ਹੈ? ਉਸਨੂੰ ਤੁਹਾਨੂੰ ਜਾਣਨਾ ਪਵੇਗਾ, ਤੁਹਾਡਾ ਨਾਮ ਕੀ ਹੈ?

**ਪ੍ਰਸ਼ਨ ਕਰਤਾ :** ਚੰਦੂਭਾਈ।

**ਦਾਦਾ ਸ਼੍ਰੀ :** ਤਾਂ 'ਮੈਂ ਚੰਦੂਭਾਈ ਹਾਂ' ਉਹੀ ਕਰਮ ਬੰਧਨ ਕਰਵਾਉਂਦਾ ਹੈ। ਫਿਰ ਜੇ ਰਾਤ ਨੂੰ ਸੌਂ ਜਾਵੇ, ਫਿਰ ਵੀ ਪੂਰੀ ਰਾਤ ਕਰਮ ਬੰਨੇ ਜਾਂਦੇ ਹਨ। 'ਮੈਂ ਚੰਦੂਭਾਈ ਹਾਂ', ਇਸ ਤਰ੍ਹਾਂ ਰਹੇ ਤਾਂ ਸੌਂਦੇ ਹੋਏ ਵੀ ਕਰਮ ਬੰਨੇ ਜਾਂਦੇ ਹਨ। ਉਸਦਾ ਕੀ ਕਾਰਣ ਹੈ? ਕਿਉਂਕਿ ਉਹ ਆਰੋਪਿਤ ਭਾਵ ਹੈ। ਇਸ ਲਈ ਗੁਨਾਹ ਲਾਗੂ ਹੋਇਆ। ਸੱਚਮੁੱਚ 'ਖੁਦ' ਚੰਦੂਭਾਈ ਨਹੀਂ ਹੈ ਅਤੇ ਜਿੱਥੇ ਤੁਸੀਂ ਨਹੀਂ ਹੋ, ਉੱਥੇ 'ਮੈਂ ਹਾਂ' ਇਹ ਆਰੋਪਣ ਕਰਦੇ ਹੋ। ਕਲਪਿਤ ਭਾਵ ਹੈ ਉਹ, ਅਤੇ ਨਿਰੰਤਰ ਉਸਦਾ ਗੁਨਾਹ ਲਾਗੂ ਹੁੰਦਾ ਹੈ

ਨਾ!! ਤੁਹਾਨੂੰ ਸਮਝ ਵਿੱਚ ਆਉਂਦਾ ਹੈ?! ਫਿਰ ਮੈਂ ਚੰਦੂਭਾਈ, ਇਹਨਾਂ ਦਾ ਸਹੁਰਾ ਲੱਗਦਾ ਹਾਂ, ਇਹਨਾਂ ਦਾ ਮਾਮਾ ਲੱਗਦਾ ਹਾਂ, ਇਹਨਾਂ ਦਾ ਚਾਚਾ ਲੱਗਦਾ ਹਾਂ, ਇਹ ਸਾਰੇ ਆਰੋਪਿਤ ਭਾਵ ਹਨ, ਇਸ ਨਾਲ ਨਿਰੰਤਰ ਕਰਮ ਬੰਧਦੇ ਹੀ ਰਹਿੰਦੇ ਹਨ। ਰਾਤ ਨੂੰ ਨੀਂਦ ਵਿੱਚ ਵੀ ਕਰਮ ਬੰਧਦੇ ਰਹਿੰਦੇ ਹਨ। ਰਾਤ ਨੂੰ ਕਰਮ ਬੰਧਦੇ ਹਨ, ਉਸ ਵਿੱਚ ਤਾਂ ਕੋਈ ਚਾਰਾ ਹੀ ਨਹੀਂ ਹੈ ਪਰ 'ਮੈਂ ਚੰਦੂਭਾਈ ਹਾਂ' ਉਸ ਅਹੰਕਾਰ ਨੂੰ ਜੇ ਤੁਸੀਂ ਨਿਰਮਲ ਕਰ ਦੇਵੋ, ਤਾਂ ਤੁਹਾਨੂੰ ਘੱਟ ਕਰਮ ਬੰਨੇ ਜਾਣਗੇ।

ਅਹੰਕਾਰ ਨਿਰਮਲ ਕਰਨ ਤੋਂ ਬਾਅਦ ਫਿਰ ਤੋਂ ਕਿਰਿਆਵਾਂ ਕਰਨੀਆਂ ਪੈਂਦੀਆਂ ਹਨ। ਕਿਹੋ ਜਿਹੀਆਂ ਕਿਰਿਆਵਾਂ ਕਰਨੀਆਂ ਪੈਂਦੀਆਂ ਹਨ? ਕਿ ਸਵੇਰੇ ਤੁਹਾਡੇ ਬੇਟੇ ਦੀ ਪਤਨੀ ਤੋਂ ਕੱਪ-ਪਲੇਟ ਟੁੱਟ ਜਾਣ, ਤਾਂ ਤੁਸੀਂ ਕਹਿ ਦਿੱਤਾ ਕਿ, ਤੈਨੂੰ ਅਕਲ ਨਹੀਂ ਹੈ।ਇਸ ਨਾਲ ਉਸ ਨੂੰ ਜੋ ਦੁੱਖ ਹੋਇਆ, ਉਸ ਸਮੇਂ ਤੁਹਾਨੂੰ ਮਨ ਵਿੱਚ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ 'ਇਹ ਮੈਂ ਉਸ ਨੂੰ ਦੁੱਖ ਦਿੱਤਾ ਹੈ।' ਉੱਥੇ ਪ੍ਰਤੀਕ੍ਰਮਣ ਹੋਣਾ ਚਾਹੀਦਾ ਹੈ। ਦੁੱਖ ਦਿੱਤਾ ਮਤਲਬ ਅਤੀਕ੍ਰਮਣ ਕਿਹਾ ਜਾਵੇਗਾ। ਅਤੇ ਅਤੀਕ੍ਰਮਣ ਹੋਣ ਤੇ ਪ੍ਰਤੀਕ੍ਰਮਣ ਕਰਨ ਨਾਲ ਉਹ ਮਿਟ ਜਾਂਦਾ ਹੈ। ਉਹ ਕਰਮ ਹਲਕਾ ਹੋ ਜਾਂਦਾ ਹੈ।

ਕਿਸੇ ਨੂੰ ਕੁੱਝ ਦੁੱਖ ਹੋਵੇ, ਜੇ ਇਹੋ ਜਿਹਾ ਆਚਰਣ (ਵਿਹਾਰ) ਕਰੇ ਤਾਂ ਉਹ ਅਤੀਕ੍ਰਮਣ ਕਹਾਉਂਦਾ ਹੈ ਅਤੇ ਅਤੀਕ੍ਰਮਣ ਹੋਣ ਤੇ ਪ੍ਰਤੀਕ੍ਰਮਣ ਹੋਣਾ ਹੀ ਚਾਹੀਦਾ ਹੈ। ਅਤੇ ਉਹ ਬਾਰਾਂ ਮਹੀਨੇ ਵਿੱਚ ਇੱਕ ਵਾਰ ਕਰਦੇ ਹਨ, ਉਸ ਤਰ੍ਹਾਂ ਨਹੀ। ਸ਼ੂਟ ਆਨ ਸਾਈਟ (ਦੋਸ਼ ਦੇਖਦੇ ਹੀ ਖਤਮ ਕਰੋ) ਹੋਣਾ ਚਾਹੀਦਾ ਹੈ, ਤਾਂ ਇਹ ਦੁੱਖ ਕੁੱਝ ਘਟਣਗੇ। ਵੀਤਰਾਗ ਦੇ ਕਹੇ ਗਏ ਮਤ ਦੇ ਅਨੁਸਾਰ ਚਲਾਂਗੇ ਤਾਂ ਦੁੱਖ ਜਾਵੇਗਾ ਨਹੀਂ ਤਾਂ ਦੁੱਖ ਨਹੀਂ ਜਾਵੇਗਾ।

**ਪ੍ਰਸ਼ਨ ਕਰਤਾ :** ਇਸ ਤਰ੍ਹਾਂ ਦਾ ਪ੍ਰਤੀਕ੍ਰਮਣ ਕਿਵੇਂ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਤੁਸੀਂ ਜੇ ਗਿਆਨ ਪ੍ਰਾਪਤ ਕੀਤਾ ਹੋਵੇ ਤਾਂ ਤੁਹਾਨੂੰ ਉਸਦੇ ਆਤਮਾ ਦਾ ਪਤਾ ਚੱਲੇਗਾ। ਸੋ: ਆਤਮਾ ਨੂੰ ਸੰਬੋਧਿਤ (ਯਾਦ) ਕਰਕੇ

ਕਰਨਾ ਹੈ, ਨਹੀਂ ਤਾਂ ਭਗਵਾਨ ਨੂੰ ਸੰਬੋਧਿਤ ਕਰਕੇ ਕਰਨਾ ਕਿ, 'ਹੇ ਭਗਵਾਨ! ਪਛਤਾਵਾ ਕਰਦਾ ਹਾਂ, ਮਾਫ਼ੀ ਮੰਗਦਾ ਹਾਂ ਅਤੇ ਹੁਣ ਫਿਰ ਤੋਂ ਨਹੀਂ ਕਰਾਂਗਾ।' ਬਸ ਇਹੀ ਹੈ ਪ੍ਰਤੀਕ੍ਰਮਣ!

**ਪ੍ਰਸ਼ਨ ਕਰਤਾ :** ਕੀ ਇਸ ਨਾਲ ਧੋਤਾ ਜਾਵੇਗਾ?

**ਦਾਦਾ ਸ਼੍ਰੀ :** ਹਾਂ, ਹਾਂ, ਬਿਲਕੁੱਲ!! ਪ੍ਰਤੀਕ੍ਰਮਣ ਕੀਤਾ ਇਸ ਲਈ ਫਿਰ ਰਹੇਗਾ ਨਹੀਂ ਨਾ?! ਬਹੁਤ ਭਾਰੀ ਕਰਮ ਹੋਵੇ ਤਾਂ ਜਲ਼ੀ ਹੋਈ ਰੱਸੀ ਵਰਗਾ ਦਿਖੇਗਾ ਪਰ ਹੱਥ ਲਗਾਉਂਦੇ ਹੀ ਝੜ ਜਾਵੇਗਾ।

**ਪ੍ਰਸ਼ਨ ਕਰਤਾ :** ਉਹ ਪਛਤਾਵਾ ਕਿਵੇਂ ਕਰਾਂ? ਸਭ ਨੂੰ ਦਿਖੇ ਉਸ ਤਰ੍ਹਾਂ ਕਰਾਂ ਜਾਂ ਮਨ ਵਿੱਚ ਕਰਾਂ?

**ਦਾਦਾ ਸ਼੍ਰੀ :** ਮਨ ਵਿੱਚ। ਮਨ ਵਿੱਚ ਦਾਦਾ ਜੀ ਨੂੰ ਯਾਦ ਕਰਕੇ ਕਿ 'ਇਹ ਮੇਰੀ ਭੁੱਲ ਹੋਈ ਹੈ, ਹੁਣ ਫਿਰ ਤੋਂ ਨਹੀਂ ਕਰਾਂਗਾ' ਮਨ ਵਿੱਚ ਇਸ ਤਰ੍ਹਾਂ ਯਾਦ ਕਰਕੇ ਕਰਨਾ, ਤਾਂ ਫਿਰ ਇਸ ਤਰ੍ਹਾਂ ਕਰਦੇ-ਕਰਦੇ ਉਹ ਸਾਰਾ ਦੁੱਖ ਭੁੱਲ ਜਾਵੇਗਾ। ਉਹ ਭੁੱਲ ਖਤਮ ਹੋ ਜਾਵੇਗੀ। ਪਰ ਇਸ ਤਰ੍ਹਾਂ ਨਹੀਂ ਕਰਾਂਗੇ ਤਾਂ ਫਿਰ ਭੁੱਲਾਂ ਵੱਧਦੀਆਂ ਜਾਣਗੀਆਂ।

ਸਿਰਫ ਇਹੀ ਮਾਰਗ ਇਸ ਤਰ੍ਹਾਂ ਦਾ ਹੈ ਕਿ ਖੁਦ ਦੇ ਦੋਸ਼ ਦਿਖਦੇ ਜਾਂਦੇ ਹਨ ਅਤੇ ਸ਼ੂਟ ਹੁੰਦੇ ਜਾਂਦੇ ਹਨ, ਇਸ ਤਰ੍ਹਾਂ ਕਰਦੇ-ਕਰਦੇ ਦੋਸ਼ ਖਤਮ ਹੋ ਜਾਣਗੇ।

**ਪ੍ਰਸ਼ਨ ਕਰਤਾ :** ਇੱਕ ਪਾਸੇ ਪਾਪ ਕਰਦਾ ਰਹੇ ਅਤੇ ਦੂਜੇ ਪਾਸੇ ਪਛਤਾਵਾ ਕਰਦਾ ਰਹੇ, ਇਸ ਤਰ੍ਹਾਂ ਤਾਂ ਚੱਲਦਾ ਹੀ ਰਹੇਗਾ।

**ਦਾਦਾ ਸ਼੍ਰੀ :** ਇਸ ਤਰ੍ਹਾਂ ਨਹੀਂ ਕਰਨਾ ਹੈ। ਜੋ ਮਨੁੱਖ ਪਾਪ ਕਰਦਾ ਹੈ, ਉਹ ਜੇ ਪਛਤਾਵਾ ਕਰੇ ਤਾਂ ਉਹ ਨਕਲੀ ਪਛਤਾਵਾ ਕਰ ਹੀ ਨਹੀਂ ਸਕਦਾ। ਉਸਦਾ ਪਛਤਾਵਾ ਸੱਚਾ ਹੀ ਹੁੰਦਾ ਹੈ ਅਤੇ ਪਛਤਾਵਾ ਸੱਚਾ ਹੁੰਦਾ ਹੈ, ਇਸ ਲਈ ਪਿਆਜ ਦੀ ਪਰਤ ਦੀ ਤਰ੍ਹਾਂ ਇੱਕ ਪਰਤ ਹਟਦੀ ਹੈ। ਉਸ ਤੋਂ ਬਾਅਦ ਵੀ ਪਿਆਜ ਤਾਂ ਫਿਰ ਵੀ ਪੂਰਾ ਹੀ ਦਿਖੇਗਾ। ਫਿਰ ਬਾਅਦ ਵਿੱਚ ਦੂਸਰੀ ਪਰਤ ਹਟੇਗੀ। ਪਛਤਾਵਾ ਕਦੇ ਵੀ ਵਿਅਰਥ ਨਹੀਂ ਜਾਂਦਾ।

**ਪ੍ਰਸ਼ਨ ਕਰਤਾ :** ਪਰ ਸੱਚੇ ਮਨ ਨਾਲ ਮਾਫ਼ੀ ਮੰਗਣੀ ਹੈ ਨਾ?

**ਦਾਦਾ ਸ਼੍ਰੀ :** ਮਾਫ਼ੀ ਮੰਗਣਵਾਲਾ ਸੱਚੇ ਮਨ ਨਾਲ ਹੀ ਮੰਗਦਾ ਹੈ ਅਤੇ ਝੂਠੇ ਮਨ ਨਾਲ ਮੰਗੇਗਾ ਤਾਂ ਵੀ ਚਲਾ ਲਿਆ ਜਾਵੇਗਾ। ਤਾਂ ਵੀ ਮਾਫ਼ੀ ਮੰਗਣਾ।

**ਪ੍ਰਸ਼ਨ ਕਰਤਾ :** ਫਿਰ ਤਾਂ ਉਸ ਨੂੰ ਆਦਤ ਪੈ ਜਾਵੇਗੀ?

**ਦਾਦਾ ਸ਼੍ਰੀ :** ਆਦਤ ਪੈ ਜਾਵੇ ਤਾਂ ਭਲੇ ਹੀ ਪੈ ਜਾਵੇ। ਪਰ ਮਾਫ਼ੀ ਮੰਗਣਾ। ਮਾਫ਼ੀ ਮੰਗੇ ਬਗੈਰ ਤਾਂ ਆ ਬਣੇਗੀ, ਸਮਝੋ!!! ਮਾਫ਼ੀ ਦਾ ਕੀ ਅਰਥ ਹੈ? ਉਹ ਪ੍ਰਤੀਕ੍ਰਮਣ ਕਹਾਉਂਦਾ ਹੈ ਅਤੇ ਦੋਸ਼ ਨੂੰ ਕੀ ਕਹਿੰਦੇ ਹਨ? ਅਤੀਕ੍ਰਮਣ।

ਕੋਈ ਬ੍ਰਾਂਡੀ ਪੀਵੇ ਅਤੇ ਕਹੇ ਕਿ ਮੈਂ ਮਾਫ਼ੀ ਮੰਗਦਾ ਹਾਂ, ਤਾਂ ਮੈਂ ਕਹਿੰਦਾ ਹਾਂ ਕਿ ਮਾਫ਼ੀ ਮੰਗਣਾ। ਮਾਫ਼ੀ ਮੰਗਦੇ ਰਹਿਣਾ ਅਤੇ ਪੀਂਦੇ ਰਹਿਣਾ। ਪਰ ਮਨ ਵਿੱਚ ਤੈਅ ਕਰਨਾ ਕਿ 'ਹੁਣ ਮੈਂ ਛੱਡ ਦੇਣੀ ਹੈ।' ਸੱਚੇ ਦਿਲ ਨਾਲ ਮਨ ਵਿੱਚ ਤੈਅ ਕਰਨਾ ਕਿ ਮੈਂ ਛੱਡ ਦੇਣੀ ਹੈ ਤਾਂ ਇੱਕ ਦਿਨ ਉਸਦਾ ਅੰਤ ਆਵੇਗਾ। ਮੇਰਾ ਇਹ ਵਿਗਿਆਨ ਸ਼ਤ-ਪ੍ਰਤੀਸ਼ਤ ਹੈ।

ਇਹ ਤਾਂ ਵਿਗਿਆਨ ਹੈ!! ਉੱਗੇ ਬਗੈਰ ਰਹੇਗਾ ਨਹੀ। ਤੁਰੰਤ ਹੀ ਫ਼ਲ ਦੇਣ ਵਾਲਾ ਹੈ। 'ਦਿਸ ਇਜ਼ ਦ ਕੈਸ਼ ਬੈਂਕ ਆੱਫ ਡਿਵਾਇਨ ਸਲਿਊਸ਼ਨ'। ਇਹੀ 'ਕੈਸ਼ ਬੈਂਕ' ਹੈ! ਦਸ ਲੱਖ ਸਾਲਾਂ ਤੋਂ ਹੈ ਹੀ ਨਹੀਂ ਸੀ! ਦੋ ਘੰਟੇ ਵਿੱਚ ਮੋਕਸ਼ ਲੈ ਜਾਓ!! ਇੱਥੇ ਤੂੰ ਜੋ ਮੰਗੇਗਾ, ਉਹ ਦੇਣ ਨੂੰ ਤਿਆਰ ਹਾਂ। ਤੂੰ ਮੰਗਦੇ ਹੋਏ ਥੱਕ ਜਾਵੇਂਗਾ।

ਕਿਸੇ ਆਦਮੀ ਨੂੰ ਚੋਰੀ ਕਰਨ ਤੋਂ ਬਾਅਦ ਪਛਤਾਵਾ ਹੋਵੇ, ਤਾਂ ਕੁਦਰਤ ਉਸ ਨੂੰ ਛੱਡ ਦਿੰਦੀ ਹੈ। ਪਛਤਾਵਾ ਕੀਤਾ, ਇਸ ਲਈ ਭਗਵਾਨ ਦੇ ਉੱਥੇ ਇਹ ਗੁਨਾਹ ਨਹੀਂ ਮੰਨਿਆ ਜਾਂਦਾ। ਪਰ ਜਗਤ ਦੇ ਲੋਕ ਜੋ ਵੀ ਸਜ਼ਾਂ ਦੇਣ, ਉਸ ਨੂੰ ਇਸ ਜਨਮ ਵਿੱਚ ਭੁਗਤ ਲੈਣਾ ਪਵੇਗਾ।

'ਇਹ ਸਭ ਗਲਤ ਹੈ, ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ,' ਇਸ ਤਰ੍ਹਾਂ ਸਭ ਬੋਲਦੇ ਹਨ। ਉਹ ਉੱਪਰ-ਉੱਪਰ ਤੋਂ ਬੋਲਦੇ ਹਨ। 'ਸੁਪਰਫਲੁਅਸ'

ਬੋਲਦੇ ਹਨ, 'ਹਾਰਟਿਲੀ' ਨਹੀਂ ਬੋਲਦੇ। ਬਾਕੀ ਜੇ 'ਹਾਰਟਿਲੀ' ਬੋਲੇ ਤਾਂ ਉਸ ਦੋਸ਼ ਨੂੰ ਕੁੱਝ ਸਮੇਂ ਬਾਅਦ ਜਾਏ ਬਗੈਰ ਚਾਰਾ ਹੀ ਨਹੀਂ ਹੈ! ਤੁਹਾਡਾ ਕਿੰਨਾ ਵੀ ਬੁਰਾ ਦੋਸ਼ ਹੋਵੇ ਪਰ ਜੇ ਉਸਦੇ ਲਈ ਤੁਹਾਨੂੰ 'ਹਾਰਟਿਲੀ' ਬਹੁਤ ਪਛਤਾਵਾ ਹੋਵੇਗਾ ਤਾਂ ਫਿਰ ਤੋਂ ਉਹ ਦੋਸ਼ ਨਹੀਂ ਹੋਵੇਗਾ। ਅਤੇ ਫਿਰ ਤੋਂ ਹੋ ਜਾਵੇ ਤਾਂ ਵੀ ਉਸ ਵਿੱਚ ਹਰਜ਼ ਨਹੀਂ ਹੈ, ਪਰ ਬਹੁਤ ਪਛਤਾਵਾ ਕਰਦੇ ਰਹਿਣਾ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਅਤੇ ਪਛਤਾਵੇ ਵਿੱਚ ਕੀ ਫਰਕ ਹੈ?

**ਦਾਦਾ ਸ਼੍ਰੀ :** ਪਛਤਾਵਾ ਅਸਪਸ਼ਟ ਰੂਪ ਵਿੱਚ ਹੈ, ਕ੍ਰਿਸ਼ਚਨ ਲੋਕ ਐਤਵਾਰ ਨੂੰ ਚਰਚ ਵਿੱਚ ਪਛਤਾਵਾ ਕਰਦੇ ਹਨ। ਜੋ ਪਾਪ ਕੀਤੇ ਉਸਦਾ ਅਸਪਸ਼ਟ ਰੂਪ ਵਿੱਚ ਪਛਤਾਵਾ ਕਰਦੇ ਹਨ। ਅਤੇ ਪ੍ਰਤੀਕ੍ਰਮਣ ਤਾਂ ਕਿਸ ਤਰ੍ਹਾਂ ਦਾ ਹੈ ਕਿ ਜਿਸ ਨੇ ਗੋਲ਼ੀ ਦਾਗੀ, ਜਿਸਨੇ ਅਤੀਕ੍ਰਮਣ ਕੀਤਾ, ਉਹ ਪ੍ਰਤੀਕ੍ਰਮਣ ਕਰਦਾ ਹੈ, ਉਸੇ ਵਕਤ! ਸ਼ੂਟ ਆਨ ਸਾਈਟ ਉਸ ਨੂੰ ਧੋ ਦਿੰਦਾ ਹੈ!!

ਆਲੋਚਨਾ-ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ ਮਹਾਵੀਰ ਭਗਵਾਨ ਦੇ ਸਿਧਾਂਤ ਦਾ ਸਾਰ ਹੈ ਅਤੇ ਅਕ੍ਰਮ ਮਾਰਗ ਵਿੱਚ, 'ਗਿਆਨੀ ਪੁਰਖ' ਹੀ ਸਾਰ ਹੈ, ਇੰਨਾ ਹੀ ਸਮਝਣਾ ਹੈ। ਆਗਿਆ ਹੀ ਧਰਮ ਅਤੇ ਆਗਿਆ ਹੀ ਤਪ ਹੈ। ਪਰ ਉਹ ਦਖਲ ਕੀਤੇ ਬਗੈਰ ਰਹਿੰਦਾ ਨਹੀਂ ਨਾ! ਅਨਾਦਿ ਤੋਂ ਬੁਰੀ ਆਦਤ ਜੋ ਪਈ ਹੈ।

## 3. ਨਹੀਂ ਹਨ, ਉਹ ਪ੍ਰਤੀਕ੍ਰਮਣ ਮਹਾਵੀਰ ਦੇ

**ਪ੍ਰਸ਼ਨ ਕਰਤਾ :** ਅਨਾਦਿ ਕਾਲ ਤੋਂ ਪ੍ਰਤੀਕ੍ਰਮਣ ਤਾਂ ਕਰਦਾ ਆਇਆ ਹੈ, ਫਿਰ ਵੀ ਛੁਟਕਾਰਾ ਤਾਂ ਹੋਇਆ ਨਹੀ।

**ਦਾਦਾ ਸ਼੍ਰੀ :** ਸੱਚੇ ਪ੍ਰਤੀਕ੍ਰਮਣ ਨਹੀਂ ਕੀਤੇ ਹਨ। ਸੱਚੇ ਪ੍ਰਤਿਆਖਿਆਨ ਅਤੇ ਸੱਚੇ ਪ੍ਰਤੀਕ੍ਰਮਣ ਕਰੇ ਤਾਂ ਉਸਦਾ ਹੱਲ ਆਵੇ। ਪ੍ਰਤੀਕ੍ਰਮਣ ਸ਼ੂਟ ਆਨ ਸਾਈਟ ਹੋਣਾ ਚਾਹੀਦਾ ਹੈ। ਹੁਣ ਜੇ ਮੇਰਾ ਇੱਕ ਸ਼ਬਦ ਜ਼ਰਾ ਟੇਡਾ ਨਿੱਕਲ ਜਾਵੇ, ਤਾਂ ਮੈਥੋਂ ਅੰਦਰ ਪ੍ਰਤੀਕ੍ਰਮਣ ਹੋ ਹੀ ਜਾਣਾ

ਚਾਹੀਦਾ ਹੈ। ਤੁਰੰਤ ਹੀ, ਆਨ ਦ ਮੂਮੈਂਟ। ਇਸ ਵਿੱਚ ਉਧਾਰ ਨਹੀਂ ਚੱਲੇਗਾ। ਇਸ ਨੂੰ ਤਾਂ ਬਾਸੀ ਰੱਖਿਆ ਹੀ ਨਹੀਂ ਜਾ ਸਕਦਾ।

ਪ੍ਰਤੀਕ੍ਰਮਣ ਯਾਨੀ ਪਛਤਾਵਾ ਕਰਨਾ, ਤਾਂ ਪਛਤਾਵਾ ਕਿਸਦਾ ਕਰਦੇ ਹੋ?

**ਪ੍ਰਸ਼ਨ ਕਰਤਾ :** ਪਛਤਾਵਾ ਨਹੀਂ ਕਰ ਪਾਉਂਦੇ। ਕਿਰਿਆਵਾਂ ਕਰਦੇ ਰਹਿੰਦੇ ਹਾਂ।

**ਦਾਦਾ ਸ਼੍ਰੀ :** ਪ੍ਰਤੀਕ੍ਰਮਣ ਯਾਨੀ ਵਾਪਸ ਮੁੜਨਾ। ਜੋ ਪਾਪ ਕੀਤੇ ਹੋਣ, ਕ੍ਰੋਧ ਕੀਤਾ ਹੋਵੇ, ਉਸ ਤੇ ਪਛਤਾਵਾ ਕਰਨਾ, ਉਸ ਨੂੰ ਪ੍ਰਤੀਕ੍ਰਮਣ ਕਹਿੰਦੇ ਹਨ।

ਪ੍ਰਤੀਕ੍ਰਮਣ ਕਿਸ ਨੂੰ ਕਹਾਂਗੇ ਕਿ ਜਿਸ ਨੂੰ ਕਰਨ ਨਾਲ ਦੋਸ਼ ਘੱਟ ਹੋਣ। ਜਿਸਨੂੰ ਕਰਨ ਨਾਲ ਦੋਸ਼ ਵੱਧਦੇ ਰਹਿਣ, ਉਸ ਨੂੰ ਪ੍ਰਤੀਕ੍ਰਮਣ ਕਿਵੇਂ ਕਹਾਂਗੇ? ਭਗਵਾਨ ਨੇ ਇਸ ਤਰ੍ਹਾਂ ਨਹੀਂ ਕਿਹਾ ਸੀ। ਭਗਵਾਨ ਕਹਿੰਦੇ ਹਨ, ਜੋ ਭਾਸ਼ਾ ਸਮਝ ਵਿੱਚ ਆਵੇ, ਉਸ ਭਾਸ਼ਾ ਵਿੱਚ ਪ੍ਰਤੀਕ੍ਰਮਣ ਕਰੋ। ਆਪਣੀ-ਆਪਣੀ ਭਾਸ਼ਾ ਵਿੱਚ ਪ੍ਰਤੀਕ੍ਰਮਣ ਕਰ ਲੈਣਾ। ਨਹੀਂ ਤਾਂ ਲੋਕ ਪ੍ਰਤੀਕ੍ਰਮਣ ਨੂੰ ਸਮਝ ਨਹੀਂ ਸਕਣਗੇ। ਇਹ ਮਾਗਧੀ ਭਾਸ਼ਾ ਵਿੱਚ ਰੱਖਿਆ ਹੋਇਆ ਹੈ। ਹੁਣ ਇਹ ਲੋਕ ਗੁਜਰਾਤੀ ਤਾਂ ਸਮਝਦੇ ਨਹੀ, ਇਹਨਾਂ ਨੂੰ ਮਾਗਧੀ ਵਿੱਚ ਪ੍ਰਤੀਕ੍ਰਮਣ ਕਰਨ ਨਾਲ ਕੀ ਫ਼ਾਇਦਾ ਹੋਵੇਗਾ? ਅਤੇ ਸਾਧੂ-ਆਚਾਰਿਆ ਵੀ ਨਹੀਂ ਸਮਝਦੇ, ਉਹਨਾਂ ਵਿੱਚ ਵੀ ਦੋਸ਼ ਕੁੱਝ ਘਟੇ ਨਹੀਂ ਹਨ। ਯਾਨੀ ਇਸ ਵਿੱਚ ਇਸ ਤਰ੍ਹਾਂ ਦੀ ਪਰਸਥਿਤੀ ਹੋ ਗਈ ਹੈ।

ਭਗਵਾਨ ਨੇ ਮਾਗਧੀ ਭਾਸ਼ਾ ਵਿੱਚ ਸਿਰਫ਼ ਨਵਕਾਰ ਮੰਤਰ ਹੀ ਬੋਲਣ ਨੂੰ ਕਿਹਾ ਸੀ ਅਤੇ ਉਹ ਵੀ ਸਮਝ ਕੇ ਬੋਲਣਾ। ਅਰਥਾਤ ਮਾਗਧੀ ਵਿੱਚ ਰੱਖਣ ਜਿਹਾ ਸਿਰਫ਼ ਇਹ ਨਵਕਾਰ ਮੰਤਰ ਹੀ ਹੈ, ਕਿਉਂਕਿ ਭਗਵਾਨ ਦੇ ਸ਼ਬਦ ਹਨ। ਬਾਕੀ ਪ੍ਰਤੀਕ੍ਰਮਣ ਵਿੱਚ ਪਹਿਲਾਂ ਤਾਂ ਉਸਦਾ ਅਰਥ ਸਮਝਣਾ ਹੀ ਪਵੇਗਾ ਕਿ ਇਹ ਮੈਂ ਪ੍ਰਤੀਕ੍ਰਮਣ ਕਰ ਰਿਹਾ ਹਾਂ! ਕਿਸਦਾ? ਕਿਸੇ ਨੇ

ਮੇਰਾ ਅਪਮਾਨ ਕੀਤਾ ਜਾਂ ਮੈਂ ਕਿਸੇ ਦਾ ਅਪਮਾਨ ਕੀਤਾ, ਉਸਦਾ ਮੈਂ ਪ੍ਰਤੀਕ੍ਰਮਣ ਕਰ ਰਿਹਾ ਹਾਂ।

ਪ੍ਰਤੀਕ੍ਰਮਣ ਯਾਨੀ ਕਸ਼ਾਇਆ ਨੂੰ ਖਤਮ ਕਰ ਦੇਣਾ।

ਇਹ ਲੋਕ ਸਾਲ ਵਿੱਚ ਇੱਕ ਵਾਰ ਪ੍ਰਤੀਕ੍ਰਮਣ ਕਰਦੇ ਹਨ, ਤਾਂ ਨਵੇਂ ਕੱਪੜੇ ਪਾ ਕੇ ਜਾਂਦੇ ਹਨ। ਪ੍ਰਤੀਕ੍ਰਮਣ ਉਹ ਕੀ ਸ਼ਾਦੀ-ਵਿਆਹ ਹੈ ਜਾਂ ਕੀ ਹੈ? ਪ੍ਰਤੀਕ੍ਰਮਣ ਕਰਨਾ ਯਾਨੀ ਬਹੁਤ ਗਹਿਰਾ (ਡੂੰਘਾ) ਪਛਤਾਵਾ ਕਰਨਾ! ਉੱਥੇ ਨਵੇਂ ਕੱਪੜਿਆਂ ਦਾ ਕੀ ਕੰਮ ਹੈ?! ਉੱਥੇ ਵਿਆਹ ਥੋੜੇ ਹੀ ਹੈ? ਉੱਪਰ ਤੋਂ ਰਾਇਸ਼ੀ ਅਤੇ ਦੇਵਸ਼ੀ (ਰਾਤ ਨੂੰ ਹੋਏ ਦੋਸ਼ਾਂ ਦੇ ਪ੍ਰਤੀਕ੍ਰਮਣ ਸਵੇਰੇ ਅਤੇ ਸਾਰੇ ਦਿਨ ਵਿੱਚ ਹੋਏ ਦੋਸ਼ਾਂ ਦੇ ਪ੍ਰਤੀਕ੍ਰਮਣ ਰਾਤ ਨੂੰ ਕਰਨਾ)। ਸਵੇਰ ਦਾ ਖਾਦਾ ਸ਼ਾਮ ਨੂੰ ਯਾਦ ਨਹੀਂ ਰਹਿੰਦਾ, ਉੱਥੇ ਪ੍ਰਤੀਕ੍ਰਮਣ ਕਿਸ ਤਰ੍ਹਾਂ ਕਰਾਂਗੇ?!

ਵੀਤਰਾਗ ਧਰਮ ਕਿਸ ਨੂੰ ਕਹਿੰਦੇ ਹਨ ਕਿ ਪ੍ਰਤੀਦਿਨ ਪੰਜ ਸੌ-ਪੰਜ ਸੌ ਪ੍ਰਤੀਕ੍ਰਮਣ ਕਰੇ। ਜੈਨ ਧਰਮ ਤਾਂ ਹਰ ਜਗ੍ਹਾ ਹੈ ਪਰ ਵੀਤਰਾਗ ਧਰਮ ਨਹੀਂ ਹੈ।ਬਾਰਾਂ ਮਹੀਨੇ ਵਿੱਚ ਇੱਕ ਵਾਰ ਪ੍ਰਤੀਕ੍ਰਮਣ ਕਰੇ, ਉਸ ਨੂੰ ਜੈਨ ਕਿਸ ਤਰ੍ਹਾਂ ਕਹਾਂਗੇ? ਫਿਰ ਵੀ ਸੰਵੰਤਸਰੀ ਪ੍ਰਤੀਕ੍ਰਮਣ ਕਰਦੇ ਹਨ, ਉਸ ਵਿੱਚ ਹਰਜ਼ ਨਹੀਂ ਹੈ।

ਅਸੀਂ ਏਦਾਂ ਬੋਲਦੇ ਹਾਂ, ਪਰ ਅਸੀਂ ਤਾਂ ਬੋਲਣ ਤੋਂ ਪਹਿਲਾਂ ਹੀ ਪ੍ਰਤੀਕ੍ਰਮਣ ਕਰ ਲੈਂਦੇ ਹਾਂ। ਤੁਸੀਂ ਏਦਾਂ ਨਹੀਂ ਬੋਲਣਾ। ਅਸੀਂ ਇੰਨਾ ਕਠੋਰ ਬੋਲਦੇ ਹਾਂ, ਭੁੱਲ ਕੱਢਦੇ ਹਾਂ, ਫਿਰ ਵੀ ਅਸੀਂ ਨਿਰਦੋਸ਼ ਦੇਖਦੇ ਹਾਂ। ਪਰ ਜਗਤ ਨੂੰ ਸਮਝਣਾ ਤਾਂ ਪਵੇਗਾ ਨਾ? ਅਸਲ, ਸਹੀ ਗੱਲ ਤਾਂ ਸਮਝਣੀ ਪਵੇਗੀ ਨਾ?!

ਆਤਮਗਿਆਨ, ਉਹ ਮੋਕਸ਼ ਮਾਰਗ ਹੈ। ਆਤਮਗਿਆਨ ਪ੍ਰਾਪਤੀ ਤੋਂ ਬਾਅਦ ਦੇ ਪ੍ਰਤੀਕ੍ਰਮਣ ਮੋਕਸ਼ ਮਾਰਗ ਦੇਣਗੇ, ਬਾਅਦ ਵਿੱਚ ਸਾਰੀਆਂ ਸਾਧਨਾਵਾਂ ਮੋਕਸ਼ ਮਾਰਗ ਦੇਣਗੀਆਂ।

**ਪ੍ਰਸ਼ਨ ਕਰਤਾ :** ਤਾਂ ਉਹ ਪ੍ਰਤੀਕ੍ਰਮਣ ਉਸਦੇ ਆਤਮਗਿਆਨ ਹੋਣ ਦਾ ਕਾਰਣ ਬਣ ਸਕਣਗੇ?

**ਦਾਦਾ ਸ਼੍ਰੀ :** ਨਹੀ। ਇਹਨਾਂ ਪੁਰਾਣਿਆ ਦਾ ਪ੍ਰਤੀਕ੍ਰਮਣ ਕਰਦਾ ਹੈ ਅਤੇ ਫਿਰ ਤੋਂ ਮੋਹ ਦੇ ਨਵੇ ਅਤੀਕ੍ਰਮਣ ਖੜੇ ਹੁੰਦੇ ਹਨ। ਮੋਹ ਬੰਦ ਨਹੀਂ ਹੋਇਆ ਹੈ ਨਾ? ਮੋਹ ਹੈ ਨਾ? ਦਰਸ਼ਨ ਮੋਹ, ਅਰਥਾਤ ਪੁਰਾਣੇ ਸਾਰੇ ਪ੍ਰਤੀਕ੍ਰਮਣ ਕਰਨ ਨਾਲ ਉਹ ਵਿਲਯ (ਲੁਪਤ) ਹੋ ਜਾਣਗੇ ਪਰ ਨਵੇ ਖੜ੍ਹੇ ਹੋਣਗੇ। ਜਦੋਂ ਪ੍ਰਤੀਕ੍ਰਮਣ ਕਰਦੇ ਹਾਂ, ਉਸ ਘੜੀ ਪੁੰਨ ਬੰਧਦਾ ਹੈ।

ਸੰਸਾਰ ਦੇ ਲੋਕ ਪ੍ਰਤੀਕ੍ਰਮਣ ਕਰਦੇ ਹਨ। ਜੋ ਜਾਗ੍ਰਿਤ ਹਨ ਉਹ ਰਾਇਸ਼ੀ-ਦੇਵਸ਼ੀ ਦੋਵੇ ਕਰਦੇ ਹਨ, ਤਾਂ ਉਨੇ ਦੋਸ਼ ਘਟ ਗਏ। ਪਰ ਜਦੋਂ ਤੱਕ ਦਰਸ਼ਨ ਮੋਹਨੀਯ ਹੈ, ਉਦੋਂ ਤੱਕ ਮੋਕਸ਼ ਨਹੀਂ ਹੋਵੇਗਾ, ਦੋਸ਼ ਉਤਪੰਨ ਹੁੰਦੇ ਹੀ ਰਹਿਣਗੇ। ਜਿੰਨੇ ਪ੍ਰਤੀਕ੍ਰਮਣ ਕਰੇਗਾ ਉਨੇ ਸਾਰੇ ਦੋਸ਼ ਜਾਣਗੇ।

ਅਰਥਾਤ ਇਸ ਕਾਲ ਵਿੱਚ ਹੁਣ ਸ਼ੂਟ ਆਨ ਸਾਈਟ ਦੀ ਗੱਲ ਤਾਂ ਕਿੱਥੇ ਰਹੀ ਪਰ ਕਹਿੰਦੇ ਹਨ ਕਿ, ਸ਼ਾਮ ਨੂੰ ਪੂਰੇ ਦਿਨ ਦਾ ਪ੍ਰਤੀਕ੍ਰਮਣ ਕਰਨਾ। ਉਹ ਗੱਲ ਵੀ ਕਿੱਥੇ ਗਈ। ਹਫ਼ਤੇ ਵਿੱਚ ਇੱਕ ਅੱਧੀ ਵਾਰ ਕਰਨਾ ਉਹ ਗੱਲ ਵੀ ਕਿੱਥੇ ਗਈ ਅਤੇ ਪਾਕਸ਼ਿਕ (ਪੰਦਰਵਾੜਾ) ਵੀ ਕਿੱਥੇ ਗਿਆ, ਅਤੇ ਬਾਰਾਂ ਮਹੀਨੇ ਵਿੱਚ ਇੱਕ ਵਾਰ ਕਰਦੇ ਹਨ। ਉਸਨੂੰ ਵੀ ਨਹੀਂ ਸਮਝਦੇ ਅਤੇ ਨਵੇਂ ਕੱਪੜੇ ਪਾ ਕੇ ਘੁੰਮਦੇ ਰਹਿੰਦੇ ਹਨ। ਅਰਥਾਤ ਰੀਅਲ ਪ੍ਰਤੀਕ੍ਰਮਣ ਕੋਈ ਨਹੀਂ ਕਰਦਾ। ਇਸ ਲਈ ਦੋਸ਼ ਵੱਧਦੇ ਹੀ ਗਏ। ਪ੍ਰਤੀਕ੍ਰਮਣ ਤਾਂ ਉਸਨੂੰ ਕਹਿੰਦੇ ਹਨ ਕਿ ਦੋਸ਼ ਘੱਟਦੇ ਹੀ ਜਾਣ।

ਇਹਨਾਂ ਨੀਰੂ ਭੈਣ ਨੂੰ ਜੇ ਤੁਹਾਡੇ ਲਈ ਜ਼ਰਾ ਵੀ ਉਲਟਾ ਵਿਚਾਰ ਆ ਜਾਵੇ ਕਿ 'ਇਹ ਆ ਗਏ ਅਤੇ ਭੀੜ ਹੋ ਗਈ।' ਇੰਨਾ ਵਿਚਾਰ ਅੰਦਰ ਆਵੇ ਤਾਂ ਤੁਹਾਨੂੰ ਪਤਾ ਨਹੀਂ ਲੱਗਣ ਦੇਣਗੇ। ਚਿਹਰਾ ਹੱਸਦਾ ਰੱਖਣਗੇ। ਉਸ ਵਕਤ ਪ੍ਰਤੀਕ੍ਰਮਣ ਕਰਨਗੇ। ਉਲਟਾ ਵਿਚਾਰ ਆਇਆ, ਉਹ ਅਤੀਕ੍ਰਮਣ ਕੀਤਾ ਕਹਾਉਂਦਾ ਹੈ। ਉਹ ਹਰ ਰੋਜ਼ ਪੰਜ ਸੌ - ਪੰਜ ਸੌ ਪ੍ਰਤੀਕ੍ਰਮਣ ਕਰਦੇ ਹਨ।

ਨਿਰੇ ਦੋਸ਼ ਹੀ ਹੁੰਦੇ ਰਹਿੰਦੇ ਹਨ। ਹੋਸ਼ ਹੀ ਨਹੀਂ ਰਹਿੰਦਾ।

**ਪ੍ਰਸ਼ਨ ਕਰਤਾ :** ਉਹ ਤਾਂ ਭਾਵ ਪ੍ਰਤੀਕ੍ਰਮਣ ਹੈ। ਕਿਰਿਆ ਪ੍ਰਤੀਕ੍ਰਮਣ ਤਾਂ ਹੋ ਹੀ ਨਹੀਂ ਸਕਦੇ ਨਾ?

**ਦਾਦਾ ਸ਼੍ਰੀ :** ਨਹੀ, ਕਿਰਿਆ ਵਿੱਚ ਪ੍ਰਤੀਕ੍ਰਮਣ ਹੁੰਦਾ ਹੀ ਨਹੀ, ਪ੍ਰਤੀਕ੍ਰਮਣ ਤਾਂ, ਭਾਵ ਪ੍ਰਤੀਕ੍ਰਮਣ ਦੀ ਹੀ ਜ਼ਰੂਰਤ ਹੈ, ਜੋ ਕਿਰਿਆਕਾਰੀ ਹੈ। ਕਿਰਿਆ ਪ੍ਰਤੀਕ੍ਰਮਣ ਨਹੀਂ ਹੁੰਦੇ ਹਨ।

**ਪ੍ਰਸ਼ਨ ਕਰਤਾ :** ਦ੍ਰਵ ਪ੍ਰਤੀਕ੍ਰਮਣ ਅਤੇ ਭਾਵ ਪ੍ਰਤੀਕ੍ਰਮਣ ਕੀ ਹੈ? ਇਹ ਜ਼ਰਾ ਸਮਝਾਓ।

**ਦਾਦਾ ਸ਼੍ਰੀ :** ਭਾਵ ਇਸ ਤਰ੍ਹਾਂ ਦਾ ਰੱਖਣਾ ਕਿ 'ਏਦਾਂ ਨਹੀਂ ਹੋਣਾ ਚਾਹੀਦਾ', ਇਹ ਭਾਵ ਪ੍ਰਤੀਕ੍ਰਮਣ ਕਹਾਉਂਦਾ ਹੈ। ਅਤੇ ਦ੍ਰਵ ਪ੍ਰਤੀਕ੍ਰਮਣ ਵਿੱਚ ਤਾਂ ਪੂਰਾ ਸਭ, ਇੱਕ-ਇੱਕ ਸ਼ਬਦ ਬੋਲਣਾ ਪੈਂਦਾ ਹੈ। ਜਿੰਨੇ ਸ਼ਬਦ ਲਿਖੇ ਹੋਏ ਹੁੰਦੇ ਹਨ ਨਾ, ਉਹ ਸਾਰੇ ਤੁਹਾਨੂੰ ਬੋਲਣੇ ਪੈਂਦੇ ਹਨ। ਉਹ ਦ੍ਰਵ ਪ੍ਰਤੀਕ੍ਰਮਣ ਕਹਾਉਂਦਾ ਹੈ।

ਤਾਂ ਇਹ ਪ੍ਰਤੀਕ੍ਰਮਣ ਤਾਂ, ਅੱਜ ਜੇ ਭਗਵਾਨ ਇੱਥੇ ਹੁੰਦੇ ਨਾ, ਤਾਂ ਇਹਨਾਂ ਸਭ ਨੂੰ ਜੇਲ ਵਿੱਚ ਸੁੱਟ ਦਿੰਦੇ। ਓਏ ਭਾਈ ਏਦਾਂ ਕੀਤਾ? ਪ੍ਰਤੀਕ੍ਰਮਣ ਯਾਨੀ ਇੱਕ ਗੁਨਾਹ ਦੀ ਮਾਫ਼ੀ ਮੰਗ ਲੈਣਾ, ਸਾਫ਼ ਕਰ ਦੇਣਾ। ਇੱਕ ਦਾਗ ਲੱਗਿਆ ਹੋਵੇ, ਉਸ ਦਾਗ ਨੂੰ ਧੋ ਕੇ ਸਾਫ਼ ਕਰ ਦੇਣਾ, ਜਿਸ ਤਰ੍ਹਾਂ ਦੀ ਜਗ੍ਹਾ ਸੀ, ਉਸੇ ਤਰ੍ਹਾਂ ਦੀ ਕਰ ਦੇਣਾ, ਉਸਨੂੰ ਪ੍ਰਤੀਕ੍ਰਮਣ ਕਹਿੰਦੇ ਹਨ। ਅੱਜਕੱਲ ਤਾਂ ਨਿਰੇ ਦਾਗ ਵਾਲ਼ੇ ਕੱਪੜੇ ਦਿਖਾਈ ਦਿੰਦੇ ਹਨ।

ਇਹ ਤਾਂ, ਇੱਕ ਵੀ ਦੋਸ਼ ਦਾ ਪ੍ਰਤੀਕ੍ਰਮਣ ਕੀਤਾ ਨਹੀਂ ਅਤੇ ਨਿਰੇ ਦੋਸ਼ਾਂ ਦੇ ਭੰਡਾਰ ਹੋ ਗਏ ਹਨ।

ਇਹ ਨੀਰੂ ਭੈਣ ਹੈ, ਇਹਨਾਂ ਦੇ ਸਾਰੇ ਆਚਾਰ-ਵਿਚਾਰ ਕਿਉਂ ਉੱਚੇ ਹੋ ਗਏ ਹਨ? ਹਰ ਰੋਜ਼ ਪੰਜ ਸੌ-ਪੰਜ ਸੌ ਪ੍ਰਤੀਕ੍ਰਮਣ ਕਰਦੇ ਹਨ ਅਤੇ ਹੁਣ ਕਹਿੰਦੇ ਹਨ ਕਿ ਅੰਦਰ ਤਾਂ ਬਾਰਾਂ ਸੌ-ਬਾਰਾਂ ਸੌ ਪ੍ਰਤੀਕ੍ਰਮਣ ਹੁੰਦੇ ਹਨ। ਅਤੇ ਇਹਨਾਂ ਲੋਕਾਂ ਨੇ ਇੱਕ ਵੀ ਨਹੀਂ ਕੀਤਾ!

ਹਮੇਸ਼ਾ ਹੀ, ਕਰਨ ਨਾਲ ਆਵਰਣ ਆਉਂਦਾ ਹੈ। ਆਵਰਣ ਆਉਣ ਨਾਲ ਭੁੱਲ ਢੱਕ ਜਾਂਦੀ ਹੈ, ਇਸ ਲਈ ਭੁੱਲ ਦਿਖਾਈ ਹੀ ਨਹੀਂ ਦਿੰਦੀ। ਭੁੱਲਾਂ ਤਾਂ ਜਦੋਂ ਆਵਰਣ ਟੁੱਟੇਗਾ ਉਦੋਂ ਦਿਖਾਈ ਦੇਣਗੀਆਂ ਅਤੇ ਉਹ ਆਵਰਣ ਗਿਆਨੀ ਪੁਰਖ ਤੋਂ ਟੁੱਟੇਗਾ, ਨਹੀਂ ਤਾਂ ਖੁਦ ਤੋਂ ਆਵਰਣ ਨਹੀਂ ਟੁੱਟ ਸਕਦਾ। ਗਿਆਨੀ ਪੁਰਖ ਤਾਂ ਸਾਰੇ ਆਵਰਣ ਫਰੈਕਚਰ ਕਰਕੇ ਤੋੜ ਦਿੰਦੇ ਹਨ!!

**ਪ੍ਰਸ਼ਨ ਕਰਤਾ :** ਕਿਸ ਤਰ੍ਹਾਂ ਕੀਤਾ ਹੋਇਆ ਪ੍ਰਤੀਕ੍ਰਮਣ ਸ਼ੁੱਧ ਮੰਨਿਆ ਜਾਂਦਾ ਹੈ? ਸਹੀ ਪ੍ਰਤੀਕ੍ਰਮਣ ਕਿਵੇਂ ਕੀਤਾ ਜਾਂਦਾ ਹੈ?

**ਦਾਦਾ ਸ਼੍ਰੀ :** ਸਮਕਿਤ ਹੋਣ ਤੋਂ ਬਾਅਦ ਸਹੀ ਪ੍ਰਤੀਕ੍ਰਮਣ ਹੋ ਸਕਦਾ ਹੈ। ਸਮਯਕਤਵ ਹੋਣ ਤੋਂ ਬਾਅਦ, ਦ੍ਰਿਸ਼ਟੀ ਸੁਲਟੀ ਹੋਣ ਤੋਂ ਬਾਅਦ, ਆਤਮ ਦ੍ਰਿਸ਼ਟੀ ਹੋਣ ਤੋਂ ਬਾਅਦ ਸਹੀ ਪ੍ਰਤੀਕ੍ਰਮਣ ਹੋ ਸਕਦਾ ਹੈ। ਪਰ ਉਦੋਂ ਤੱਕ ਜੇ ਪ੍ਰਤੀਕ੍ਰਮਣ ਕਰੇ ਅਤੇ ਪਛਤਾਵਾ ਕਰੇ ਤਾਂ ਉਸ ਨਾਲ ਜ਼ਰਾ ਘਟ ਜਾਵੇਗਾ । ਆਤਮ ਦ੍ਰਿਸ਼ਟੀ ਨਾ ਹੋਈ ਹੋਵੇ ਅਤੇ ਸੰਸਾਰ ਦੇ ਲੋਕ ਗਲਤ ਹੋਣ ਤੋਂ ਬਾਅਦ ਪਛਤਾਵਾ ਕਰਨ ਅਤੇ ਪ੍ਰਤੀਕ੍ਰਮਣ ਕਰਨ ਤਾਂ ਉਸ ਨਾਲ ਪਾਪ ਘੱਟ ਬੰਨੇ ਜਾਣਗੇ। ਸਮਝ ਵਿੱਚ ਆਇਆ ਨਾ? ਪ੍ਰਤੀਕ੍ਰਮਣ- ਪਛਤਾਵਾ ਕਰਨ ਨਾਲ ਕਰਮ ਖਤਮ ਹੋ ਜਾਣਗੇ!

ਕੱਪੜੇ ਤੇ ਚਾਹ ਦਾ ਦਾਗ ਲੱਗਦੇ ਹੀ ਉਸੇ ਵਕਤ ਉਸ ਨੂੰ ਧੋ ਦਿੰਦੇ ਹੋ। ਏਦਾਂ ਕਿਉਂ?

**ਪ੍ਰਸ਼ਨ ਕਰਤਾ :** ਦਾਗ ਨਿੱਕਲ ਜਾਵੇ, ਇਸ ਲਈ।

**ਦਾਦਾ ਸ਼੍ਰੀ :** ਉਸੇ ਤਰ੍ਹਾਂ ਅੰਦਰ ਦਾਗ ਲੱਗਣ ਤੇ ਤੁਰੰਤ ਧੋ ਦੇਣਾ ਚਾਹੀਦਾ ਹੈ। ਇਹ ਲੋਕ ਤੁਰੰਤ ਧੋ ਦਿੰਦੇ ਹਨ। ਕੋਈ ਕਸ਼ਾਏ ਉਤਪੰਨ ਹੋਇਆ, ਕੁੱਝ ਹੋਇਆ ਕਿ ਤੁਰੰਤ ਧੋ ਦਿੰਦੇ ਹਨ ਤਾਂ ਸਾਫ਼ ਹੀ ਸਾਫ਼, ਸੁੰਦਰ ਹੀ ਸੁੰਦਰ! ਤੁਸੀਂ ਤਾਂ ਬਾਰਾਂ ਮਹੀਨੇ ਵਿੱਚ ਇੱਕ ਵਾਰ ਕਰਦੇ ਹੋ, ਉਸ ਦਿਨ ਸਾਰੇ ਕੱਪੜੇ ਡੁਬੋ ਦਿੰਦੇ ਹੋ?!

ਸਾਡਾ ਪ੍ਰਤੀਕ੍ਰਮਣ ਸ਼ੂਟ ਆਨ ਸਾਈਟ ਕਹਾਉਂਦਾ ਹੈ। ਅਰਥਾਤ ਤੁਸੀਂ ਜੋ ਕਰਦੇ ਹੋ ਉਹ ਪ੍ਰਤੀਕ੍ਰਮਣ ਨਹੀਂ ਕਹਾਉਂਦਾ। ਕਿਉਂਕਿ ਤੁਹਾਡਾ ਇੱਕ ਵੀ ਕੱਪੜਾ ਨਹੀਂ ਧੋਤਾ ਜਾਂਦਾ ਅਤੇ ਸਾਡੇ ਸਾਰੇ ਧੋ ਕੇ ਸਾਫ਼ ਹੋ ਗਏ। ਪ੍ਰਤੀਕ੍ਰਮਣ ਤਾਂ ਉਹੀ ਕਹਾਉਂਦਾ ਹੈ ਕਿ ਜਿਸ ਨਾਲ ਕੱਪੜੇ ਧੋਤੇ ਜਾਣ ਤੇ ਸਾਫ਼ ਹੋ ਜਾਣ।

ਰੋਜ਼ਾਨਾ ਇੱਕ-ਇੱਕ ਕਰਕੇ ਕੱਪੜੇ ਧੋਣੇ ਪੈਣਗੇ। ਜਦੋਂ ਕਿ ਜੈਨ ਕੀ ਕਰਦੇ ਹਨ? ਜਦੋਂ ਬਾਰਾਂ ਮਹੀਨੇ ਹੋ ਜਾਣ, ਉਦੋਂ ਬਾਰਾਂ ਮਹੀਨਿਆਂ ਦੇ ਸਾਰੇ ਕੱਪੜੇ ਇੱਕੋ ਵਾਰ ਧੋਂਦੇ ਹਨ! ਭਗਵਾਨ ਦੇ ਉੱਥੇ ਤਾਂ ਏਦਾਂ ਨਹੀਂ ਚੱਲਦਾ। ਇਹ ਲੋਕ ਬਾਰਾਂ ਮਹੀਨੇ ਵਿੱਚ ਇੱਕ ਵਾਰ ਕੱਪੜੇ ਉਬਾਲਦੇ ਹਨ ਜਾਂ ਨਹੀ? ਇਹਨਾਂ ਨੂੰ ਤਾਂ ਇੱਕ-ਇੱਕ ਕਰਕੇ ਧੋਣਾਂ ਪਵੇਗਾ। ਹਰ ਰੋਜ਼ ਪੰਜ ਸੌ-ਪੰਜ ਸੌ ਕੱਪੜੇ (ਦੋਸ਼) ਪੂਰੇ ਦਿਨ ਧੋਤੇ ਜਾਣਗੇ ਤਾਂ ਕੰਮ ਹੋਵੇਗਾ।

ਜਿੰਨੇ ਦੋਸ਼ ਦਿਖਣਗੇ, ਉਨੇ ਘੱਟਦੇ ਜਾਣਗੇ। ਇਹਨਾਂ ਨੂੰ ਰੋਜ਼ ਦੇ ਪੰਜ ਸੌ ਦੋਸ਼ ਦਿਖਾਈ ਦਿੰਦੇ ਹਨ। ਹੁਣ ਦੂਸਰਿਆਂ ਨੂੰ ਦਿਖਾਈ ਨਹੀਂ ਦਿੰਦੇ, ਉਸਦੀ ਕੀ ਵਜ੍ਹਾ ਹੈ? ਹਾਲੇ ਕੱਚਾ ਹੈ ਇੰਨਾ, ਕੀ ਦੋਸ਼ ਰਹਿਤ ਹੋ ਗਿਆ ਹੈ, ਜੋ ਦਿਖਾਈ ਨਹੀਂ ਦਿੰਦੇ?

ਭਗਵਾਨ ਨੇ ਰੋਜ਼ (ਆਪਣੇ ਦੋਸ਼ਾਂ ਦਾ) ਬਹੀਖਾਤਾ ਲਿਖਣ ਨੂੰ ਕਿਹਾ ਸੀ, ਹੁਣ ਬਾਰਾਂ ਮਹੀਨੇ ਵਿੱਚ ਇੱਕ ਵਾਰ ਬਹੀਖਾਤਾ ਲਿਖਦੇ ਹਨ। ਜਦੋਂ ਪਰਿਊਸ਼ਣ ਆਉਂਦਾ ਹੈ ਉਦੋਂ। ਭਗਵਾਨ ਨੇ ਕਿਹਾ ਸੀ ਕਿ ਸੱਚਾ ਵਪਾਰੀ ਹੋਵੇ ਤਾਂ ਰੋਜ਼ਾਨਾ ਲਿਖਣਾ ਅਤੇ ਸ਼ਾਮ ਨੂੰ ਹਿਸਾਬ ਕੱਢਣਾ। ਬਾਰਾਂ ਮਹੀਨੇ ਵਿੱਚ ਇੱਕ ਵਾਰ ਬਹੀਖਾਤਾ ਲਿਖਦਾ ਹੈ, ਉਸ ਸਮੇਂ ਫਿਰ ਕੀ ਯਾਦ ਰਹੇਗਾ? ਉਸ ਸਮੇਂ ਕਿਹੜੀ ਰਕਮ ਯਾਦ ਰਹੇਗੀ? ਭਗਵਾਨ ਨੇ ਕਿਹਾ ਸੀ ਕਿ ਸੱਚਾ ਵਪਾਰੀ ਬਣਨਾ ਅਤੇ ਰੋਜ਼ ਦਾ ਬਹੀਖਾਤਾ ਰੋਜ਼ ਲਿਖਣਾ ਅਤੇ ਬਹੀਖਾਤੇ ਵਿੱਚ ਕੁੱਝ ਗਲਤੀ ਹੋ ਗਈ ਹੋਵੇ, ਅਵਿਨਯ ਹੋ ਗਿਆ ਹੋਵੇ ਤਾਂ ਤੁਰੰਤ ਹੀ ਪ੍ਰਤੀਕ੍ਰਮਣ ਕਰਨਾ, ਉਸਨੂੰ ਮਿਟਾ ਦੇਣਾ।

## 4. ਅਹੋ! ਅਹੋ! ਇਹ ਜਾਗ੍ਰਿਤ ਦਾਦਾ

ਇਸ ਦੁਨੀਆਂ ਵਿੱਚ ਸਭ ਨਿਰਦੋਸ਼ ਹਨ। ਪਰ ਦੇਖੋ ਨਾ ਇਹੋ ਜਿਹੀ ਕਠੋਰ ਬਾਣੀ ਨਿਕਲ ਰਹੀ ਹੈ ਨਾ?! ਅਸੀਂ ਤਾਂ ਇਹਨਾਂ ਸਾਰਿਆਂ ਨੂੰ ਨਿਰਦੋਸ਼ ਦੇਖਿਆ ਹੈ, ਇੱਕ ਵੀ ਦੋਸ਼ਿਤ ਨਹੀਂ ਹੈ। ਸਾਨੂੰ ਦੋਸ਼ਿਤ ਦਿਖਾਈ ਹੀ ਨਹੀਂ ਦਿੰਦਾ, ਸਿਰਫ ਦੋਸ਼ਿਤ ਕਹਿ ਦਿੰਦੇ ਹਾਂ। ਕੀ ਏਦਾਂ ਕਹਿਣਾ ਚਾਹੀਦਾ ਹੈ? ਕੀ ਬੋਲਣਾ ਜਰੂਰੀ ਹੈ? ਕਿਸੇ ਬਾਰੇ ਕੁੱਝ ਵੀ ਨਹੀਂ ਬੋਲਣਾ ਚਾਹੀਦਾ। ਉਸਦੇ ਪਿੱਛੇ ਤੁਰੰਤ ਹੀ ਉਸਦੇ ਪ੍ਰਤੀਕ੍ਰਮਣ ਚੱਲਦੇ ਰਹਿੰਦੇ ਹਨ। ਇਹ ਸਾਡੀ ਚਾਰ ਡਿਗਰੀ ਦੀ ਕਮੀ ਹੈ, ਉਸਦਾ ਇਹ ਪਰਿਣਾਮ ਹੈ। ਪਰ ਪ੍ਰਤੀਕ੍ਰਮਣ ਕੀਤੇ ਬਗੈਰ ਨਹੀਂ ਚਲੇਗਾ।

ਅਸੀਂ ਕੁੱਝ ਕਹਿ ਦਿੰਦੇ ਹਾਂ, ਕਠੋਰ ਸ਼ਬਦ ਬੋਲਦੇ ਹਾਂ, ਉਹ ਜਾਣ-ਬੁੱਝ ਕੇ ਬੋਲਦੇ ਹਾਂ ਪਰ ਕੁਦਰਤ ਦੇ ਪ੍ਰਤੀ ਸਾਡੀ ਭੁੱਲ ਤਾਂ ਹੋਈ ਨਾ! ਇਸ ਲਈ ਅਸੀਂ ਉਸਦਾ ਪ੍ਰਤੀਕ੍ਰਮਣ (ਏ.ਐਮ.ਪਟੇਲ ਤੋਂ) ਕਰਵਾਉਂਦੇ ਹਾਂ। ਹਰ ਭੁੱਲ ਦਾ ਪ੍ਰਤੀਕ੍ਰਮਣ ਹੁੰਦਾ ਹੈ। ਸਾਹਮਣੇ ਵਾਲੇ ਦਾ ਮਨ ਟੁੱਟ ਨਾ ਜਾਵੇ, ਸਾਡਾ ਇਸ ਤਰ੍ਹਾਂ ਰਹਿੰਦਾ ਹੈ।

ਮੇਰੇ ਤੋਂ 'ਹੈ' ਉਸਨੂੰ 'ਨਹੀਂ ਹੈ' ਇਹ ਨਹੀਂ ਕਿਹਾ ਜਾ ਸਕਦਾ ਅਤੇ 'ਨਹੀਂ ਹੈ' ਉਸਨੂੰ 'ਹੈ' ਇਹ ਨਹੀਂ ਕਿਹਾ ਜਾ ਸਕਦਾ। ਇਸ ਲਈ ਮੇਰੇ ਤੋਂ ਕੁੱਝ ਲੋਕਾਂ ਨੂੰ ਦੁੱਖ ਹੋ ਜਾਂਦਾ ਹੈ। ਜੇ 'ਨਹੀਂ ਹੈ' ਉਸਨੂੰ ਮੈ 'ਹੈ' ਕਹਾਂ ਤਾਂ ਤੁਹਾਡੇ ਮਨ ਵਿੱਚ ਭਰਮ ਪੈਦਾ ਹੋ ਜਾਵੇਗਾ। ਅਤੇ ਇਸ ਤਰ੍ਹਾਂ ਬੋਲਣ ਤੇ ਉਹਨਾਂ ਲੋਕਾਂ (ਵਿਰੋਧੀਆਂ) ਦੇ ਮਨ ਤੇ ਉਲਟਾ ਅਸਰ ਹੋਵੇਗਾ ਕਿ 'ਇਸ ਤਰ੍ਹਾਂ ਕਿਉਂ ਬੋਲ ਰਹੇ ਹਨ?' ਇਸ ਲਈ ਇਸ ਤਰ੍ਹਾਂ ਜਦੋਂ ਬੋਲਣਾ ਪਿਆ ਹੋਵੇ ਤਾਂ ਮੈਨੂੰ ਉਹਨਾਂ ਦੇ ਪ੍ਰਤੀਕ੍ਰਮਣ ਕਰਨੇ ਪੈਂਦੇ ਹਨ! ਕਿਉਂਕਿ ਉਹਨਾਂ ਨੂੰ ਦੁੱਖ ਤਾਂ ਹੋਣਾ ਹੀ ਨਹੀਂ ਚਾਹੀਦਾ। ਕੋਈ ਮੰਨਦਾ ਹੋਵੇ ਕਿ ਇਸ ਪਿੱਪਲ਼ ਦੇ ਦਰਖਤ ਤੇ ਭੂਤ ਹੈ ਅਤੇ ਮੈਂ ਕਹਾਂ ਕਿ ਭੂਤ ਵਰਗੀ ਕੋਈ ਚੀਜ਼ ਨਹੀਂ ਹੈ ਇਸ ਦਰਖਤ ਤੇ ਤਾਂ ਇਸ ਨਾਲ ਉਸਨੂੰ ਦੁੱਖ ਹੋਵੇਗਾ। ਇਸ ਲਈ ਫਿਰ ਮੈਨੂੰ ਪ੍ਰਤੀਕ੍ਰਮਣ ਕਰਨਾ ਪੈਂਦਾ ਹੈ। ਉਹ ਤਾਂ ਹਮੇਸ਼ਾਂ ਕਰਨਾ ਹੀ ਪਵੇਗਾ ਨਾ!

**ਪ੍ਰਸ਼ਨ ਕਰਤਾ :** ਦੂਸਰਿਆਂ ਦੀ ਸਮਝ ਨਾਲ ਗਲਤ ਲੱਗਦਾ ਹੋਵੇ ਤਾਂ ਉਸਦੇ ਲਈ ਕੀ ਕਰੀਏ?

**ਦਾਦਾ ਸ਼੍ਰੀ :** ਇਹ ਜਿੰਨ੍ਹੇ ਵੀ ਸੱਚ (ਸਤ) ਹਨ, ਉਹ ਸਾਰੇ ਵਿਵਹਾਰਿਕ ਸਤ ਹਨ। ਇਹ ਸਾਰੇ ਝੂਠ ਹਨ। ਵਿਵਹਾਰਿਕ ਰੂਪ ਵਿੱਚ ਸੱਚ (ਸਤ) ਹੈ। ਮੋਕਸ਼ ਵਿੱਚ ਜਾਣਾ ਹੋਵੇ ਤਾਂ ਸਾਰੇ ਝੂਠ ਹਨ। ਸਭ ਦਾ ਪ੍ਰਤੀਕ੍ਰਮਣ ਕਰਨਾ ਪਵੇਗਾ। 'ਮੈਂ ਆਚਾਰਿਆ ਹਾਂ' ਉਸਦਾ ਵੀ ਪ੍ਰਤੀਕ੍ਰਮਣ ਕਰਨਾ ਪਵੇਗਾ। 'ਮੈਂ ਆਪਣੇ ਆਪ ਨੂੰ ਆਚਾਰਿਆ ਮੰਨਿਆ' ਉਸਦਾ ਵੀ ਪ੍ਰਤੀਕ੍ਰਮਣ ਕਰਨਾ ਪਵੇਗਾ। ਕਿਉਂਕਿ 'ਮੈਂ ਸ਼ੁੱਧਆਤਮਾ ਹਾਂ,' ਤਾਂ ਇਹ ਸਭ ਝੂਠ ਹੈ। ਤੈਨੂੰ ਇਹ ਸਮਝ ਵਿੱਚ ਆ ਰਿਹਾ ਹੈ ਜਾਂ ਨਹੀ?

**ਪ੍ਰਸ਼ਨ ਕਰਤਾ :** ਆ ਹੀ ਰਿਹਾ ਹੈ।

**ਦਾਦਾ ਸ਼੍ਰੀ :** ਸਭ ਝੂਠ। ਲੋਕ ਤਾਂ ਨਾ ਸਮਝਣ ਦੇ ਕਾਰਣ ਕਹਿੰਦੇ ਹਨ ਕਿ 'ਮੈਂ ਸੱਚ ਕਹਿ ਰਿਹਾ ਹਾਂ'। ਓਏ, ਸਤ (ਸੱਚ) ਕਹੀਏ ਤਾਂ ਕੋਈ ਪ੍ਰਤੀਘਾਤ (ਵਿਰੁਧ ਹਮਲਾ) ਹੀ ਨਾ ਹੋਵੇ!

ਏਦਾਂ ਹੈ ਨਾ, ਅਸੀਂ ਜਿਸ ਘੜੀ ਬੋਲਦੇ ਹਾਂ, ਉਸ ਘੜੀ ਸਾਡੇ ਜ਼ੋਰਦਾਰ ਪ੍ਰਤੀਕ੍ਰਮਣ ਵੀ ਚੱਲਦੇ ਰਹਿੰਦੇ ਹਨ। ਬੋਲਦੇ ਸਮੇਂ ਨਾਲ ਹੀ।

**ਪ੍ਰਸ਼ਨ ਕਰਤਾ :** ਪਰ ਜੋ ਗੱਲ ਸਹੀ ਹੈ, ਉਹ ਕਹਿ ਰਹੇ ਸੀ, ਉਸਦੇ ਲਈ ਕੀ ਪ੍ਰਤੀਕ੍ਰਮਣ ਕਰਨਾ?

**ਦਾਦਾ ਸ਼੍ਰੀ :** ਨਹੀਂ, ਫਿਰ ਵੀ ਪ੍ਰਤੀਕ੍ਰਮਣ ਤਾਂ ਕਰਨੇ ਹੀ ਪੈਂਣਗੇ ਨਾ। ਤੂੰ ਕਿਸੇ ਦਾ ਗੁਨਾਹ ਦੇਖਿਆ ਹੀ ਕਿਉਂ? ਨਿਰਦੋਸ਼ ਹੈ ਫਿਰ ਵੀ ਦੋਸ਼ ਕਿਉਂ ਦੇਖਿਆ? ਨਿਰਦੋਸ਼ ਹੈ ਫਿਰ ਵੀ ਉਸਦੀ ਨਿੰਦਾ ਤਾਂ ਹੋਈ ਨਾ? ਜਿਸ ਗੱਲ ਨਾਲ ਕਿਸੇ ਦੀ ਨਿੰਦਾ ਹੋਵੇ, ਇਹੋ ਜਿਹੀ ਸਹੀ ਗੱਲ ਵੀ ਨਹੀਂ ਕਹਿਣੀ ਚਾਹੀਦੀ। ਇਹੋ ਜਿਹੀ ਸਹੀ ਗੱਲ ਵੀ ਗੁਨਾਹ ਹੈ। ਸੰਸਾਰ ਵਿੱਚ ਸਹੀ ਗੱਲ ਕਹਿਣਾ ਵੀ ਗੁਨਾਹ ਹੈ। ਸਹੀ ਗੱਲ ਹਿੰਸਕ ਨਹੀਂ ਹੋਣੀ ਚਾਹੀਦੀ। ਇਸਨੂੰ ਹਿੰਸਕ ਗੱਲ ਕਿਹਾ ਜਾਵੇਗਾ।

ਆਲੋਚਨਾ, ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ, ਉਹ ਮੋਕਸ਼ ਮਾਰਗ ਹੈ। ਆਪਣੇ ਮਹਾਤਮਾ ਕੀ ਕਰਦੇ ਹਨ? ਪੂਰਾ ਦਿਨ ਆਲੋਚਨਾ, ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ ਹੀ ਕਰਦੇ ਰਹਿੰਦੇ ਹਨ। ਹੁਣ ਉਹਨਾਂ ਨੂੰ ਕਹਾਂਗੇ ਕਿ 'ਤੁਸੀਂ ਇਸ ਪਾਸੇ ਚੱਲੋ। ਵਰਤ, ਨਿਯਮ ਕਰੋ।' ਤਾਂ ਕਹਿਣਗੇ, 'ਅਸੀਂ ਵਰਤ, ਨਿਯਮ ਦਾ ਕੀ ਕਰਨਾ ਹੈ? ਸਾਡੇ ਅੰਦਰ ਠੰਡਕ ਹੈ, ਸਾਨੂੰ ਚਿੰਤਾ ਨਹੀਂ ਹੈ। ਉਪਾਧੀ ਨਹੀਂ ਹੈ। ਨਿਰੰਤਰ ਸਮਾਧੀ ਵਿੱਚ ਹੀ ਰਹਿੰਦੇ ਹਾਂ। ਫਿਰ ਕਿਸ ਲਈ?' ਉਹ ਤਾਂ ਕਲ਼ੇਸ਼ ਕਹਾਏ। ਉਪਾਦਾਨ ਤਪ ਅਤੇ ਫਲਾਣਾ ਤਪ। ਉਹ ਸਭ ਤਾਂ ਉਲਝਣ ਵਿੱਚ ਪਏ ਹੋਏ ਲੋਕ ਕਰਦੇ ਹਨ। ਜਿਨ੍ਹਾਂ ਨੂੰ ਜ਼ਰੂਰਤ ਹੈ, ਸ਼ੌਂਕ ਹੈ। ਇਸ ਲਈ ਅਸੀਂ ਕਹਿੰਦੇ ਹਾਂ ਕਿ ਇਹ ਤਪ ਤਾਂ ਸ਼ੌਕੀਨ ਲੋਕਾਂ ਦਾ ਕੰਮ ਹੈ। ਜੋ ਸੰਸਾਰ ਦੇ ਸ਼ੌਕੀਨ ਹੋਣ, ਉਹਨਾਂ ਨੂੰ ਤਪ ਕਰਨੇ ਚਾਹੀਦੇ ਹਨ।

**ਪ੍ਰਸ਼ਨ ਕਰਤਾ :** ਪਰ ਇਹੋ ਜਿਹੀ ਮਾਨਤਾ ਹੈ ਕਿ ਤਪ ਕਰਨ ਨਾਲ ਕਰਮਾਂ ਦੀ ਨਿਰਜਰਾ ਹੁੰਦੀ ਹੈ।

**ਦਾਦਾ ਸ਼੍ਰੀ :** ਇਸ ਤਰ੍ਹਾਂ ਕਦੇ ਵੀ ਨਹੀਂ ਹੁੰਦਾ। ਕਿਹੜੇ ਤਪ ਨਾਲ ਨਿਰਜਰਾ ਹੁੰਦੀ ਹੈ? ਆਂਤਰਿਕ ਤਪ ਚਾਹੀਦਾ ਹੈ। ਅਦੀਠ ਤਪ। ਜੋ ਅਸੀਂ ਕਹਿੰਦੇ ਹਾਂ ਨਾ ਕਿ ਇਹ ਸਾਡੇ ਸਾਰੇ ਮਹਾਤਮਾ ਅਦੀਠ ਤਪ ਕਰਦੇ ਹਨ। ਜੋ ਤਪ ਅੱਖਾਂ ਨਾਲ ਦਿਖਾਈ ਨਹੀਂ ਦਿੰਦਾ। ਅਤੇ ਅੱਖਾਂ ਨਾਲ ਦਿਖਾਈ ਦੇਣ ਵਾਲੇ ਤਪ ਅਤੇ ਜੋ ਜਾਣੇ ਜਾ ਸਕਣ ਇਹੋ ਜਿਹੇ ਤਪ, ਉਹਨਾਂ ਸਭ ਦਾ ਫ਼ਲ ਪੁੰਨ ਹੈ। ਅਤੇ ਅਦੀਠ ਤਪ ਅਰਥਾਤ ਅੰਦਰ ਦਾ ਤਪ, ਆਂਤਰਿਕ ਤਪ, ਜੋ ਬਾਹਰ ਨਹੀਂ ਦਿਖਦਾ, ਉਹਨਾਂ ਸਭ ਦਾ ਫ਼ਲ ਮੋਕਸ਼ ਹੈ।

ਸਾਧਵੀਆਂ ਨੂੰ ਕੀ ਕਰਨਾ ਚਾਹੀਦਾ ਹੈ? ਸਾਧਵੀਆਂ ਜਾਣਦੀਆਂ ਹਨ ਕਿ ਸਾਨੂੰ ਕਸ਼ਾਏ ਹੁੰਦੇ ਹਨ, ਪੂਰੇ ਦਿਨ ਕਸ਼ਾਏ ਹੁੰਦੇ ਰਹਿੰਦੇ ਹਨ, ਤਾਂ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ? ਸ਼ਾਮ ਨੂੰ ਬੈਠ ਕੇ ਪੂਰਾ ਇੱਕ ਗੁਣਸਥਾਨਕ, ਇਹ ਕਸ਼ਾਏ ਭਾਵ ਹੋਇਆ, ਇਹਨਾਂ ਦੇ ਲਈ ਇਹ ਕਸ਼ਾਏ ਭਾਵ ਹੋਇਆ, ਇਹਨਾਂ ਦੇ ਲਈ ਇਹ ਕਸ਼ਾਏ ਭਾਵ ਹੋਇਆ, ਬੈਠ ਕੇ ਉਹਨਾਂ ਦੇ ਲਈ ਇਸ ਤਰ੍ਹਾਂ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ ਅਤੇ

ਪ੍ਰਤਿਆਖਿਆਨ ਕਰਨੇ ਚਾਹੀਦੇ ਹਨ ਕਿ 'ਇਸ ਤਰ੍ਹਾਂ ਨਹੀਂ ਕਰੂੰਗੀ, ਇਸ ਤਰ੍ਹਾਂ ਨਹੀਂ ਕਰੂੰਗੀ,' ਤਾਂ ਉਹ ਮੋਕਸ਼ ਮਾਰਗ ਤੇ ਚੱਲ ਰਹੀਆਂ ਹਨ।

ਇਹੋ ਜਿਹਾ ਤਾਂ ਕੁੱਝ ਨਹੀਂ ਕਰਦੀਆਂ ਹਨ ਉਹ ਵਿਚਾਰੇ, ਫਿਰ ਕੀ ਹੋਵੇਗਾ? ਇਸ ਤਰ੍ਹਾਂ ਮੋਕਸ਼ ਮਾਰਗ ਨੂੰ ਸਮਝਾਂਗੇ ਤਾਂ ਉਸ ਉੱਤੇ ਚੱਲ ਸਕਾਂਗੇ ਨਾ, ਸਮਝਣ ਦੀ ਜ਼ਰੂਰਤ ਹੈ।

**ਪ੍ਰਸ਼ਨ ਕਰਤਾ :** ਜਦੋਂ ਤੱਕ ਉਹਨਾਂ ਤੋਂ ਪ੍ਰਤੱਖ ਮਾਫ਼ੀ ਨਹੀਂ ਮੰਗਦੇ, ਉਦੋਂ ਤੱਕ ਉਹਨਾਂ ਨੂੰ ਖਟਕਦਾ ਤਾਂ ਰਹੇਗਾ ਨਾ! ਸੋ: ਪ੍ਰਤੱਖ ਮਾਫ਼ੀ ਤਾਂ ਮੰਗਣੀ ਹੀ ਪਵੇਗੀ ਨਾ?

**ਦਾਦਾ ਸ਼੍ਰੀ :** ਪ੍ਰਤੱਖ ਮਾਫ਼ੀ ਮੰਗਣ ਦੀ ਜ਼ਰੂਰਤ ਹੀ ਨਹੀਂ ਹੈ। ਭਗਵਾਨ ਨੇ ਮਨਾ ਕੀਤਾ ਹੈ। ਜੇ ਭਲਾ ਆਦਮੀ ਹੋਵੇ ਤਾਂ, ਉਸ ਤੋਂ ਮਾਫ਼ੀ ਮੰਗਣਾ, ਪ੍ਰਤੱਖ ਮਾਫ਼ੀ ਮੰਗਣਾ ਅਤੇ ਜੇ ਉਹ ਕਮਜੋਰ ਆਦਮੀ ਹੋਵੇ ਤਾਂ ਮਾਫ਼ੀ ਮੰਗਣ ਤੇ ਤਾਨ੍ਹਾਂ ਮਾਰੇਗਾ ਅਤੇ ਕਮਜ਼ੋਰ ਆਦਮੀ ਹੋਰ ਜ਼ਿਆਦਾ ਕਮਜੋਰ ਹੁੰਦਾ ਜਾਵੇਗਾ। ਇਸ ਲਈ ਪ੍ਰਤੱਖ ਨਾ ਕਰਨਾ ਅਤੇ ਪ੍ਰਤੱਖ ਕਰਨਾ ਹੋਵੇ ਤਾਂ ਜੇ ਬਹੁਤ ਭਲਾ ਆਦਮੀ ਹੋਵੇ, ਤਾਂ ਹੀ ਕਰਨਾ। ਕਮਜ਼ੋਰ ਤਾਂ ਉੱਪਰ ਤੋਂ ਮਾਰੇਗਾ। ਅਤੇ ਪੂਰਾ ਜਗਤ ਕਮਜ਼ੋਰ ਹੀ ਹੈ। ਬਦਲੇ ਵਿੱਚ ਤਾਨ੍ਹਾਂ ਮਾਰੇਗਾ, 'ਹਾਂ, ਮੈਂ ਕਹਿੰਦੀ ਸੀ ਨਾ, ਤੂੰ ਸਮਝਦੀ ਨੀ ਸੀ, ਮੰਨਦੀ ਹੀ ਨਹੀਂ ਸੀ, ਹੁਣ ਆਈ ਟਿਕਾਣੇ ਤੇ।' ਓਏ ਭਾਈ, ਉਹ ਟਿਕਾਣੇ ਤੇ ਹੀ ਹੈ, ਉਹ ਵਿਗੜੀ ਹੋਈ ਨਹੀਂ ਹੈ। ਤੂੰ ਵਿਗੜੀ ਹੋਈ ਹੈ, ਉਹ ਤਾਂ ਸੁਧਰੀ ਹੋਈ ਹੈ, ਸੁਧਰ ਰਹੀ ਹੈ।

ਮੋਕਸ਼ ਮਾਰਗ ਵਿੱਚ ਕਿਰਿਆ ਕਾਂਡ ਜਾਂ ਇਹੋ ਜਿਹਾ ਕੁੱਝ ਨਹੀਂ ਹੁੰਦਾ। ਸਿਰਫ ਸੰਸਾਰ ਮਾਰਗ ਵਿੱਚ ਕਿਰਿਆ ਕਾਂਡ ਹੁੰਦੇ ਹਨ। ਸੰਸਾਰ ਮਾਰਗ ਭਾਵ ਜਿਸਨੂੰ ਭੌਤਿਕ ਸੁੱਖ ਚਾਹੀਦੇ ਹਨ, ਹੋਰ ਕੁੱਝ ਚਾਹੀਦਾ ਹੈ, ਉਸਦੇ ਲਈ ਕਿਰਿਆ ਕਾਂਡ ਹਨ। ਮੋਕਸ਼ ਮਾਰਗ ਵਿੱਚ ਇਹੋ ਜਿਹਾ ਕੁੱਝ ਨਹੀਂ ਹੁੰਦਾ। ਮੋਕਸ਼ ਮਾਰਗ ਭਾਵ ਕੀ? ਆਲੋਚਨਾ, ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ। ਚਲਾਉਂਦੇ ਹੀ ਜਾਓ ਆਪਣੀ ਗੱਡੀ। ਆਪਣਾ ਇਹ ਮੋਕਸ਼

ਮਾਰਗ ਹੈ। ਉਸ ਵਿੱਚ ਕਿਰਿਆ ਕਾਂਡ ਅਤੇ ਇਹੋ ਜਿਹਾ ਕੁੱਝ ਨਹੀਂ ਹੁੰਦਾ ਨਾ!

ਆਲੋਚਨਾ, ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ, ਇਹੀ ਹੈ ਮੋਕਸ਼ ਮਾਰਗ। ਕਿੰਨੇ ਹੀ ਜਨਮਾਂ ਤੋਂ ਸਾਡੀ ਇਹ ਲਾਈਨ (ਮਾਰਗ) ਹੈ, ਕਿੰਨੇ ਹੀ ਜਨਮਾਂ ਤੋਂ ਆਲੋਚਨਾ- ਪ੍ਰਤੀਕ੍ਰਮਣ - ਪ੍ਰਤਿਆਖਿਆਨ ਕਰਦੇ-ਕਰਦੇ ਇੱਥੇ ਤੱਕ ਪਹੁੰਚੇ ਹਾਂ।

ਕਸ਼ਾਏ ਨਹੀਂ ਕਰਨਾ ਅਤੇ ਪ੍ਰਤੀਕ੍ਰਮਣ ਕਰਨਾ, ਇਹੀ ਦੋ ਧਰਮ ਹਨ। ਕਸ਼ਾਏ ਨਹੀਂ ਕਰਨਾ, ਉਹ ਧਰਮ ਹੈ। ਅਤੇ ਪੂਰਵ ਕਰਮ ਦੇ ਅਨੁਸਾਰ ਹੋ ਜਾਵੇ ਤਾਂ ਉਹਨਾਂ ਦੇ ਪ੍ਰਤੀਕ੍ਰਮਣ ਕਰਨਾ, ਇਹੀ ਧਰਮ ਹੈ। ਬਾਕੀ ਹੋਰ ਕੋਈ ਧਰਮ ਵਰਗੀ ਚੀਜ਼ ਨਹੀਂ ਹੈ। ਅਤੇ ਇਹੀ ਦੋ ਆਈਟਮਾਂ ਸਭ ਲੋਕਾਂ ਨੇ ਕੱਢ ਦਿੱਤੀਆਂ ਹਨ!

ਜੇ ਤੁਸੀਂ ਕਿਸੇ ਨੂੰ ਉਲਟਾ ਕਿਹਾ ਤਾਂ ਤੁਹਾਨੂੰ ਪ੍ਰਤੀਕ੍ਰਮਣ ਕਰਨਾ ਪਵੇਗਾ, ਪਰ ਉਹਨਾਂ ਨੂੰ ਵੀ ਤੁਹਾਡੇ ਪ੍ਰਤੀਕ੍ਰਮਣ ਕਰਨੇ ਪੈਣਗੇ। ਉਹਨਾਂ ਨੂੰ ਕੀ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ ਕਿ 'ਮੈਂ ਕਦੇ ਭੁੱਲ ਕੀਤੀ ਹੋਵੇਗੀ ਕਿ ਇਹਨਾਂ ਨੂੰ ਮੈਨੂੰ ਗ੍ਰਾਲ਼ ਕੱਢਣ ਦਾ ਸਮਾਂ ਆਇਆ?' ਅਰਥਾਤ ਉਹਨਾਂ ਨੂੰ ਆਪਣੀ ਭੁੱਲ ਦਾ ਪ੍ਰਤੀਕ੍ਰਮਣ ਕਰਨਾ ਪਵੇਗਾ। ਉਹਨਾਂ ਨੂੰ ਆਪਣੇ ਪੂਰਵ ਜਨਮ ਦਾ ਪ੍ਰਤੀਕ੍ਰਮਣ ਕਰਨਾ ਪਵੇਗਾ ਅਤੇ ਤੁਹਾਨੂੰ ਆਪਣੇ ਇਸ ਜਨਮ ਦਾ ਪ੍ਰਤੀਕ੍ਰਮਣ ਕਰਨਾ ਪਵੇਗਾ! ਇਸ ਤਰ੍ਹਾਂ ਰੋਜ਼ਾਨਾ ਪੰਜ ਸੌ- ਪੰਜ ਸੌ ਪ੍ਰਤੀਕ੍ਰਮਣ ਕਰਾਂਗੇ ਤਾਂ ਮੋਕਸ਼ ਵਿੱਚ ਜਾ ਸਕਾਂਗੇ!

ਜੇ ਸਿਰਫ਼ ਇੰਨਾ ਹੀ ਕਰੋ ਨਾ, ਤਾਂ ਹੋਰ ਕੋਈ ਧਰਮ ਨਹੀਂ ਲੱਭਾਂਗੇ ਤਾਂ ਵੀ ਹਰਜ਼ ਨਹੀਂ ਹੈ। ਇੰਨਾ ਪਾਲਣ ਕਰੋਗੇ ਤਾਂ ਬੱਸ, ਅਤੇ ਮੈਂ ਤੈਨੂੰ ਗਾਰੰਟੀ ਦਿੰਦਾ ਹਾਂ, ਤੇਰੇ ਸਿਰ ਤੇ ਹੱਥ ਰੱਖ ਦਿੰਦਾ ਹਾਂ। ਮੋਕਸ਼ ਦੇ ਲਈ, ਠੇਠ ਤੱਕ ਮੈਂ ਤੈਨੂੰ ਸਹਿਯੋਗ ਦੇਵਾਂਗਾ! ਤੇਰੀ ਤਿਆਰੀ ਚਾਹੀਦੀ ਹੈ। ਇੱਕ ਹੀ ਸ਼ਬਦ ਦਾ ਪਾਲਣ ਕਰੇਂਗਾ ਤਾਂ ਬਹੁਤ ਹੋ ਗਿਆ।

# 5. ਅਕ੍ਰਮ ਵਿਗਿਆਨ ਦਾ ਤਰੀਕਾ

ਅਕ੍ਰਮ ਸਾਨੂੰ ਕੀ ਕਹਿੰਦਾ ਹੈ? ਜੇ ਕਿਸੇ ਤੋਂ ਪੁੱਛੀਏ ਕਿ, 'ਤੂੰ ਕਈ ਦਿਨਾਂ ਤੋਂ ਚੋਰੀ ਕਰ ਰਿਹਾ ਹੈ?' ਤਾਂ ਉਹ ਕਹੇਗਾ, 'ਹਾਂ'। ਪ੍ਰੇਮ ਨਾਲ ਪੁੱਛਾਂਗੇ ਤਾਂ ਸਭ ਕਹੇਗਾ। 'ਕਿੰਨੇ ਸਾਲਾਂ ਤੋਂ ਕਰ ਰਿਹਾ ਹੈਂ?' ਤਾਂ ਕਹੇਗਾ, 'ਇੱਕ-ਦੋ ਸਾਲਾਂ ਤੋਂ ਕਰ ਰਿਹਾ ਹਾਂ।' ਫਿਰ ਅਸੀਂ ਕਹਾਂਗੇ, 'ਚੋਰੀ ਕਰਦਾ ਹੈ, ਉਸ ਵਿੱਚ ਹਰਜ਼ ਨਹੀਂ ਹੈ, ਪਰ ਇੰਨਾ ਪ੍ਰਤੀਕ੍ਰਮਣ ਕਰਨਾ।' ਉਸਦੇ ਸਿਰ ਤੇ ਹੱਥ ਫੇਰ ਦਿੰਦੇ ਹਾਂ।

ਜੋ ਪ੍ਰਤੀਕ੍ਰਮਣ ਕੀਤਾ, ਉਸ ਨਾਲ ਸਾਰੀ ਚੋਰੀ ਖਤਮ ਹੋ ਗਈ। ਅਭਿਪ੍ਰਾਏ (ਭਾਵ) ਬਦਲ ਗਿਆ। ਉਹ ਇਹ ਜੋ ਕਰ ਰਿਹਾ ਹੈ, ਉਸ ਵਿੱਚ ਖੁਦ ਦਾ ਅਭਿਪ੍ਰਾਏ (ਭਾਵ) ਐਕਸੈਪਟ ਨਹੀਂ ਕਰਦਾ। ਨੱਟ ਹਿਜ਼ ਔਪੀਨੀਅਨ!

ਦਾਦਾ ਦਾ ਨਾਮ ਲੈ ਕੇ ਫਿਰ ਪਛਤਾਵਾ ਕਰਨਾ, 'ਹੁਣ ਫਿਰ ਤੋਂ ਨਹੀਂ ਕਰੂੰਗਾ, ਚੋਰੀ ਕੀਤੀ, ਉਹ ਗਲਤ ਕੀਤਾ ਹੈ ਅਤੇ ਹੁਣ ਫਿਰ ਤੋਂ ਇਹੋ ਜਿਹਾ ਨਹੀਂ ਕਰੂੰਗਾ,' ਇਸ ਤਰ੍ਹਾਂ ਉਸ ਨੂੰ ਸਿਖਾਉਂਦੇ ਹਾਂ!

ਇਸ ਤਰ੍ਹਾਂ ਉਸ ਨੂੰ ਸਿਖਾਉਣ ਤੋਂ ਬਾਅਦ, ਫਿਰ ਉਸਦੇ ਮਾਂ-ਬਾਪ ਕੀ ਕਹਿੰਦੇ ਹਨ, 'ਫਿਰ ਤੋਂ ਚੋਰੀ ਕੀਤੀ ਵਾਪਿਸ?' ਫਿਰ ਤੋਂ ਚੋਰੀ ਕਰੇ ਤਾਂ ਵੀ ਇਸ ਤਰ੍ਹਾਂ ਬੋਲਣਾ। ਇਸ ਤਰ੍ਹਾਂ ਬੋਲਣ ਨਾਲ ਕੀ ਹੁੰਦਾ ਹੈ, ਇਹ ਮੈਂ ਜਾਣਦਾ ਹਾਂ। ਹੋਰ ਕੋਈ ਚਾਰਾ ਨਹੀਂ ਹੈ।

ਅਰਥਾਤ ਇਹ ਅਕ੍ਰਮ ਵਿਗਿਆਨ ਇਸ ਤਰ੍ਹਾਂ ਸਿਖਾਉਂਦਾ ਹੈ ਕਿ ਇਹ ਜੋ ਵਿਗੜ ਗਿਆ ਹੈ, ਉਹ ਸੁਧਰਨਵਾਲਾ ਨਹੀਂ ਹੈ, ਪਰ ਇਸ ਤਰੀਕੇ ਨਾਲ ਉਸ ਨੂੰ ਸੁਧਾਰ।

ਸਾਰੇ ਧਰਮ ਕਹਿੰਦੇ ਹਨ ਕਿ, 'ਤੁਸੀਂ ਤਪ ਦੇ ਕਰਤਾ ਹੋ, ਤਿਆਗ ਦੇ ਕਰਤਾ ਹੋ। ਤੁਸੀਂ ਹੀ ਤਿਆਗ ਕਰਦੇ ਹੋ। ਤੁਸੀਂ ਤਿਆਗ ਨਹੀਂ ਕਰਦੇ।' 'ਨਹੀਂ ਕਰਦੇ' ਕਹਿਣਾ ਉਹ ਵੀ 'ਕਰਦੇ ਹਾਂ', ਕਹਿਣ ਦੇ ਬਰਾਬਰ ਹੈ। ਇਸ ਤਰ੍ਹਾਂ ਕਰਤਾਪਨ ਨੂੰ ਸਵੀਕਾਰ ਕਰਦੇ ਹਨ ਅਤੇ ਕਹਿੰਦੇ ਹਨ,

'ਮੇਰੇ ਤੋਂ ਤਿਆਗ ਨਹੀਂ ਹੁੰਦਾ' ਇਹ ਵੀ ਕਰਤਾਪਨ ਹੈ। ਹਾਂ! ਅਤੇ ਕਰਤਾਪਨ ਨੂੰ ਸਵੀਕਾਰ ਕਰਦੇ ਹਨ, ਉਹ ਸਭ ਦੇਹਾਧਿਆਸੀ ਮਾਰਗ ਹੈ। ਅਸੀਂ ਕਰਤਾਪਨ ਨੂੰ ਸਵੀਕਾਰ ਹੀ ਨਹੀਂ ਕਰਦੇ। ਸਾਡੀ ਕਿਤਾਬ ਵਿੱਚ ਕਿਤੇ ਵੀ 'ਏਦਾਂ ਕਰੋ' ਇਹ ਨਹੀਂ ਲਿਖਿਆ ਹੁੰਦਾ।

ਅਰਥਾਤ ਕਰਨ ਦਾ ਰਹਿ ਗਿਆ ਅਤੇ 'ਨਹੀਂ ਕਰਨ ਦਾ' ਕਰਵਾਉਂਦੇ ਹਾਂ। ਅਤੇ ਫਿਰ 'ਨਹੀਂ ਕਰਨ ਦਾ' ਹੁੰਦਾ ਹੀ ਨਹੀ। ਹੋਵੇਗਾ ਵੀ ਨਹੀਂ ਅਤੇ ਬਿਨ੍ਹਾਂ ਵਜ੍ਹਾ ਉਸ ਵਿੱਚ ਵੇਸਟ ਆੱਫ ਟਾਈਮ ਐਂਡ ਐਨਰਜ਼ੀ (ਸਮਾਂ ਅਤੇ ਸ਼ਕਤੀ ਦਾ ਗਲਤ ਉਪਯੋਗ)। ਕੀ ਕਰਨਾ ਹੈ? ਅਲੱਗ ਚੀਜ਼ ਕਰਨੀ ਹੈ। ਜੋ ਕਰਨਾ ਹੈ, ਉਹ ਤਾਂ ਤੁਹਾਨੂੰ ਸ਼ਕਤੀ ਮੰਗਣੀ ਹੈ। ਅਤੇ ਪਹਿਲਾਂ ਜੋ ਸ਼ਕਤੀ ਮੰਗੀ ਸੀ, ਉਹ ਹੁਣ ਹੋ ਰਿਹਾ ਹੈ।

**ਪ੍ਰਸ਼ਨ ਕਰਤਾ :** ਪਹਿਲਾਂ ਦਾ ਹੀ ਤਾਂ ਇਫੈਕਟ ਵਿੱਚ ਆਇਆ ਹੈ।

**ਦਾਦਾ ਸ਼੍ਰੀ :** ਹਾਂ। ਇਫੈਕਟ ਵਿੱਚ ਆਇਆ ਹੈ। ਅਰਥਾਤ ਕਾੱਜਜ਼ ਰੂਪ ਵਿੱਚ ਤੁਸੀਂ ਸ਼ਕਤੀ ਮੰਗਣੀ ਹੈ। ਅਸੀਂ ਨੌਂ ਕਲਮਾਂ ਵਿੱਚ ਸ਼ਕਤੀ ਮੰਗਣ ਨੂੰ ਕਿਹਾ ਹੈ, ਇਸ ਤਰ੍ਹਾਂ ਸੌ-ਦੋ ਸੌ ਕਲਮਾਂ ਲਿਖੇ ਤਾਂ ਉਸ ਵਿੱਚ ਸਾਰੇ ਸ਼ਾਸਤਰ ਆ ਜਾਣ। ਇੰਨਾ ਹੀ ਕਰਨਾ ਹੈ। ਦੁਨੀਆਂ ਵਿੱਚ ਕਿੰਨਾ ਕਰਨਾ ਹੈ? ਇੰਨਾ ਹੀ। ਕਰਤਾ ਭਾਵ ਨਾਲ ਜੇ ਕੁੱਝ ਕਰਨਾ ਹੋਵੇ ਤਾਂ ਸਿਰਫ਼ ਸ਼ਕਤੀ ਮੰਗਣੀ ਹੈ।

**ਪ੍ਰਸ਼ਨ ਕਰਤਾ:** ਉਹ ਸ਼ਕਤੀ ਮੰਗਣ ਦੀ ਗੱਲ ਹੈ ਨਾ?

**ਦਾਦਾ ਸ਼੍ਰੀ :** ਹਾਂ। ਕਿਉਂਕਿ ਸਾਰੇ ਥੋੜਾ ਹੀ ਮੋਕਸ਼ ਵਿੱਚ ਜਾ ਰਹੇ ਹਨ?! ਪਰ ਕਰਤਾ ਭਾਵ ਨਾਲ ਕਰਨਾ ਹੋਵੇ ਤਾਂ, ਇੰਨਾ ਕਰਨਾ, ਸ਼ਕਤੀ ਮੰਗਣਾ। ਕਰਤਾ ਭਾਵ ਨਾਲ ਸ਼ਕਤੀ ਮੰਗਣਾ, ਇਸ ਤਰ੍ਹਾਂ ਕਹਿੰਦੇ ਹਾਂ।

**ਪ੍ਰਸ਼ਨ ਕਰਤਾ :** ਮਤਲਬ ਜਿਸਨੇ ਗਿਆਨ ਨਹੀਂ ਲਿਆ ਹੈ, ਉਸਦੇ ਲਈ ਇਹ ਗੱਲ ਹੈ?

**ਦਾਦਾ ਸ਼੍ਰੀ :** ਹਾਂ। ਜਿਸਨੇ ਗਿਆਨ ਨਹੀਂ ਲਿਆ ਹੈ। ਜਗਤ ਦੇ ਲੋਕਾਂ ਦੇ ਲਈ ਹੈ। ਨਹੀਂ ਤਾਂ ਹੁਣ ਜਿਸ ਰਸਤੇ ਤੇ ਲੋਕ ਚੱਲ ਰਹੇ ਹਨ ਨਾ,

ਉਹ ਬਿਲਕੁਲ ਉਲਟਾ ਰਸਤਾ ਹੈ। ਉਸ ਨਾਲ ਕੋਈ ਵੀ ਆਦਮੀ ਖੁਦ ਦਾ ਹਿੱਤ ਬਿਲਕੁਲ ਵੀ ਪ੍ਰਾਪਤ ਨਹੀਂ ਕਰ ਸਕੇਗਾ।

'ਕਰਨਾ ਹੈ ਪਰ ਕਰ ਨਹੀਂ ਸਕਦੇ', ਟੇਡੇ ਕਰਮ ਆ ਜਾਣ ਤਾਂ ਕੀ ਹੋ ਸਕਦਾ ਹੈ? ਭਗਵਾਨ ਨੇ ਤਾਂ ਇਸ ਤਰ੍ਹਾਂ ਕਿਹਾ ਸੀ ਕਿ, 'ਸਵਰੂਪ ਵਿੱਚ ਰਹਿ ਕੇ ਉਦੈ ਨੂੰ ਜਾਣੋ। ਕਰਨ ਨੂੰ ਨਹੀਂ ਕਿਹਾ ਸੀ। 'ਇਸਨੂੰ ਜਾਣੋ' ਇੰਨਾ ਹੀ ਕਿਹਾ ਸੀ। ਉਸਦੇ ਬਜਾਏ 'ਇਹ ਕੀਤਾ ਪਰ ਨਹੀਂ ਹੋ ਰਿਹਾ। ਕਰਦੇ ਹਨ ਪਰ ਨਹੀਂ ਹੋ ਪਾਉਂਦਾ। ਬਹੁਤ ਹੀ ਇੱਛਾ ਹੈ ਪਰ ਨਹੀਂ ਹੁੰਦਾ' ਕਹਿੰਦੇ ਹਨ। ਓਏ, ਪਰ ਬੇਵਜ੍ਹਾ ਉਸਨੂੰ ਗਾਉਂਦਾ ਕਿਉਂ ਰਹਿੰਦਾ ਹੈ। 'ਮੈਥੋਂ ਨਹੀਂ ਹੁੰਦਾ, ਨਹੀਂ ਹੁੰਦਾ।' ਇਸ ਤਰ੍ਹਾਂ ਦਾ ਚਿੰਤਨ ਕਰਨ ਨਾਲ ਆਤਮਾ ਕਿਹੋ ਜਿਹਾ ਹੋ ਜਾਵੇਗਾ? ਪੱਥਰ ਹੋ ਜਾਵੇਗਾ। ਅਤੇ ਇਹ ਤਾਂ ਕਿਰਿਆ ਹੀ ਕਰਨ ਜਾਂਦਾ ਹੈ ਅਤੇ ਨਾਲ 'ਨਹੀਂ ਹੁੰਦਾ, ਨਹੀਂ ਹੁੰਦਾ, ਨਹੀਂ ਹੁੰਦਾ ਬੋਲਦਾ ਹੈ।

ਮੈਂ ਮਨਾ ਕਰਦਾ ਹਾਂ ਕਿ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ। 'ਨਹੀਂ ਹੁੰਦਾ' ਇਸ ਤਰ੍ਹਾਂ ਤਾਂ ਕਹਿਣਾ ਹੀ ਨਹੀਂ ਚਾਹੀਦਾ। ਤੂੰ ਤਾਂ ਅਨੰਤ ਸ਼ਕਤੀ ਵਾਲ਼ਾ ਹੈ, ਸਾਡੇ ਸਮਝਾਉਂਣ ਤੋਂ ਬਾਅਦ ਹੀ ਤਾਂ 'ਮੈਂ ਅਨੰਤ ਸ਼ਕਤੀਵਾਲ਼ਾ ਹਾਂ', ਕਹਿੰਦਾ ਹੈ। ਨਹੀਂ ਤਾਂ ਹੁਣ ਤੱਕ 'ਨਹੀਂ ਹੁੰਦਾ' ਏਦਾਂ ਹੀ ਕਹਿੰਦਾ ਸੀ! ਕੀ ਅਨੰਤ ਸ਼ਕਤੀ ਚਲੀ ਗਈ ਹੈ!

ਕਿਉਂਕਿ ਮਨੁੱਖ ਕੁੱਝ ਕਰ ਸਕੇ ਏਦਾਂ ਹੈ ਨਹੀ। ਮਨੁੱਖ ਦਾ ਸੁਭਾਅ ਕੁੱਝ ਨਹੀਂ ਕਰ ਸਕਦਾ। ਕਰਨ ਵਾਲ਼ੀ ਪਰਸੱਤਾ ਹੈ। ਇਹ ਜੀਵ ਸਿਰਫ ਜਾਣਨ ਵਾਲੇ ਹੀ ਹਨ। ਇਸ ਲਈ ਤੁਹਾਨੂੰ ਜਾਣਦੇ ਰਹਿਣਾ ਹੈ ਅਤੇ ਤੁਸੀਂ ਇਹ ਜਾਣਦੇ ਰਹੋਗੇ ਤਾਂ ਗਲਤ ਤੇ ਜੋ ਸ਼ਰਧਾ ਬੈਠੀ ਸੀ, ਉਹ ਨਹੀਂ ਰਹੇਗੀ। ਅਤੇ ਤੁਹਾਡੇ ਅਭਿਪ੍ਰਾਏ (ਭਾਵ) ਵਿੱਚ ਬਦਲਾਅ ਹੋਵੇਗਾ। ਕੀ ਬਦਲਾਅ ਹੋਵੇਗਾ? ਝੂਠ ਬੋਲਣਾ ਚੰਗਾ ਹੈ, ਇਹ ਅਭਿਪ੍ਰਾਏ ਨਹੀਂ ਰਹੇਗਾ। ਇਹ ਅਭਿਪ੍ਰਾਏ ਨਹੀਂ ਰਿਹਾ, ਉਸ ਵਰਗਾ ਕੋਈ ਪੁਰਸ਼ਾਰਥ ਨਹੀਂ ਹੈ, ਇਸ ਦੁਨੀਆਂ ਵਿੱਚ। ਇਹ ਗੱਲ ਸੂਖਮ ਹੈ, ਪਰ ਗਹਿਰਾਈ ਨਾਲ ਸੋਚਣਾ ਪਵੇਗਾ।

**ਪ੍ਰਸ਼ਨ ਕਰਤਾ :** ਨਹੀ, ਪਰ ਗੱਲ ਲਾੱਜੀਕੱਲ ਹੈ ਸਾਰੀ!

**ਦਾਦਾ ਸ਼੍ਰੀ :** ਜੇ ਸੰਡਾਸ ਜਾਣਾ ਵੀ ਪਰਸੱਤਾ ਦੇ ਹੱਥ ਵਿੱਚ ਹੈ ਤਾਂ ਕਰਨਾ ਤੁਹਾਡੇ ਹੱਥ ਵਿੱਚ ਕਿਵੇਂ ਹੋ ਸਕਦਾ ਹੈ? ਇਹੋ ਜਿਹਾ ਕੋਈ ਵੀ ਮਨੁੱਖ ਨਹੀਂ ਹੈ ਕਿ ਜਿਸ ਦੇ ਹੱਥ ਵਿੱਚ ਕੁੱਝ ਵੀ ਕਰਨ ਦੀ ਸੱਤਾ ਹੋਵੇ। ਤੁਹਾਨੂੰ ਜਾਣਨਾ ਹੈ ਅਤੇ ਨਿਸ਼ਚੈ ਕਰਨਾ ਹੈ, ਇੰਨਾ ਹੀ ਤੁਹਾਨੂੰ ਕਰਨਾ ਹੈ। ਜੇ ਇਹ ਗੱਲ ਸਮਝ ਵਿੱਚ ਆ ਗਈ ਤਾਂ ਕੰਮ ਹੋ ਜਾਵੇਗਾ। ਸਮਝ ਵਿੱਚ ਆ ਜਾਵੇ, ਇੰਨਾ ਆਸਾਨ ਨਹੀਂ ਹੈ। ਤੁਹਾਨੂੰ ਸਮਝ ਵਿੱਚ ਆਇਆ? ਕੁੱਝ ਵੀ ਕਰਨ ਨਾਲ਼ੋਂ ਜਾਣਨਾ ਚੰਗਾ ਹੈ। ਕੀ, ਕਰਨਾ ਤੁਰੰਤ ਹੋ ਸਕਦਾ ਹੈ?

**ਪ੍ਰਸ਼ਨ ਕਰਤਾ :** ਤੁਸੀਂ ਜੋ ਕਹਿ ਰਹੇ ਹੋ, ਉਹ ਸਮਝ ਵਿੱਚ ਆ ਗਿਆ। ਗੱਲ ਸਹੀ ਹੈ ਪਰ ਇਹ ਸਮਝਣ ਤੋਂ ਬਾਅਦ ਵੀ ਕਰਨ ਦਾ ਤਾਂ ਰਹਿੰਦਾ ਹੀ ਹੈ ਨਾ? ਜਿਵੇਂ ਕਰਨ ਦੀ ਸੱਤਾ ਨਹੀਂ ਹੈ, ਉਸੇ ਤਰ੍ਹਾਂ ਜਾਣਨ ਦੀ ਵੀ ਸੱਤਾ ਤਾਂ ਹੈ ਹੀ ਨਹੀਂ ਨਾ?

**ਦਾਦਾ ਸ਼੍ਰੀ :** ਨਹੀ। ਜਾਣਨ ਦੀ ਸੱਤਾ ਹੈ। ਕਰਨ ਦੀ ਸੱਤਾ ਨਹੀਂ ਹੈ। ਇਹ ਗੱਲ ਬਹੁਤ ਸੂਖਮ ਹੈ। ਜੇ ਇੰਨੀ ਗੱਲ ਸਮਝ ਵਿੱਚ ਆ ਗਹੀ ਤਾਂ ਬਹੁਤ ਹੋ ਗਿਆ।

ਕੋਈ ਲੜਕਾ ਚੋਰ ਬਣ ਗਿਆ ਹੈ। ਉਹ ਚੋਰੀ ਕਰਦਾ ਹੈ। ਮੌਕਾ ਮਿਲਣ ਤੇ ਲੋਕਾਂ ਦੇ ਪੈਸੇ ਚੋਰੀ ਕਰ ਲੈਂਦਾ ਹੈ। ਘਰ ਗੈਸਟ ਆਏ ਹੋਣ ਤਾਂ ਉਹਨਾਂ ਨੂੰ ਵੀ ਨਹੀਂ ਛੱਡਦਾ।

ਹੁਣ ਉਸ ਲੜਕੇ ਨੂੰ ਅਸੀਂ ਕੀ ਸਿਖਾਉਂਦੇ ਹਾਂ? ਕਿ ਤੂੰ ਦਾਦਾ ਭਗਵਾਨ ਤੋਂ ਚੋਰੀ ਨਹੀਂ ਕਰਨ ਦੀ ਸ਼ਕਤੀ ਮੰਗ, ਇਸ ਜਨਮ ਵਿੱਚ।

ਹੁਣ, ਇਸ ਵਿੱਚ ਕੀ ਲਾਭ ਹੋਇਆ ਉਸਨੂੰ? ਕੋਈ ਕਹੇਗਾ, ਇਸ ਵਿੱਚ ਕੀ ਸਿਖਾਇਆ? ਉਹ ਤਾਂ ਸ਼ਕਤੀਆਂ ਮੰਗਦਾ ਰਹਿੰਦਾ ਹੈ ਪਰ ਫਿਰ ਤੋਂ ਚੋਰੀ ਤਾਂ ਕਰਦਾ ਹੈ। 'ਓਏ, ਬੇਸ਼ੱਕ ਚੋਰੀ ਕਰੇ। ਪਰ ਉਹ ਸ਼ਕਤੀਆਂ ਮੰਗਦਾ ਰਹਿੰਦਾ ਹੈ ਜਾਂ ਨਹੀ?' ਹਾਂ, ਸ਼ਕਤੀਆਂ ਤਾਂ ਮੰਗਦਾ ਰਹਿੰਦਾ ਹੈ। ਤਾਂ ਅਸੀਂ ਜਾਣਦੇ ਹਾਂ ਕਿ ਇਹ ਦਵਾਈ ਕੰਮ ਕਰ ਰਹੀ ਹੈ। ਤੁਹਾਨੂੰ ਕੀ ਪਤਾ ਕਿ ਦਵਾਈ ਕੀ ਕੰਮ ਕਰ ਰਹੀ ਹੈ!

**ਪ੍ਰਸ਼ਨ ਕਰਤਾ:** ਸਹੀ ਗੱਲ ਹੈ। ਇਹ ਨਹੀਂ ਜਾਣਦੇ ਕਿ ਦਵਾਈ ਕੀ ਕੰਮ ਕਰ ਰਹੀ ਹੈ ਅਤੇ ਮੰਗਣ ਨਾਲ ਲਾਭ ਹੁੰਦਾ ਹੈ ਜਾਂ ਨਹੀ, ਇਹ ਵੀ ਨਹੀਂ ਸਮਝਦੇ।

**ਦਾਦਾ ਸ਼੍ਰੀ:** ਤਾਂ ਇਸਦਾ ਭਾਵ-ਅਰਥ ਕੀ ਹੈ ਕਿ ਇੱਕ ਤਾਂ ਉਹ ਲੜਕਾ ਮੰਗਦਾ ਹੈ ਕਿ 'ਮੈਨੂੰ ਚੋਰੀ ਨਾ ਕਰਨ ਦੀ ਸ਼ਕਤੀ ਦਿਓ। ਯਾਨੀ ਇੱਕ ਤਾਂ ਉਸਨੇ ਆਪਣਾ ਅਭਿਪ੍ਰਾਏ (ਭਾਵ, ਭਾਵਨਾ) ਬਦਲ ਦਿੱਤਾ। 'ਚੋਰੀ ਕਰਨਾ ਗਲਤ ਹੈ ਅਤੇ ਚੋਰੀ ਨਾ ਕਰਨਾ ਚੰਗਾ ਹੈ।' ਇਹੋ ਜਿਹੀਆਂ ਸ਼ਕਤੀਆਂ ਮੰਗਦਾ ਹੈ। ਸੋ: ਚੋਰੀ ਨਹੀਂ ਕਰਨੀ ਚਾਹੀਦੀ ਇਹ ਅਭਿਪ੍ਰਾਏ (ਭਾਵ) ਆ ਗਿਆ। ਸਭ ਤੋਂ ਵੱਡਾ ਇਹ ਹੈ ਕਿ ਅਭਿਪ੍ਰਾਏ ਬਦਲ ਗਿਆ!

ਅਤੇ ਜਦੋਂ ਤੋਂ ਅਭਿਪ੍ਰਾਏ (ਭਾਵ) ਬਦਲ ਗਿਆ, ਉਦੋਂ ਤੋਂ ਹੀ ਉਹ ਗੁਨਾਹਗਾਰ ਹੋਣ ਤੋਂ ਬਚ ਗਿਆ।

ਅਤੇ ਦੂਸਰਾ ਕੀ ਹੁੰਦਾ ਹੈ? ਭਗਵਾਨ ਤੋਂ ਸ਼ਕਤੀ ਮੰਗਦਾ ਹੈ, ਸੋ: ਉਸਦਾ ਪਰਮ ਵਿਨੈ ਪ੍ਰਗਟ ਹੋਇਆ। 'ਹੇ ਭਗਵਾਨ! ਸ਼ਕਤੀ ਦਿਓ।' ਕਿਹਾ ਤਾਂ ਉਹ ਤੁਰੰਤ ਸ਼ਕਤੀ ਦੇਣਗੇ। ਕੋਈ ਚਾਰਾ ਹੀ ਨਹੀਂ ਹੈ ਨਾ! ਸਭ ਨੂੰ ਦਿੰਦੇ ਹਨ। ਮੰਗਣਵਾਲਾ ਚਾਹੀਦਾ ਹੈ। ਇਸ ਲਈ ਕਹਿੰਦਾ ਹਾਂ ਕਿ ਮੰਗਦੇ ਰਹੋ। ਤੁਸੀਂ ਤਾਂ ਕੁੱਝ ਮੰਗਦੇ ਹੀ ਨਹੀ। ਕਦੇ ਕੁੱਝ ਨਹੀਂ ਮੰਗਦੇ।

ਸ਼ਕਤੀ ਮੰਗੋ, ਇਹ ਗੱਲ ਤੁਹਾਡੀ ਸਮਝ ਵਿੱਚ ਆਈ?

ਦਾਦਾ ਤੋਂ ਮਾਫ਼ੀ ਮੰਗਣਾ, ਨਾਲ ਹੀ ਜਿਸ ਚੀਜ਼ ਲਈ ਮਾਫ਼ੀ ਮੰਗਦੇ ਹੋ, ਉਸਦੇ ਲਈ ਮੈਨੂੰ ਸ਼ਕਤੀ ਦਿਓ, ਦਾਦਾ ਸ਼ਕਤੀ ਦਿਓ। ਮੰਗ ਕੇ ਸ਼ਕਤੀ ਲੈਣਾ, ਤੁਸੀਂ ਆਪਣੀ ਖੁਦ ਦੀ ਸ਼ਕਤੀ ਖਰਚ ਨਾ ਕਰਨਾ। ਨਹੀਂ ਤਾਂ ਤੁਹਾਡੇ ਕੋਲ ਖਤਮ ਹੋ ਜਾਵੇਗੀ। ਅਤੇ ਮੰਗ ਕੇ ਖਰਚ ਕਰੋਗੇ ਤਾਂ ਖਤਮ ਨਹੀਂ ਹੋਵੇਗੀ ਸਗੋਂ ਵਧੇਗੀ। ਤੁਹਾਡੀ ਦੁਕਾਨ ਵਿੱਚ ਕਿੰਨਾ ਮਾਲ ਹੋਵੇਗਾ?

ਹਰ ਇੱਕ ਗੱਲ ਵਿੱਚ, 'ਦਾਦਾ, ਮੈਨੂੰ ਸ਼ਕਤੀ ਦਿਓ'। ਹਰ ਇੱਕ ਗੱਲ ਵਿੱਚ ਸ਼ਕਤੀ ਮੰਗ ਕੇ ਲੈ ਹੀ ਲੈਣਾ। ਪ੍ਰਤੀਕ੍ਰਮਣ ਕਰਨਾ ਭੁੱਲ ਜਾਵੇ ਤਾਂ, 'ਮੈਨੂੰ ਚੰਗੀ ਤਰ੍ਹਾਂ ਪ੍ਰਤੀਕ੍ਰਮਣ ਕਰਨ ਦੀ ਸ਼ਕਤੀ ਦਿਓ।' ਸਾਰੀਆਂ

ਸ਼ਕਤੀਆਂ ਮੰਗ ਕੇ ਲੈਣਾ। ਸਾਡੇ ਕੋਲ ਤਾਂ ਤੁਸੀਂ ਮੰਗ ਨਹੀਂ ਸਕੋਗੇ ਇੰਨੀਆਂ ਸ਼ਕਤੀਆਂ ਹਨ।

## 6. ਰਹਿਣ ਫੁੱਲ, ਜਾਣ ਕੰਢੇ.....

ਪ੍ਰਕ੍ਰਿਤੀ ਕ੍ਰਮਣ ਨਾਲ ਖੜੀ ਹੋ ਗਈ ਹੈ, ਪਰ ਅਤੀਕ੍ਰਮਣ ਨਾਲ ਫੈਲਦੀ ਹੈ, ਟਾਹਣੀਆਂ ਵਗੈਰਾ ਸਭ ਕੁੱਝ! ਅਤੇ ਪ੍ਰਤੀਕ੍ਰਮਣ ਨਾਲ ਸਾਰਾ ਫੈਲਿਆ ਹੋਇਆ ਘੱਟ ਹੋ ਜਾਂਦਾ ਹੈ, ਫਿਰ ਉਸਨੂੰ ਭਾਨ (ਹੋਸ਼) ਆਉਂਦਾ ਹੈ।

ਅਰਥਾਤ ਮੈਂ ਕੀ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਕਿਸੇ ਜਗ੍ਹਾ ਦਰਸ਼ਨ ਕਰਨ ਗਏ ਹੋਵੋ, ਅਤੇ ਉੱਥੇ ਲੱਗੇ ਕਿ ਮੈਂ ਸੋਚਿਆ ਸੀ ਕਿ ਹੋਣਗੇ ਗਿਆਨੀ ਅਤੇ ਇਹ ਤਾਂ ਨਿੱਕਲ਼ੇ ਢੋਂਗੀ! ਹੁਣ ਤੁਸੀਂ ਉੱਥੇ ਗਏ ਇਹ ਤਾਂ ਪ੍ਰਾਰਬੱਧ ਦਾ ਖੇਲ ਹੈ, ਅਤੇ ਉੱਥੇ ਉਸਦੇ ਲਈ ਮਨ ਵਿੱਚ ਜੋ ਬੁਰੇ ਭਾਵ ਹੋਏ ਕਿ 'ਓ..ਹੋ.., ਇਹੋ ਜਿਹੇ ਨਾਲਾਇਕ ਦੇ ਕੋਲ ਕਿਉਂ ਆਇਆ?' ਉਹ ਨੈਗੇਟਿਵ ਪੁਰਸ਼ਾਰਥ ਤੁਹਾਡੇ ਅੰਦਰ ਹੋਇਆ ਹੈ, ਉਸਦਾ ਫ਼ਲ ਤੁਹਾਨੂੰ ਭੁਗਤਣਾ ਪਵੇਗਾ। ਉਸਨੂੰ ਨਾਲਾਇਕ ਕਹਿਣ ਦਾ ਫ਼ਲ ਤੁਹਾਨੂੰ ਭੁਗਤਣਾ ਪਵੇਗਾ ਅਤੇ ਵਿਚਾਰ ਆਉਣਾ ਸੁਭਾਵਿਕ ਹੈ, ਪਰ ਤੁਰੰਤ ਹੀ ਅੰਦਰ ਕੀ ਕਰਨਾ ਚਾਹੀਦਾ ਹੈ ਫਿਰ? ਕਿ 'ਓ..ਹੋ.., ਮੈਨੂੰ ਕਿਉਂ ਇਹੋ ਜਿਹਾ ਗੁਨਾਹ ਕਰਨਾ ਚਾਹੀਦਾ ਹੈ?' ਇਸ ਤਰ੍ਹਾਂ ਤੁਰੰਤ ਹੀ, ਸੁਲਟਾ ਵਿਚਾਰ ਕਰ ਕੇ, ਤੁਹਾਨੂੰ ਸਾਫ਼ ਕਰ ਦੇਣਾ ਚਾਹੀਦਾ ਹੈ।

ਹਾਂ, ਮਹਾਵੀਰ ਭਗਵਾਨ ਨੂੰ ਯਾਦ ਕਰਕੇ ਜਾਂ ਕਿਸੇ ਨੂੰ ਵੀ ਯਾਦ ਕਰਕੇ, ਦਾਦਾ ਭਗਵਾਨ ਨੂੰ ਯਾਦ ਕਰਕੇ, ਪ੍ਰਤੀਕ੍ਰਮਣ ਕਰ ਲੈਣਾ ਚਾਹੀਦਾ ਹੈ ਕਿ, 'ਓ..ਹੋ! ਉਹ ਕਿਹੋ ਜਿਹਾ ਵੀ ਹੋਵੇ, ਮੇਰੇ ਹੱਥੋਂ ਕਿਉਂ ਉਲਟਾ ਹੋਇਆ?' ਚੰਗੇ ਨੂੰ ਚੰਗਾ ਕਹਿਣ ਵਿੱਚ ਦੋਸ਼ ਨਹੀਂ ਹੈ, ਪਰ ਚੰਗੇ ਨੂੰ ਮਾੜਾ ਕਹਿਣ ਵਿੱਚ ਦੋਸ਼ ਹੈ, ਅਤੇ ਮਾੜੇ ਨੂੰ ਮਾੜਾ ਕਹਿਣ ਵਿੱਚ ਵੀ ਭਾਰੀ ਦੋਸ਼ ਹੈ। ਜਬਰਦਸਤ ਦੋਸ਼ ਹੈ! ਕਿਉਂਕਿ ਉਹ ਖੁਦ ਮਾੜਾ ਨਹੀਂ ਹੈ, ਉਸਦੇ ਪ੍ਰਾਰਬੱਧ ਨੇ ਉਸਨੂੰ

ਮਾੜਾ ਬਣਾਇਆ ਹੈ। ਪ੍ਰਾਰਬੱਧ ਭਾਵ ਕੀ? ਉਸਦੇ ਸੰਯੋਗਾਂ ਨੇ ਉਸਨੂੰ ਮਾੜਾ ਬਣਾਇਆ ਹੈ, ਉਸ ਵਿੱਚ ਉਸਦਾ ਕੀ ਗੁਨਾਹ?

ਇੱਥੋ ਸਾਰੀਆਂ ਇਸਤਰੀਆਂ ਜਾ ਰਹੀਆਂ ਹੋਣ, ਕੋਈ ਤੁਹਾਨੂੰ ਕਹੇ ਕਿ, 'ਦੇਖੋ ਇਹ ਵੇਸ਼ਵਾ, ਇੱਥੇ ਆਈ ਹੈ, ਕਿੱਥੋਂ ਆ ਗਈ?' ਉਹ ਏਦਾਂ ਕਹੇਗਾ, ਇਸ ਵਜ੍ਹਾ ਨਾਲ ਤੁਸੀਂ ਵੀ ਉਸਨੂੰ ਵੇਸ਼ਵਾ ਕਿਹਾ, ਉਸਦਾ ਤੁਹਾਨੂੰ ਭਿਅੰਕਰ ਗੁਨਾਹ ਲੱਗੇਗਾ। ਉਹ ਕਹਿੰਦੀ ਹੈ ਕਿ 'ਸੰਯੋਗਵਸ਼ ਮੇਰੀ ਇਹ ਹਾਲਤ ਹੋਈ ਹੈ, ਉਸ ਵਿੱਚ ਤੁਸੀਂ ਕਿਉਂ ਗੁਨਾਹ ਸਿਰ ਤੇ ਲੈ ਰਹੇ ਹੋ? ਤੁਸੀਂ ਕਿਉਂ ਗੁਨਾਹ ਕਰ ਰਹੇ ਹੋ?' ਮੈਂ ਤਾਂ ਆਪਣਾ ਫਲ਼ ਭੁਗਤ ਰਹੀ ਹਾਂ, ਪਰ ਫਿਰ ਤੁਸੀਂ ਗੁਨਾਹ ਕਰ ਰਹੇ ਹੋ? ਉਹ ਕੀ ਆਪਣੇ ਆਪ ਵੇਸ਼ਵਾ ਬਣੀ ਹੈ? ਸੰਯੋਗਾਂ ਨੇ ਬਣਾਇਆ ਹੈ। ਕਿਸੇ ਜੀਵ ਨੂੰ ਬੁਰਾ ਬਣਨ ਦੀ ਇੱਛਾ ਹੀ ਨਹੀਂ ਹੁੰਦੀ। ਸਭ ਸੰਯੋਗ ਹੀ ਕਰਵਾਉਂਦੇ ਹਨ, ਅਤੇ ਫਿਰ ਉਸਦੀ ਪ੍ਰੈਕਟਿਸ ਹੀ ਹੋ ਜਾਂਦੀ ਹੈ। ਸ਼ੁਰੂਆਤ ਉਸ ਤੋਂ ਸੰਯੋਗ ਕਰਵਾਉਂਦੇ ਹਨ।

**ਪ੍ਰਸ਼ਨ ਕਰਤਾ :** ਜਿਨ੍ਹਾਂ ਨੂੰ ਗਿਆਨ ਨਹੀਂ ਹੈ, ਕੀ ਉਹ ਕੁੱਝ ਹੀ ਪ੍ਰਕਾਰ ਦੇ ਦੋਸ਼ ਦੇਖ ਸਕਦੇ ਹਨ?

**ਦਾਦਾ ਸ਼੍ਰੀ :** ਬਸ ਉਨਾਂ ਹੀ। ਦੋਸ਼ ਦੀ ਮਾਫ਼ੀ ਮੰਗਣਾ ਸਿੱਖੋ, ਸੰਖੇਪ ਵਿੱਚ ਇਸ ਤਰ੍ਹਾਂ ਕਹਿ ਦੇਣਾ। ਜੋ ਦੋਸ਼ ਤੁਹਾਨੂੰ ਦਿਖਦੇ ਹਨ, ਉਹਨਾਂ ਦੋਸ਼ਾਂ ਦੀ ਮਾਫ਼ੀ ਮੰਗਣਾ ਅਤੇ ਉਹ ਦੋਸ਼ ਸਹੀ ਹੈ, ਇਸ ਤਰ੍ਹਾਂ ਕਦੇ ਵੀ ਨਹੀਂ ਬੋਲਣਾ ਨਹੀਂ ਤਾਂ ਡਬਲ (ਦੋਗੁਣੇ) ਹੋ ਜਾਣਗੇ। ਗਲਤ ਕਰਨ ਤੋਂ ਬਾਅਦ ਮਾਫ਼ੀ ਮੰਗ ਲਓ।

**ਪ੍ਰਸ਼ਨ ਕਰਤਾ :** ਜਿਨ੍ਹਾਂ ਨੇ ਗਿਆਨ ਨਹੀਂ ਲਿਆ ਹੈ, ਜੇ ਉਹਨਾਂ ਨੂੰ ਖੁਦ ਦੀਆਂ ਭੁੱਲਾਂ ਦਿਖਣ ਤਾਂ ਉਹਨਾਂ ਨੂੰ ਕਿਵੇਂ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ?

**ਦਾਦਾ ਸ਼੍ਰੀ :** ਗਿਆਨ ਨਾ ਲਿਆ ਹੋਵੇ, ਫਿਰ ਵੀ ਇਹੋ ਜਿਹੇ ਕੁੱਝ ਜਾਗ੍ਰਿਤ ਲੋਕ ਹੁੰਦੇ ਹਨ ਕਿ ਜੋ ਪ੍ਰਤੀਕ੍ਰਮਣ ਨੂੰ ਸਮਝਦੇ ਹਨ, ਉਹ ਇਹ

ਕਰਨਗੇ। ਹੋਰ ਲੋਕਾਂ ਦਾ ਕੰਮ ਹੀ ਨਹੀਂ ਹੈ ਇਹ। ਪਰ ਸਾਨੂੰ ਪ੍ਰਤੀਕ੍ਰਮਣ ਸ਼ਬਦ ਦਾ ਅਰਥ ਉਸਨੂੰ ਪਛਤਾਵਾ ਕਰਨ ਨੂੰ ਕਹਿਣਾ ਚਾਹੀਦਾ ਹੈ।

ਪ੍ਰਤੀਕ੍ਰਮਣ ਕਰਨ ਨਾਲ ਕੀ ਹੁੰਦਾ ਹੈ ਕਿ ਆਤਮਾ ਉਸਦੇ 'ਰਿਲੇਟਿਵ' ਤੇ ਖੁਦ ਦਾ ਦਬਾਅ ਪਾਉਂਦਾ ਹੈ। ਕਿਉਂਕਿ, ਅਤੀਕ੍ਰਮਣ ਯਾਨੀ ਕੀ ਹੋਇਆ ਕਿ ਰੀਅਲ ਤੇ ਦਬਾਅ ਪਾਉਂਦਾ ਹੈ। ਜੋ ਕਰਮ ਅਤੀਕ੍ਰਮਣ ਹਨ, ਅਤੇ ਹੁਣ ਉਸ ਵਿੱਚ ਇੰਟਰਸਟ ਆ ਗਿਆ ਤਾਂ ਉਸਦਾ ਨਿਸ਼ਾਨ ਰਹਿ ਜਾਂਦਾ ਹੈ। ਇਸ ਲਈ ਜਦੋਂ ਤੱਕ ਤੁਸੀਂ ਗਲਤ ਨੂੰ ਗਲਤ ਨਹੀਂ ਸਮਝੋਗੇ, ਉਦੋਂ ਤੱਕ ਗੁਨਾਹ ਹੈ। ਇਸ ਲਈ ਪ੍ਰਤੀਕ੍ਰਮਣ ਕਰਵਾਉਣ ਦੀ ਜ਼ਰੂਰਤ ਹੈ।

**ਪ੍ਰਸ਼ਨ ਕਰਤਾ :** ਮੇਰੇ ਤੋਂ ਅਤੀਕ੍ਰਮਣ ਹੋ ਗਿਆ ਅਤੇ ਮੈਂ ਉਸਦਾ ਪ੍ਰਤੀਕ੍ਰਮਣ ਕਰ ਲਵਾਂ, ਪਰ ਜੇ ਸਾਹਮਣੇਵਾਲ਼ਾ ਮੈਨੂੰ ਮਾਫ਼ ਨਾ ਕਰੇ ਤਾਂ?

**ਦਾਦਾ ਸ਼੍ਰੀ :** ਸਾਹਮਣੇ ਵਾਲ਼ੇ ਦਾ ਨਹੀਂ ਦੇਖਣਾ ਹੈ। ਤੁਹਾਨੂੰ ਕੋਈ ਮਾਫ਼ ਕਰੇ ਜਾਂ ਨਾ ਕਰੇ, ਉਹ ਦੇਖਣ ਦੀ ਜ਼ਰੂਰਤ ਨਹੀਂ ਹੈ। ਤੁਹਾਡੇ ਵਿੱਚੋਂ ਇਹ ਅਤੀਕ੍ਰਮਣ ਸੁਭਾਅ ਨਿੱਕਲ ਜਾਣਾ ਚਾਹੀਦਾ ਹੈ। ਤੁਸੀਂ ਅਤੀਕ੍ਰਮਣ ਦੇ ਵਿਰੋਧੀ ਹੋ, ਇਹੋ ਜਿਹਾ ਹੋ ਜਾਣਾ ਚਾਹੀਦਾ ਹੈ।

**ਪ੍ਰਸ਼ਨ ਕਰਤਾ :** ਅਤੇ ਸਾਹਮਣੇ ਵਾਲ਼ੇ ਨੂੰ ਦੁੱਖ ਹੁੰਦਾ ਰਹੇ ਤਾਂ?

**ਦਾਦਾ ਸ਼੍ਰੀ :** ਸਾਹਮਣੇ ਵਾਲੇ ਦਾ ਇਹੋ ਜਿਹਾ ਕੁੱਝ ਨਹੀਂ ਦੇਖਣਾ ਹੈ। ਤੁਸੀਂ ਅਤੀਕ੍ਰਮਣ ਦੇ ਵਿਰੋਧੀ ਹੋ, ਇਹ ਪੱਕਾ ਹੋ ਜਾਣਾ ਚਾਹੀਦਾ ਹੈ। ਅਤੀਕ੍ਰਮਣ ਕਰਨ ਦੀ ਤੁਹਾਡੀ ਇੱਛਾ ਨਹੀਂ ਹੈ। ਹੁਣ ਜੋ ਹੋ ਗਿਆ ਉਸਦੇ ਲਈ ਪਛਤਾਵਾ ਹੁੰਦਾ ਹੈ। ਅਤੇ ਹੁਣ ਤੁਹਾਨੂੰ ਫਿਰ ਤੋਂ ਇਹੋ ਜਿਹਾ ਕਰਨ ਦੀ ਇੱਛਾ ਨਹੀਂ ਹੈ।

ਪ੍ਰਤੀਕ੍ਰਮਣ ਤਾਂ ਤੁਹਾਨੂੰ ਉਸ ਅਭਿਪ੍ਰਾਏ (ਭਾਵ) ਨੂੰ ਕੱਢਣ ਦੇ ਲਈ ਕਰਨੇ ਹਨ। ਤੁਸੀਂ ਉਸ ਮਤ ਵਿੱਚ ਨਹੀਂ ਹੋ, ਇਸ ਤਰ੍ਹਾਂ ਕੱਢਣ ਦੇ ਲਈ ਕਰਨੇ ਹਨ। ਅਸੀਂ ਇਸ ਮਤ ਦੇ ਵਿਰੁੱਧ ਹਾਂ ਏਦਾਂ ਦਿਖਾਉਣ ਦੇ ਲਈ ਪ੍ਰਤੀਕ੍ਰਮਣ ਕਰਨੇ ਹਨ। ਕੀ ਸਮਝ ਵਿੱਚ ਆਇਆ ਤੁਹਾਨੂੰ?

**ਪ੍ਰਸ਼ਨ ਕਰਤਾ :** ਜੇ ਉਹ ਨਿਕਾਲੀ ਹੈ ਤਾਂ ਫਿਰ ਪ੍ਰਤੀਕ੍ਰਮਣ ਕਿਉਂ?

**ਦਾਦਾ ਸ਼੍ਰੀ :** ਸਭ ਕੁੱਝ ਨਿਕਾਲੀ ਹੀ ਹੈ, ਸਿਰਫ ਉਹੀ ਨਹੀਂ, ਸਭ ਕੁੱਝ ਨਿਕਾਲੀ ਹੈ। ਪ੍ਰਤੀਕ੍ਰਮਣ ਤਾਂ ਜਿੰਨੇ ਅਤੀਕ੍ਰਮਣ ਹੁੰਦੇ ਹਨ ਉਨੇ ਹੀ ਪ੍ਰਤੀਕ੍ਰਮਣ ਕਰਨੇ ਹਨ, ਹੋਰ ਕੁੱਝ ਨਹੀ। ਜੇ ਪ੍ਰਤੀਕ੍ਰਮਣ ਨਹੀਂ ਕਰਾਂਗੇ ਤਾਂ ਆਪਣਾ ਸੁਭਾਅ ਨਹੀਂ ਬਦਲੇਗਾ, ਉਵੇਂ ਦਾ ਉਵੇਂ ਹੀ ਰਹੇਗਾ! ਤੁਹਾਨੂੰ ਸਮਝ ਵਿੱਚ ਆਇਆ ਜਾਂ ਨਹੀਂ ਆਇਆ?

ਨਹੀਂ ਤਾਂ ਜੇ ਵਿਰੋਧੀ ਦੇ ਰੂਪ ਵਿੱਚ ਜ਼ਾਹਿਰ ਨਹੀਂ ਹੋਵੇਗਾ ਤਾਂ ਫਿਰ ਉਹ ਮਤ ਤੁਹਾਡੇ ਕੋਲ ਰਹੇਗਾ। ਜੇ ਗੁੱਸਾ ਹੋ ਜਾਵੇ ਤਾਂ ਤੁਸੀਂ ਗੁੱਸੇ ਦੇ ਪੱਖ ਵਿੱਚ ਨਹੀਂ ਹੋ, ਉਸਦੇ ਲਈ ਪ੍ਰਤੀਕ੍ਰਮਣ ਕਰਨੇ ਹਨ। ਨਹੀਂ ਤਾਂ ਗੁੱਸੇ ਦੇ ਪੱਖ ਵਿੱਚ ਹੋ, ਇਹ ਪੱਕਾ ਹੋ ਜਾਵੇਗਾ ਅਤੇ ਪ੍ਰਤੀਕ੍ਰਮਣ ਕਰੋਗੇ ਤਾਂ ਤੁਹਾਨੂੰ ਗੁੱਸਾ ਚੰਗਾ ਨਹੀਂ ਲੱਗਦਾ ਏਦਾਂ ਜ਼ਾਹਿਰ ਹੋ ਜਾਵੇਗਾ। ਸੋ: ਉਸ ਵਿੱਚੋਂ ਤੁਸੀਂ ਅਲੱਗ ਹੋ ਗਏ। ਤੁਸੀਂ ਮੁਕਤ ਹੋ ਗਏ, ਜ਼ਿੰਮੇਦਾਰੀ ਘੱਟ ਗਈ। ਤੁਸੀਂ ਉਸਦੇ ਵਿਰੋਧੀ ਹੋ, ਇਸ ਤਰ੍ਹਾਂ ਦਿਖਾਉਂਣ ਦੇ ਲਈ ਕੁੱਝ ਸਾਧਨ ਤਾਂ ਹੋਣਾ ਚਾਹੀਦਾ ਹੈ ਨਾ? ਆਪਣੇ ਵਿੱਚ ਗੁੱਸਾ ਰੱਖਣਾ ਹੈ ਜਾਂ ਕੱਢ ਦੇਣਾ ਹੈ?

**ਪ੍ਰਸ਼ਨ ਕਰਤਾ :** ਉਹ ਤਾਂ ਕੱਢ ਦੇਣਾ ਹੈ।

**ਦਾਦਾ ਸ਼੍ਰੀ :** ਜੇ ਕੱਢ ਦੇਣਾ ਹੋਵੇ ਤਾਂ ਪ੍ਰਤੀਕ੍ਰਮਣ ਕਰੋ। ਤਾਂ ਫਿਰ ਤੁਸੀਂ ਗੁੱਸੇ ਦੇ ਵਿਰੋਧੀ ਹੋ, ਨਹੀਂ ਤਾਂ ਜੇ ਪ੍ਰਤੀਕ੍ਰਮਣ ਨਹੀਂ ਕਰਦੇ ਤਾਂ ਗੁੱਸੇ ਨਾਲ ਸਹਿਮਤ ਹੋ।

ਪ੍ਰਤੀਕ੍ਰਮਣ ਕਿਸ ਨੂੰ ਕਹਾਂਗੇ ਕਿ ਹਲਕਾ ਹੋ ਜਾਵੇ, ਹਲਕਾਪਨ ਮਹਿਸੂਸ ਹੋਵੇ, ਫਿਰ ਤੋਂ ਇਹੋ ਜਿਹਾ ਦੋਸ਼ ਕਰਦੇ ਸਮੇਂ ਉਸ ਨੂੰ ਬਹੁਤ ਦੁੱਖ ਲੱਗੇ। ਜਦਕਿ ਇਹ ਤਾਂ ਦੋਸ਼ਾਂ ਦਾ ਗੁਣਾ ਕਰਦੇ ਹਨ!!

ਤੁਸੀਂ ਕੋਈ ਪ੍ਰਤੀਕ੍ਰਮਣ, ਸੱਚਾ ਪ੍ਰਤੀਕ੍ਰਮਣ ਦੇਖਿਆ ਹੈ, ਇੱਕ ਵੀ ਦੋਸ਼ ਘਟਿਆ ਹੋਵੇ ਇਹੋ ਜਿਹਾ?

**ਪ੍ਰਸ਼ਨ ਕਰਤਾ :** ਨਹੀ, ਇੱਥੇ ਹੀ ਮਿਲਿਆ ਦੇਖਣ ਨੂੰ।

**ਦਾਦਾ ਸ਼੍ਰੀ :** ਗਿਆਨ ਪ੍ਰਾਪਤੀ ਤੋਂ ਬਾਅਦ ਤੁਹਾਨੂੰ ਅੰਦਰ ਪਤਾ ਚੱਲਦਾ ਹੈ ਕਿ ਇਹ ਦੋਸ਼ ਹੋਇਆ ਹੈ, ਤਾਂ ਹੀ ਪ੍ਰਤੀਕ੍ਰਮਣ ਹੋਵੇਗਾ। ਉਦੋਂ

ਤੱਕ ਪ੍ਰਤੀਕ੍ਰਮਣ ਨਹੀਂ ਹੋ ਸਕੇਗਾ ਨਾ! ਗਿਆਨ ਪ੍ਰਾਪਤੀ ਤੋਂ ਬਾਅਦ ਉਸਦੀ ਜਾਗ੍ਰਿਤੀ ਰਹੇਗੀ ਕਿ, ਜਿਵੇਂ ਹੀ ਅਤੀਕ੍ਰਮਣ ਹੋ ਜਾਵੇ ਤਾਂ ਤੁਰੰਤ ਤੁਹਾਨੂੰ ਪਤਾ ਚੱਲੇਗਾ ਕਿ ਇਹ ਭੁੱਲ ਹੋ ਗਈ, ਉਦੋਂ ਤੁਰੰਤ ਹੀ ਪ੍ਰਤੀਕ੍ਰਮਣ ਕਰ ਲੈਣਾ। ਸੋ: ਉਹਨਾਂ ਦੇ ਨਾਮ ਤੇ ਠੀਕ ਵਿਧੀ ਅਨੁਸਾਰ ਪ੍ਰਤੀਕ੍ਰਮਣ ਹੁੰਦਾ ਹੀ ਰਹੇਗਾ। ਪ੍ਰਤੀਕ੍ਰਮਣ ਹੋ ਗਿਆ ਤਾਂ ਧੋਤਾ ਜਾਵੇਗਾ। ਜੇ ਧੋਤਾ ਗਿਆ ਤਾਂ ਸਾਹਮਣੇ ਵਾਲੇ ਨੂੰ ਫਿਰ ਦੰਸ਼ (ਵੈਰਭਾਵ) ਨਹੀਂ ਰਹੇਗਾ। ਨਹੀਂ ਤਾਂ ਫਿਰ ਜਦੋਂ ਅਸੀਂ ਦੁਬਾਰਾ ਉਸ ਨੂੰ ਮਿਲਾਂਗੇ ਤਾਂ ਸਾਹਮਣੇ ਵਾਲੇ ਦੇ ਨਾਲ ਭੇਦ ਵੱਧਦਾ ਜਾਵੇਗਾ।

**ਪ੍ਰਸ਼ਨ ਕਰਤਾ :** ਆਪਣੇ ਪਾਪ ਕਰਮਾਂ ਨੂੰ ਹੁਣ ਕਿਸ ਤਰ੍ਹਾਂ ਧੋਣਾ ਹੈ?

**ਦਾਦਾ ਸ਼੍ਰੀ :** ਪਾਪ ਕਰਮ ਦੇ ਤਾਂ ਜਿੰਨੇ ਦਾਗ ਲੱਗੇ ਹਨ ਉਨੇ ਪ੍ਰਤੀਕ੍ਰਮਣ ਕਰਨੇ ਹਨ, ਉਹ ਦਾਗ ਜੇ ਪੱਕਾ ਹੋਵੇ ਤਾਂ ਬਾਰ-ਬਾਰ ਧੋਂਦੇ ਰਹਿਣਾ। ਬਾਰ-ਬਾਰ ਧੋਂਦੇ ਰਹਿਣਾ।

**ਪ੍ਰਸ਼ਨ ਕਰਤਾ :** ਉਹ ਦਾਗ ਨਿਕਲ ਗਿਆ ਜਾਂ ਨਹੀ, ਇਸ ਦਾ ਪਤਾ ਕਿਵੇਂ ਚੱਲੇਗਾ?

**ਦਾਦਾ ਸ਼੍ਰੀ :** ਉਹ ਤਾਂ ਅੰਦਰ ਮਨ ਸਾਫ਼ ਹੋ ਜਾਵੇਗਾ ਨਾ, ਤਾਂ ਪਤਾ ਚੱਲ ਜਾਵੇਗਾ। ਚਿਹਰੇ ਤੇ ਆਨੰਦ ਛਾ ਜਾਵੇਗਾ। ਤੁਹਾਨੂੰ ਪਤਾ ਨਹੀਂ ਚੱਲੇਗਾ ਕਿ ਦਾਗ ਨਿੱਕਲ ਹੀ ਗਿਆ ਹੈ? ਕਿਵੇਂ ਨਹੀਂ ਪਤਾ ਚੱਲੇਗਾ? ਹਰਜ਼ ਕੀ ਹੈ? ਅਤੇ ਨਹੀਂ ਸਾਫ਼ ਹੋਇਆ ਤਾਂ ਵੀ ਹਰਜ਼ ਨਹੀਂ ਹੈ। ਤੂੰ ਪ੍ਰਤੀਕ੍ਰਮਣ ਕਰ ਨਾ। ਤੂੰ ਸਾਬਣ ਲਗਾਉਂਦਾ ਹੀ ਰਹਿ ਨਾ! ਕੀ ਪਾਪ ਨੂੰ ਤੂੰ ਪਛਾਣਦਾ ਹੈ?

**ਪ੍ਰਸ਼ਨ ਕਰਤਾ :** ਦਾਦਾ ਦੀ ਆਗਿਆ ਦਾ ਪਾਲਣ ਨਹੀਂ ਹੋਇਆ ਯਾਨੀ ਪਾਪ।

**ਦਾਦਾ ਸ਼੍ਰੀ :** ਨਹੀ, ਏਦਾਂ ਨਹੀਂ ਹੈ। ਉਸਨੂੰ ਪਾਪ ਨਹੀਂ ਕਹਿੰਦੇ। ਜੇ ਸਾਹਮਣੇ ਵਾਲੇ ਨੂੰ ਦੁੱਖ ਹੋ ਗਿਆ ਤਾਂ ਪਾਪ ਹੈ। ਕਿਸੇ ਵੀ ਜੀਵ ਨੂੰ, ਉਹ ਫਿਰ ਮਨੁੱਖ ਹੋਵੇ ਜਾਂ ਜਾਨਵਰ ਹੋਵੇ ਜਾਂ ਦਰੱਖਤ ਹੋਵੇ। ਦਰੱਖਤ ਨੂੰ ਵੀ, ਜੇ

ਬਿਨਾਂ ਵਜ੍ਹਾ ਐਂਵੇ ਹੀ ਪੱਤੇ ਤੋੜਦੇ ਰਹੇ ਤਾਂ ਉਸਨੂੰ ਵੀ ਦੁੱਖ ਹੁੰਦਾ ਹੈ, ਸੋ: ਇਹ ਪਾਪ ਕਹਾਉਂਦਾ ਹੈ।

ਅਤੇ ਜੇ ਆਗਿਆ ਦਾ ਪਾਲਣ ਨਹੀਂ ਹੋਇਆ, ਉਸ ਨਾਲ ਤਾਂ ਤੁਹਾਨੂੰ ਨੁਕਸਾਨ ਹੋਵੇਗਾ। ਤੁਹਾਨੂੰ ਖੁਦ ਨੂੰ ਹੀ ਨੁਕਸਾਨ ਹੋਵੇਗਾ। ਪਾਪ ਕਰਮ ਤਾਂ ਉਸ ਨੂੰ ਕਹਿੰਦੇ ਹਨ ਕਿ ਜਦੋਂ ਕਿਸੇ ਨੂੰ ਦੁੱਖ ਹੋ ਜਾਵੇ। ਯਾਨੀ ਜ਼ਰਾ ਵੀ, ਥੋੜਾ ਜਿਹਾ ਵੀ ਦੁੱਖ ਨਾ ਹੋਵੇ ਏਦਾਂ ਰਹਿਣਾ ਚਾਹੀਦਾ ਹੈ।

ਤੁਸੀਂ ਪ੍ਰਤੀਕ੍ਰਮਣ ਕਰੋਗੇ ਤਾਂ ਬਹੁਤ ਚੰਗਾ ਹੈ। ਤੁਹਾਡੇ ਕੱਪੜੇ ਸਾਫ਼ ਹੋ ਜਾਣਗੇ ਨਾ? ਤੁਹਾਡੇ ਕੱਪੜਿਆਂ ਵਿੱਚ ਮੈਲ਼ ਕਿਉਂ ਰਹਿਣ ਦੇਈਏ? ਦਾਦਾ ਨੇ ਇਹੋ ਜਿਹਾ ਰਸਤਾ ਦਿਖਾਇਆ ਹੈ ਤਾਂ ਸਾਫ਼ ਕਿਉਂ ਨਾ ਕਰ ਦੇਈਏ?!

ਕਿਸੇ ਨੂੰ ਤੁਹਾਡੇ ਤੋਂ ਥੋੜਾ ਜਿਹਾ ਵੀ ਦੁੱਖ ਹੋ ਜਾਵੇ, ਤਾਂ ਸਮਝਣਾ ਕਿ ਤੁਹਾਡੀ ਭੁੱਲ ਹੈ। ਤੁਹਾਡੇ ਅੰਦਰ ਦੇ ਪਰਿਣਾਮ ਵਿਚਲਿਤ (ਉੱਪਰ-ਥੱਲੇ) ਹੋ ਜਾਣ, ਤਾਂ ਭੁੱਲ ਤੁਹਾਡੀ ਹੈ, ਇਹ ਸਮਝ ਲੈਣਾ। ਸਾਹਮਣੇ ਵਾਲ਼ਾ ਵਿਅਕਤੀ ਭੁਗਤ ਰਿਹਾ ਹੈ, ਇਸ ਲਈ ਪ੍ਰਤੱਖ ਰੂਪ ਵਿੱਚ ਉਸ ਦੀ ਭੁੱਲ ਤਾਂ ਹੈ ਪਰ ਨਿਮਿਤ ਤੁਸੀਂ ਬਣ ਗਏ। ਤੁਸੀਂ ਉਸ ਨੂੰ ਝਿੜਕਿਆ ਇਸ ਲਈ ਤੁਹਾਡੀ ਵੀ ਭੁੱਲ ਹੈ। ਕਿਉਂ ਦਾਦਾ ਨੂੰ ਭੋਗਵਟਾ (ਸੁੱਖ-ਦੁੱਖ ਦਾ ਅਸਰ) ਨਹੀਂ ਆਉਂਦਾ? ਕਿਉਂਕਿ ਉਹਨਾਂ ਦੀ ਇੱਕ ਵੀ ਭੁੱਲ ਨਹੀਂ ਰਹੀ ਹੈ। ਤੁਹਾਡੀ ਭੁੱਲ ਨਾਲ ਸਾਹਮਣੇ ਵਾਲੇ ਨੂੰ ਕੁੱਝ ਵੀ ਅਸਰ ਹੋ ਜਾਵੇ, ਜੇ ਕੁੱਝ ਉਧਾਰੀ ਹੋ ਜਾਵੇ ਤਾਂ ਤੁਰੰਤ ਹੀ ਮਨ ਵਿੱਚ ਮਾਫ਼ੀ ਮੰਗ ਕੇ ਜਮਾ ਕਰ ਲੈਣਾ। ਤੁਹਾਡੇ ਤੋਂ ਭੁੱਲ ਹੋ ਜਾਵੇ ਤਾਂ ਉਧਾਰੀ ਹੋਵੇਗੀ ਪਰ ਤੁਰੰਤ ਹੀ ਕੈਸ਼-ਨਕਦ ਪ੍ਰਤੀਕ੍ਰਮਣ ਕਰ ਲੈਣਾ। ਅਤੇ ਜੇ ਕਿਸੇ ਦੀ ਵਜ੍ਹਾ ਨਾਲ ਤੁਹਾਡੇ ਤੋਂ ਭੁੱਲ ਹੋ ਜਾਵੇ ਤਾਂ ਵੀ ਆਲੋਚਨਾ, ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ ਕਰ ਲੈਣਾ। ਮਨ-ਵਚਨ-ਕਾਇਆ ਤੋਂ, ਪ੍ਰਤੱਖ ਦਾਦਾ ਭਗਵਾਨ ਦੀ ਸਾਕਸ਼ੀ ਵਿੱਚ ਮਾਫ਼ੀ ਮੰਗਦੇ ਰਹਿਣਾ।

**ਪ੍ਰਸ਼ਨ ਕਰਤਾ :** ਕ੍ਰਮਿਕ ਦੇ ਪ੍ਰਤੀਕ੍ਰਮਣ ਕਰਦੇ ਸੀ, ਉਦੋਂ ਦਿਮਾਗ ਵਿੱਚ ਕੁੱਝ ਬੈਠਦਾ ਨਹੀਂ ਸੀ ਅਤੇ ਹੁਣ ਇਹ ਕਰ ਰਹੇ ਹਾਂ ਤਾਂ ਹਲਕੇ ਫੁੱਲ ਹੋ ਜਾਂਦੇ ਹਾਂ।

**ਦਾਦਾ ਸ਼੍ਰੀ :** ਪਰ ਉਹ ਤਾਂ ਪ੍ਰਤੀਕ੍ਰਮਣ ਹੈ ਹੀ ਨਹੀਂ ਨਾ! ਉਹ ਸਾਰੇ ਤਾਂ ਤੁਹਾਡੇ ਨਾਸਮਝੀ ਨਾਲ ਖੜੇ ਕੀਤੇ ਹੋਏ ਪ੍ਰਤੀਕ੍ਰਮਣ ਹਨ! ਪ੍ਰਤੀਕ੍ਰਮਣ ਯਾਨੀ ਤੁਰੰਤ ਹੀ ਦੋਸ਼ ਘਟਣਾ ਚਾਹੀਦਾ ਹੈ। ਉਹ ਪ੍ਰਤੀਕ੍ਰਮਣ ਕਹਾਉਂਦਾ ਹੈ। ਤੁਸੀਂ ਉਲਟੇ ਗਏ ਸੀ, ਉੱਥੇ ਤੋਂ ਵਾਪਸ ਪਰਤ ਆਏ, ਉਹ ਪ੍ਰਤੀਕ੍ਰਮਣ ਕਹਾਉਂਦਾ ਹੈ। ਇਹ ਤਾਂ ਵਾਪਸ ਮੁੜੇ ਨਹੀਂ ਹਨ ਅਤੇ ਉੱਥੇ ਦੇ ਉੱਥੇ ਹੀ ਹਨ! ਸਗੋ ਉੱਥੇ ਤੋਂ ਅੱਗੇ ਵਧੇ ਹਨ!!! ਤਾਂ ਫਿਰ ਉਸ ਨੂੰ ਪ੍ਰਤੀਕ੍ਰਮਣ ਕਹਾਂਗੇ ਹੀ ਕਿਵੇਂ?

ਜਦੋਂ-ਜਦੋਂ ਗੁੱਥੀਆਂ (ਉਲਝਨਾਂ) ਪੈਣ ਵਾਲੀਆਂ ਹੋਣ, ਉਦੋਂ-ਉਦੋਂ 'ਦਾਦਾ ਜੀ' ਜ਼ਰੂਰ ਯਾਦ ਆ ਹੀ ਜਾਂਦੇ ਹਨ ਅਤੇ ਗੁੱਥੀਆਂ ਨਹੀਂ ਪੈਂਦੀਆਂ। ਅਸੀਂ ਤਾਂ ਕੀ ਕਹਿੰਦੇ ਹਾਂ ਕਿ ਗੁੱਥੀਆਂ ਨਾ ਪੈਣ ਦੇਣਾ, ਅਤੇ ਕਦੇ ਗੁੱਥੀ ਪੈ ਜਾਵੇ ਤਾਂ ਪ੍ਰਤੀਕ੍ਰਮਣ ਕਰਨਾ। ਇਹ 'ਗੁੱਥੀ' ਸ਼ਬਦ ਤੁਰੰਤ ਹੀ ਸਮਝ ਵਿੱਚ ਆ ਜਾਂਦਾ ਹੈ। ਇਹ ਲੋਕ ਸੱਚ, ਸੱਤ, ਦਇਆ, ਚੋਰੀ ਨਾ ਕਰੋ, ਇਹ ਸੁਣ-ਸੁਣ ਕੇ ਥੱਕ ਗਏ ਹਨ।

ਗੁੱਥੀ ਰੱਖ ਕੇ ਸੌਂ ਨਹੀਂ ਜਾਣਾ ਚਾਹੀਦਾ। ਗੁੱਥੀ ਅੰਦਰ ਉਲਝੀ ਪਈ ਹੋਵੇ ਤਾਂ ਉਸ ਗੁੱਥੀ ਨੂੰ ਬਿਨਾਂ ਸੁਲਝਾਏ ਸੌਣਾ ਨਹੀਂ ਚਾਹੀਦਾ। ਗੁੱਥੀ ਨੂੰ ਸੁਲਝਾ ਲੈਣਾ ਚਾਹੀਦਾ ਹੈ। ਆਖਿਰ ਵਿੱਚ ਜੇ ਕੋਈ ਹੱਲ ਨਾ ਨਿੱਕਲ਼ੇ ਤਾਂ ਭਗਵਾਨ ਤੋਂ ਮਾਫ਼ੀ ਮੰਗਦੇ ਰਹਿਣਾ ਕਿ ਇਸ ਨਾਲ ਗੁੱਥੀ ਪੈ ਗਈ ਹੈ ਉਸਦੇ ਲਈ ਬਾਰ-ਬਾਰ ਮਾਫ਼ੀ ਮੰਗਦਾ ਹਾਂ, ਉਸ ਨਾਲ ਵੀ ਹੱਲ ਆ ਜਾਵੇਗਾ। ਮਾਫ਼ੀ ਹੀ ਸਭ ਤੋਂ ਵੱਡਾ ਸ਼ਸਤਰ (ਹਥਿਆਰ) ਹੈ। ਬਾਕੀ ਦੋਸ਼ ਤਾਂ ਨਿਰੰਤਰ ਹੁੰਦੇ ਹੀ ਰਹਿੰਦੇ ਹਨ।

ਜਦੋਂ ਸਾਹਮਣੇ ਵਾਲੇ ਨੂੰ ਝਿੜਕਦੇ ਹੋ ਉਸ ਵਕਤ ਤੁਹਾਨੂੰ ਇਹ ਧਿਆਨ ਵਿੱਚ ਕਿਉਂ ਨਹੀਂ ਆਉਂਦਾ ਕਿ ਤੁਹਾਨੂੰ ਝਿੜਕਿਆ ਜਾਵੇ ਤਾਂ ਕਿਵੇਂ ਲੱਗੇਗਾ? ਇੰਨਾ ਧਿਆਨ ਵਿੱਚ ਰੱਖ ਕੇ ਝਿੜਕੋ।

ਸਾਹਮਣੇ ਵਾਲੇ ਦਾ ਖਿਆਲ ਰੱਖ ਕੇ ਹਰ ਇੱਕ ਕੰਮ ਕਰਨਾ, ਉਹ ਮਾਨਵ ਅਹੰਕਾਰ ਕਹਾਉਂਦਾ ਹੈ ਅਤੇ ਆਪਣਾ ਖਿਆਲ ਰੱਖ ਕੇ ਹਰ ਇੱਕ ਨਾਲ ਵਿਹਾਰ ਕਰਨਾ ਅਤੇ ਪਰੇਸ਼ਾਨ ਕਰਨਾ, ਤਾਂ ਉਹ ਕੀ ਕਹਾਉਂਦਾ ਹੈ?

**ਪ੍ਰਸ਼ਨ ਕਰਤਾ :** ਪਾਸ਼ਵੀ ਅਹੰਕਾਰ।

**ਦਾਦਾ ਸ਼੍ਰੀ :** ਕੋਈ ਏਦਾਂ ਕਹੇ ਕਿ, 'ਤੇਰੀ ਭੁੱਲ ਹੈ' ਤਾਂ ਤੁਸੀਂ ਵੀ ਕਹਿਣਾ, 'ਚੰਦੂਭਾਈ, ਤੁਹਾਡੀ ਭੁੱਲ ਹੋਈ ਹੋਵੇਗੀ ਤਾਂ ਹੀ ਉਹ ਕਹਿ ਰਹੇ ਹੋਣਗੇ ਨਾ? ਨਹੀਂ ਤਾਂ ਐਂਵੇ ਹੀ ਥੋੜੇ ਹੀ ਕੋਈ ਕੁੱਝ ਕਹਿੰਦਾ ਹੈ?' ਕਿਉਂਕਿ ਐਂਵੇ ਹੀ ਕੋਈ ਕਹੇਗਾ ਨਹੀ, ਕੁੱਝ ਨਾ ਕੁੱਝ ਭੁੱਲ ਹੋਣੀ ਚਾਹੀਦੀ ਹੈ। ਸੋ: ਤੁਹਾਨੂੰ ਉਸ ਨੂੰ ਕਹਿਣ ਵਿੱਚ ਕੀ ਹਰਜ਼ ਹੈ? 'ਭਾਈ, ਤੁਹਾਡੀ ਕੁੱਝ ਭੁੱਲ ਹੋਵੇਗੀ ਇਸ ਲਈ ਕਹਿ ਰਹੇ ਹੋਣਗੇ। ਇਸ ਲਈ ਮਾਫ਼ੀ ਮੰਗ ਲਓ', ਅਤੇ 'ਚੰਦੂਭਾਈ' ਕਿਸੇ ਨੂੰ ਦੁੱਖ ਦੇ ਰਹੇ ਹੋਣ ਤਾਂ ਤੁਸੀਂ ਕਹਿਣਾ ਕਿ 'ਪ੍ਰਤੀਕ੍ਰਮਣ ਕਰ ਲਓ। ਕਿਉਂਕਿ ਤੁਸੀਂ ਮੋਕਸ਼ ਵਿੱਚ ਜਾਣਾ ਹੈ। ਹੁਣ ਜਿਸ ਤਰ੍ਹਾਂ ਵੀ ਕੁੱਝ ਕਰਨ ਜਾਓਗੇ ਤਾਂ ਉਹ ਨਹੀਂ ਚੱਲੇਗਾ'।

ਦੂਜਿਆਂ ਦੇ ਦੋਸ਼ ਦੇਖਣ ਦਾ ਅਧਿਕਾਰ ਹੀ ਨਹੀਂ ਹੈ। ਇਸ ਲਈ ਉਸ ਦੋਸ਼ ਦੇ ਲਈ ਮਾਫ਼ੀ, ਖਿਮਾਂ ਮੰਗਣਾ, ਪ੍ਰਤੀਕ੍ਰਮਣ ਕਰਨਾ। ਪਰ-ਦੋਸ਼ ਦੇਖਣ ਦੀ ਤਾਂ ਪਹਿਲਾਂ ਤੋਂ ਹੀ ਉਸ ਨੂੰ ਹੈਬਿਟ (ਆਦਤ) ਸੀ, ਉਸ ਵਿੱਚ ਨਵਾਂ ਕੀ ਹੈ? ਉਹ ਹੈਬਿਟ (ਆਦਤ) ਇੱਕ ਦਮ ਨਹੀਂ ਛੁੱਟੇਗੀ। ਉਹ ਤਾਂ ਇਸ ਪ੍ਰਤੀਕ੍ਰਮਣ ਨਾਲ ਹੀ ਛੁੱਟੇਗੀ। ਜਿੱਥੇ ਦੋਸ਼ ਦਿਖਾਈ ਦੇਵੇ, ਉੱਥੇ ਪ੍ਰਤੀਕ੍ਰਮਣ ਕਰੋ, ਸ਼ੂਟ ਆੱਨ ਸਾਈਟ!

**ਪ੍ਰਸ਼ਨ ਕਰਤਾ :** ਜਿਸ ਤਰ੍ਹਾਂ ਪ੍ਰਤੀਕ੍ਰਮਣ ਹੋਣੇ ਚਾਹੀਦੇ ਹਨ, ਉਸ ਤਰ੍ਹਾਂ ਹਾਲੇ ਵੀ ਨਹੀਂ ਹੁੰਦੇ।

**ਦਾਦਾ ਸ਼੍ਰੀ :** ਉਹ ਤਾਂ ਕੁੱਝ ਵੀ ਕਰਨਾ ਹੋਵੇ ਨਾ, ਤਾਂ ਉਸ ਦਾ ਨਿਸ਼ਚੈ ਕਰਨਾ ਪੈਂਦਾ ਹੈ।

**ਪ੍ਰਸ਼ਨ ਕਰਤਾ :** ਨਿਸ਼ਚੈ ਕਰਨਾ ਅਰਥਾਤ ਉਸ ਵਿੱਚ ਕਰਨ ਦਾ ਅਹੰਕਾਰ ਆਇਆ ਨਾ ਫਿਰ, ਉਹ ਕੀ ਚੀਜ਼ ਹੈ? ਇਹ ਜ਼ਰਾ ਸਮਝਾਓ।

**ਦਾਦਾ ਸ਼੍ਰੀ :** ਕਹਿਣ ਦੇ ਲਈ ਹੈ। ਸਿਰਫ਼ ਕਹਿਣ ਦੇ ਲਈ ਹੈ।

**ਪ੍ਰਸ਼ਨ ਕਰਤਾ :** ਮਹਾਤਮਾਵਾਂ ਵਿੱਚੋਂ ਕਈ ਲੋਕ ਇਸ ਤਰ੍ਹਾਂ ਸਮਝਦੇ ਹਨ ਕਿ ਸਾਨੂੰ ਕੁੱਝ ਵੀ ਨਹੀਂ ਕਰਨਾ ਹੈ, ਨਿਸ਼ਚੈ ਵੀ ਨਹੀਂ ਕਰਨਾ ਹੈ।

**ਦਾਦਾ ਸ਼੍ਰੀ** : ਨਹੀ, ਜੇ ਮੈਨੂੰ ਪੁੱਛੇ ਤਾਂ ਮੈਂ ਉਸ ਨੂੰ ਕਹਾਂਗਾ ਕਿ ਇਹ ਨਿਸ਼ਚੈ ਯਾਨੀ ਕੀ ਕਿ ਡਿਸਾਈਡਿਡ ਰੂਪ ਵਿੱਚ ਕਰਨਾ। ਡਿਸਾਇਡਿਡ ਯਾਨੀ ਕੀ? ਇਹ ਨਹੀਂ ਅਤੇ ਇਹ ਹੈ, ਬੱਸ। ਇਸ ਤਰ੍ਹਾਂ ਨਹੀ, ਉਸ ਤਰ੍ਹਾਂ ਹੋਣਾ ਚਾਹੀਦਾ ਹੈ।

**ਪ੍ਰਸ਼ਨ ਕਰਤਾ** : ਜਦੋਂ ਅੰਦਰ ਹਲਚਲ (ਉਥੱਲ-ਪੁੱਥਲ) ਹੋ ਜਾਵੇ, ਉਦੋਂ ਸ਼ੂਟ ਆੱਨ ਸਾਈਟ ਉਸਦਾ ਨਿਕਾਲ ਕਰਨਾ ਨਾ ਆਵੇ, ਪਰ ਸ਼ਾਮ ਨੂੰ ਦਸ-ਬਾਰਾਂ ਘੰਟੇ ਬਾਅਦ ਇਸ ਤਰ੍ਹਾਂ ਦੇ ਵਿਚਾਰ ਆਉਣ ਕਿ, ਇਹ ਸਭ ਗਲਤ ਹੋ ਗਿਆ ਤਾਂ ਕੀ ਉਸਦਾ ਨਿਕਾਲ ਹੋ ਜਾਵੇਗਾ? ਦੇਰ ਨਾਲ ਹੋਵੇਗਾ ਤਾਂ?

**ਦਾਦਾ ਸ਼੍ਰੀ** : ਹਾਂ, ਦੇਰ ਨਾਲ ਹੀ ਸਹੀ ਪਰ ਉਸਦਾ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ। ਗਲਤੀ ਹੋ ਜਾਣ ਤੋਂ ਬਾਅਦ ਪ੍ਰਤੀਕ੍ਰਮਣ ਕਰਨਾ ਕਿ, 'ਹੇ ਦਾਦਾ ਭਗਵਾਨ! ਮੇਰੇ ਤੋਂ ਭੁੱਲ ਹੋ ਗਈ। ਹੁਣ ਫਿਰ ਤੋਂ ਨਹੀਂ ਕਰੂੰਗਾ।'

ਤੁਰੰਤ ਨਾ ਹੋਵੇ ਤਾਂ ਦੋ ਘੰਟੇ ਬਾਅਦ ਕਰੋ। ਓਏ, ਰਾਤ ਨੂੰ ਕਰੋ, ਰਾਤ ਨੂੰ ਯਾਦ ਕਰ-ਕਰਕੇ ਕਰੋ। ਕੀ ਰਾਤ ਨੂੰ ਯਾਦ ਕਰਕੇ ਨਹੀਂ ਹੋ ਸਕਦਾ ਕਿ ਅੱਜ ਕਿਸਦੇ ਨਾਲ ਟਕਰਾਵ ਵਿੱਚ ਆਏ? ਇਸ ਤਰ੍ਹਾਂ ਰਾਤ ਨੂੰ ਨਹੀਂ ਹੋ ਸਕਦਾ? ਓਏ, ਹਫਤੇ ਦੇ ਅੰਤ ਵਿੱਚ ਕਰੋ। ਇੱਕ ਹਫਤੇ ਬਾਅਦ ਸਭ ਇਕੱਠੇ ਕਰੋ। ਹਫਤੇ ਵਿੱਚ ਜਿੰਨੇ ਅਤੀਕ੍ਰਮਣ ਹੋਏ ਹੋਣ, ਉਹਨਾਂ ਸਭ ਦਾ ਇਕੱਠਾ ਹਿਸਾਬ ਕਰੋ।

**ਪ੍ਰਸ਼ਨ ਕਰਤਾ** : ਪਰ ਉਹ ਤੁਰੰਤ ਹੋਣਾ ਚਾਹੀਦਾ ਹੈ ਨਾ?

**ਦਾਦਾ ਸ਼੍ਰੀ** : ਜੇ ਤੁਰੰਤ ਹੋ ਜਾਵੇ ਤਾਂ ਉਸਦੇ ਵਰਗੀ ਕੋਈ ਗੱਲ ਹੀ ਨਹੀ। ਆਪਣੇ ਇੱਥੇ ਤਾਂ ਸਾਰੇ ਲੋਕ ਕਾਫ਼ੀ ਕੁੱਝ 'ਸ਼ੂਟ ਆੱਨ ਸਾਈਟ' ਹੀ ਕਰਦੇ ਹਨ। ਦੇਖਦੇ ਹੀ ਠਾਅ, ਦੇਖਦੇ ਹੀ ਠਾਅ।

**ਪ੍ਰਸ਼ਨ ਕਰਤਾ** : ਮੈਂ ਜਦੋਂ ਕਦੇ ਦਾਦਾ ਦਾ ਨਾਮ ਲੈਂਦਾ ਹਾਂ ਜਾਂ ਆਰਤੀ ਕਰਦਾ ਹਾਂ, ਉਦੋਂ ਵੀ ਮਨ ਹੋਰ ਕਿਤੇ ਭਟਕਦਾ ਰਹਿੰਦਾ ਹੈ। ਫਿਰ ਆਰਤੀ ਵਿੱਚ ਕੁੱਝ ਹੋਰ ਹੀ ਗਾਉਂਦਾ ਹਾਂ। ਫਿਰ ਲਾਈਨਾਂ ਅਲੱਗ ਹੀ ਗਾ

ਲੈਂਦਾ ਹਾਂ। ਫਿਰ ਤਨਮੈਕਾਰ ਹੋ ਜਾਂਦਾ ਹਾਂ। ਜੋ ਵਿਚਾਰ ਆਉਂਣ, ਉਸ ਵਿੱਚ ਤਨਮੈਕਾਰ ਹੋ ਜਾਂਦਾ ਹਾਂ। ਫਿਰ ਥੋੜੀ ਦੇਰ ਬਾਅਦ ਵਾਪਸ ਉਸੇ ਵਿੱਚ ਆ ਜਾਂਦਾ ਹਾਂ।

**ਦਾਦਾ ਸ਼੍ਰੀ :** ਇਸ ਤਰ੍ਹਾਂ ਹੈ ਨਾ, ਉਸ ਦਿਨ ਪ੍ਰਤੀਕ੍ਰਮਣ ਕਰਨਾ। ਵਿਚਾਰ ਆਉਣ ਤਾਂ ਉਸ ਵਿੱਚ ਹਰਜ਼ ਨਹੀਂ ਹੈ। ਜਦੋਂ ਵਿਚਾਰ ਆਉਣ, ਉਦੋਂ ਤੁਸੀਂ 'ਚੰਦੂਭਾਈ' ਨੂੰ ਅਲੱਗ ਦੇਖ ਸਕਦੇ ਹੋ, ਕਿ ਚੰਦੂਭਾਈ ਨੂੰ ਵਿਚਾਰ ਆ ਰਹੇ ਹਨ। ਜੇ ਏਦਾਂ ਸਭ ਦੇਖ ਸਕਦੇ ਹੋ ਤਾਂ ਅਸੀਂ ਅਤੇ ਉਹ, ਦੋਵੇ ਅਲੱਗ ਹੀ ਹਾਂ। ਪਰ ਉਸ ਵਕਤ ਥੋੜੇ ਕੱਚੇ ਪੈ ਜਾਂਦੇ ਹਾਂ।

**ਪ੍ਰਸ਼ਨ ਕਰਤਾ :** ਉਸ ਸਮੇਂ ਜਾਗ੍ਰਿਤੀ ਹੀ ਨਹੀਂ ਰਹਿੰਦੀ।

**ਦਾਦਾ ਸ਼੍ਰੀ:** ਉਦੋਂ ਉਸਦਾ ਪ੍ਰਤੀਕ੍ਰਮਣ ਕਰ ਲੈਣਾ ਕਿ ਇਹ ਜਾਗ੍ਰਿਤੀ ਨਹੀਂ ਰਹੀ, ਉਸਦੇ ਲਈ ਪ੍ਰਤੀਕ੍ਰਮਣ ਕਰਦਾ ਹਾਂ। ਹੇ ਦਾਦਾ ਭਗਵਾਨ! ਮਾਫ਼ ਕਰਨਾ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਨਾ ਬਹੁਤ ਦੇਰ ਬਾਅਦ ਯਾਦ ਆਉਂਦਾ ਹੈ ਕਿ, ਇਸ ਆਦਮੀ ਦਾ ਪ੍ਰਤੀਕ੍ਰਮਣ ਕਰਨਾ ਸੀ।

**ਦਾਦਾ ਸ਼੍ਰੀ :** ਪਰ ਯਾਦ ਤਾਂ ਆਉਂਦਾ ਹੈ ਨਾ? ਸਤਿਸੰਗ ਵਿੱਚ ਹੋਰ ਵੀ ਜ਼ਿਅਦਾ ਬੈਠਣ ਦੀ ਜ਼ਰੂਰਤ ਹੈ। ਬਾਰੀਕੀ ਨਾਲ ਸਭ ਕੁੱਝ ਪੁੱਛ ਲੈਣਾ ਚਾਹੀਦਾ ਹੈ। ਇਹ ਤਾਂ ਵਿਗਿਆਨ ਹੈ। ਸਭ ਕੁੱਝ ਪੁੱਛ ਲੈਣ ਦੀ ਜ਼ਰੂਰਤ ਹੈ।

ਦੋਸ਼ ਦਿਖਾਈ ਦੇਣਾ ਕੋਈ ਆਸਾਨ ਚੀਜ਼ ਨਹੀਂ ਹੈ! ਫਿਰ ਅਸੀਂ ਤਾਂ ਇੱਕ ਦਮ ਖੁੱਲਾ (ਆਵਰਣ ਰਹਿਤ) ਕਰ ਦਿੰਦੇ ਹਾਂ, ਪਰ ਉਸ ਦੀ ਦ੍ਰਿਸ਼ਟੀ ਹੋਵੇ ਕਿ ਮੈਂ ਦੇਖਣੇ ਹਨ ਤਾਂ ਦਿਖਦੇ ਰਹਿਣਗੇ। ਅਰਥਾਤ ਖੁਦ ਨੂੰ ਭੋਜਨ ਦੀ ਥਾਲ਼ੀ ਵਿੱਚ ਹੱਥ ਤਾਂ ਉੱਪਰ ਕਰਨਾ ਪਵੇਗਾ ਨਾ? ਐਵੇ ਥੋੜੇ ਹੀ ਖਾਣਾ ਮੂੰਹ ਵਿੱਚ ਚਲਾ ਜਾਵੇਗਾ! ਏਦਾਂ ਇੱਛਾ ਰੱਖੇ ਤਾਂ ਥੋੜੇ ਹੀ ਚੱਲੇਗਾ? ਯਤਨ ਤਾਂ ਕਰਨੇ ਹੀ ਚਾਹੀਦੇ ਹਨ ਨਾ!

ਇਨਸਾਨ ਤੋਂ ਦੋਸ਼ ਹੋਣਾ ਸੁਭਾਵਿਕ ਹੈ। ਉਸ ਤੋਂ ਵਿਮੁਕਤ ਹੋਣ ਦਾ ਰਸਤਾ ਕੀ? ਸਿਰਫ 'ਗਿਆਨੀ ਪੁਰਖ' ਹੀ ਉਹ ਰਸਤਾ ਦਿਖਾਉਂਦੇ ਹਨ, 'ਪ੍ਰਤੀਕ੍ਰਮਣ'।

ਅੰਦਰ ਆਪਣੇ ਆਪ ਪ੍ਰਤੀਕ੍ਰਮਣ ਹੁੰਦੇ ਰਹਿੰਦੇ ਹਨ। ਲੋਕ ਕਹਿੰਦੇ ਹਨ, 'ਆਪਣੇ ਆਪ ਹੀ ਪ੍ਰਤੀਕ੍ਰਮਣ ਹੋ ਜਾਂਦੇ ਹਨ?' ਮੈਂ ਕਿਹਾ, 'ਹਾਂ, ਤਾਂ ਕਿਹੋ ਜਿਹੀ ਮਸ਼ੀਨ ਮੈਂ ਲਗਾ ਦਿੱਤੀ ਹੈ? ਜਿਸ ਨਾਲ ਪ੍ਰਤੀਕ੍ਰਮਣ ਸ਼ੁਰੂ ਹੋ ਜਾਂਦੇ ਹਨ। ਜਦੋਂ ਤੱਕ ਤੇਰੀ ਨੀਅਤ ਸਾਫ਼ ਹੈ, ਉਦੋਂ ਤੱਕ ਸਭ ਤਿਆਰ ਰਹਿੰਦਾ ਹੈ।

**ਪ੍ਰਸ਼ਨ ਕਰਤਾ :** ਇਹ ਅਸਲੀਅਤ ਹੈ ਦਾਦਾ ਜੀ, ਪ੍ਰਤੀਕ੍ਰਮਣ ਸਹਿਜ ਰੂਪ ਵਿੱਚ ਹੁੰਦੇ ਰਹਿੰਦੇ ਹਨ ਅਤੇ ਦੂਸਰਾ, ਇਹ ਵਿਗਿਆਨ ਇਹੋ ਜਿਹਾ ਹੈ ਕਿ ਜ਼ਰਾ ਵੀ ਦਵੇਸ਼ ਨਹੀਂ ਹੁੰਦਾ।

**ਦਾਦਾ ਸ਼੍ਰੀ :** ਹਾਂ, ਸਹੀ ਹੈ।

**ਪ੍ਰਸ਼ਨ ਕਰਤਾ :** ਇਹ ਭਾਈ ਕਹਿੰਦੇ ਹਨ ਕਿ ਮੇਰੇ ਵਰਗੇ ਤੋਂ ਪ੍ਰਤੀਕ੍ਰਮਣ ਨਹੀਂ ਹੁੰਦੇ, ਉਹ ਕੀ ਕਹਾਏਗਾ?

**ਦਾਦਾ ਸ਼੍ਰੀ :** ਉਹ ਤਾਂ ਅੰਦਰ ਹੋ ਜਾਂਦੇ ਹੋਣਗੇ ਪਰ ਧਿਆਨ ਨਹੀਂ ਰਹਿੰਦਾ। ਸੋ: ਜੇ ਸਿਰਫ ਇੱਕ ਵਾਰੀ ਬੋਲਿਆ ਕਿ 'ਮੇਰੇ ਤੋਂ ਨਹੀਂ ਹੁੰਦੇ', ਤਾਂ ਫਿਰ ਉਹ ਬੰਦ ਹੋ ਜਾਵੇਗਾ। ਉਹ ਮਸ਼ੀਨ ਬੰਦ ਹੋ ਜਾਵੇਗੀ। ਜਿਸ ਤਰ੍ਹਾਂ ਦੀ ਭਜਨਾ ਉਸ ਤਰ੍ਹਾਂ ਦੀ ਭਗਤੀ। ਉਹ ਤਾਂ ਅੰਦਰ ਹੁੰਦੇ ਰਹਿੰਦੇ ਹਨ। ਕੁੱਝ ਸਮੇਂ ਬਾਅਦ ਹੋਣਗੇ।

**ਪ੍ਰਸ਼ਨ ਕਰਤਾ :** ਸਾਡੇ ਤੋਂ ਕਿਸੇ ਨੂੰ ਦੁੱਖ ਹੋ ਜਾਵੇ ਤਾਂ ਉਹ ਸਾਨੂੰ ਚੰਗਾ ਨਹੀਂ ਲੱਗਦਾ। ਬੱਸ ਇੰਨਾ ਹੀ ਰਹਿੰਦਾ ਹੈ। ਫਿਰ ਅੱਗੇ ਨਹੀਂ ਵੱਧਦਾ, ਪ੍ਰਤੀਕ੍ਰਮਣ ਨਹੀਂ ਹੁੰਦਾ।

**ਦਾਦਾ ਸ਼੍ਰੀ :** ਉਹ ਤਾਂ ਅੰਦਰ ਇਹੋ ਜਿਹੀ ਮਸ਼ੀਨ ਰੱਖ ਦਿੱਤੀ ਹੈ, ਤੁਸੀਂ ਜਿਵੇਂ ਬੋਲੋਗੇ, ਉਹ ਉਸੇ ਤਰ੍ਹਾਂ ਚੱਲੇਗੀ! ਜਿਵੇਂ ਦੀ ਭਜਨਾ ਕਰੋਗੇ ਉਸੇ ਤਰ੍ਹਾਂ ਦੇ ਹੋ ਜਾਵੋਗੇ। ਤੁਸੀਂ ਕਹੋਗੇ ਕਿ, 'ਮੇਰੇ ਤੋਂ ਏਦਾਂ ਨਹੀਂ ਹੁੰਦਾ' ਤਾਂ ਉਸ

ਤਰ੍ਹਾਂ ਹੋਵੇਗਾ। ਅਤੇ ਕਹੋਗੇ, 'ਇੰਨੇ ਸਾਰੇ ਪ੍ਰਤੀਕ੍ਰਮਣ ਹੁੰਦੇ ਹਨ ਕਿ ਮੈਂ ਥੱਕ ਜਾਂਦਾ ਹਾਂ।' ਤਾਂ ਅੰਦਰ ਉਹ ਥੱਕ ਜਾਵੇਗਾ। ਸੋ: ਪ੍ਰਤੀਕ੍ਰਮਣ ਕਰਨ ਵਾਲਾ ਕਰ ਰਿਹਾ ਹੈ, ਤੂੰ ਆਪਣੇ ਆਪ ਅੱਗੇ ਚੱਲਦਾ ਰਹਿ ਨਾ। ਪੰਜ ਸੌ- ਪੰਜ ਸੌ ਪ੍ਰਤੀਕ੍ਰਮਣ ਹੋ ਰਹੇ ਹੁੰਦੇ ਹਨ। ਤੂੰ ਚਲਾਉਂਦਾ ਰਹਿ ਨਾ ਕਿ 'ਮੇਰੇ ਤੋਂ ਪ੍ਰਤੀਕ੍ਰਮਣ ਹੁੰਦੇ ਹਨ।'

ਹੋ ਸਕੇ, ਉਦੋਂ ਤੱਕ 'ਸ਼ੂਟ ਆੱਨ ਸਾਈਟ' ਰੱਖਣਾ ਚਾਹੀਦਾ ਹੈ। ਦੋਸ਼ ਹੁੰਦੇ ਹੀ ਤੁਰੰਤ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ। ਅਤੇ ਨਾ ਕਰ ਸਕੋ ਤਾਂ ਸ਼ਾਮ ਨੂੰ ਇਕੱਠੇ ਕਰ ਲੈਣਾ। ਪਰ ਇਕੱਠੇ ਕਰਨ ਨਾਲ ਦੋ-ਚਾਰ ਰਹਿ ਜਾਣਗੇ। ਉਸਨੂੰ ਕਿੱਥੇ ਰੱਖਾਂਗੇ?! ਹੋਰ ਕੌਣ ਰੱਖੇਗਾ ਉਸਨੂੰ? ਆਪਣਾ ਤਾਂ ਸ਼ੂਟ ਆੱਨ ਸਾਈਟ ਦਾ ਧੰਦਾ ਹੈ!

ਜਦੋਂ ਤੋਂ ਦੋਸ਼ ਦਿਖਣ ਲੱਗੇ, ਉਦੋਂ ਤੋਂ ਸਮਝਣਾ ਕਿ ਮੋਕਸ਼ ਵਿੱਚ ਜਾਣ ਦੀ ਟਿਕਟ ਮਿਲ ਗਈ। ਖੁਦ ਦਾ ਦੋਸ਼ ਕਿਸੇ ਨੂੰ ਦਿਖਾਈ ਨਹੀਂ ਦਿੰਦਾ। ਵੱਡੇ-ਵੱਡੇ ਸਾਧੂ-ਆਚਾਰਿਆਂ ਨੂੰ ਵੀ ਖੁਦ ਦੇ ਦੋਸ਼ ਦਿਖਾਈ ਨਹੀਂ ਦਿੰਦੇ। ਅਸਲ ਵਿੱਚ ਤਾਂ ਸਭ ਤੋਂ ਬੜੀ ਕਮੀ ਇਹੀ ਹੈ। ਅਤੇ ਇਹ ਵਿਗਿਆਨ ਇਹੋ ਜਿਹਾ ਹੈ ਕਿ, ਇਹ ਵਿਗਿਆਨ ਹੀ ਤੁਹਾਨੂੰ ਨਿਰਪੱਖ ਰੂਪ ਵਿੱਚ ਜੱਜਮੈਂਟ ਦਿੰਦਾ ਹੈ। ਖੁਦ ਦੇ ਸਾਰੇ ਦੋਸ਼ ਦੱਸ ਦਿੰਦਾ ਹੈ। ਬੇਸ਼ੱਕ ਦੋਸ਼ ਹੋਣ ਤੋਂ ਬਾਅਦ ਦੱਸਦਾ ਹੈ, ਪਰ ਦੱਸ ਦਿੰਦਾ ਹੈ ਨਾ? ਹੁਣ ਦੋਸ਼ ਹੋ ਗਿਆ ਉਹ ਹੋ ਗਿਆ!! ਉਹ ਤਾਂ ਅਲੱਗ ਹੈ, ਗੱਡੀ ਦੀ ਸਪੀਡ ਤੇਜ਼ ਹੋਵੇ ਤਾਂ ਕੁਚਲਿਆ ਜਾਂਦਾ ਹੈ ਨਾ? ਪਰ ਫਿਰ ਪਤਾ ਚੱਲਿਆ ਨਾ?

## 7. ਹੋ ਜਾਵੇਗਾ ਸ਼ੁੱਧ, ਵਪਾਰ

**ਪ੍ਰਸ਼ਨ ਕਰਤਾ** : ਇਸ ਤਰ੍ਹਾਂ ਜੇ ਚੰਦੂਭਾਈ ਨੂੰ ਖੁੱਲਾ ਛੱਡ ਦੇਵਾਂਗੇ ਤਾਂ ਉਹ ਤਾਂ ਕੁੱਝ ਵੀ ਕਰ ਸਕਦਾ ਹੈ।

**ਦਾਦਾ ਸ਼੍ਰੀ** : ਨਹੀ। ਇਸ ਲਈ ਮੈਂ ਵਿਵਸਥਿਤ ਕਿਹਾ ਹੈ ਕਿ ਇਸ ਇੱਕ ਜੀਵਨ ਵਿੱਚ ਇੱਕ ਵਾਲ਼ ਜਿੰਨਾ ਵੀ ਬਦਲਾਓ ਕਰਨ ਦਾ ਅਧਿਕਾਰ ਨਹੀਂ ਹੈ। 'ਵਨ ਲਾਈਫ' ਦੇ ਲਈ!! ਜਿਸ ਲਾਈਫ ਦੇ ਲਈ ਮੈਂ ਵਿਵਸਥਿਤ

ਦਿੰਦਾ ਹਾਂ, ਉਸ ਵਿਵਸਥਿਤ ਵਿੱਚ ਬਦਲਾਓ ਹੋ ਸਕੇ, ਇਸ ਤਰ੍ਹਾਂ ਨਹੀਂ ਹੈ। ਤਾਂ ਹੀ ਤਾਂ ਮੈਂ ਤੁਹਾਨੂੰ ਖੁੱਲਾ ਛੱਡ ਦਿੰਦਾ ਹਾਂ। ਅਰਥਾਤ ਇਹ ਮੈਂ ਦੇਖ ਕੇ ਕਹਿ ਰਿਹਾ ਹਾਂ। ਅਤੇ ਇਸ ਲਈ ਮੈਨੂੰ ਝਿੜਕਣਾ ਵੀ ਨਹੀਂ ਪੈਂਦਾ, ਕਿ ਘਰਵਾਲ਼ੀ ਦੇ ਨਾਲ ਕਿਉਂ ਘੁੰਮ ਰਹੇ ਹੋ? ਅਤੇ ਕਿਉਂ ਇਸ ਤਰ੍ਹਾਂ ਜਾਂ ਉਸ ਤਰ੍ਹਾਂ?! ਮੈਨੂੰ ਬਿਲਕੁੱਲ ਵੀ ਝਿੜਕਣਾ ਨਹੀਂ ਪੈਂਦਾ। ਦੂਸਰੀ ਲਾਈਫ਼ ਦੇ ਲਈ ਨਹੀ, ਪਰ ਇਸ ਇੱਕ ਲਾਈਫ਼ ਦੇ ਲਈ ਯੂ ਆਰ ਨੱਟ ਰਿਸਪਾਂਸਿਬੱਲ ਐਟ ਆੱਲ! ਅਤੇ ਉਹ ਵੀ ਫਿਰ ਇੰਨਾ ਸਭ ਕਿਹਾ ਹੈ।

**ਪ੍ਰਸ਼ਨ ਕਰਤਾ :** ਵਿਆਜ ਖਾ ਸਕਦੇ ਹਾਂ ਜਾਂ ਨਹੀਂ ਖਾ ਸਕਦੇ?

**ਦਾਦਾ ਸ਼੍ਰੀ :** ਚੰਦੂਭਾਈ ਨੂੰ ਵਿਆਜ ਖਾਣਾ ਹੋਵੇ ਤਾਂ ਖਾਵੇ, ਪਰ ਉਸ ਨੂੰ ਕਹਿਣਾ ਕਿ ਬਾਅਦ ਵਿੱਚ ਪ੍ਰਤੀਕ੍ਰਮਣ ਕਰਨਾ।

ਇਹ ਪ੍ਰਤੀਕ੍ਰਮਣ ਨਾਲ ਸਾਹਮਣੇ ਵਾਲੇ ਤੇ ਅਸਰ ਪੈਂਦਾ ਹੈ ਅਤੇ ਉਹ ਪੈਸੇ ਵਾਪਸ ਕਰ ਦਿੰਦਾ ਹੈ। ਸਾਹਮਣੇ ਵਾਲੇ ਵਿੱਚ ਇਹੋ ਜਿਹੀ ਸਦਬੁੱਧੀ ਉਤਪੰਨ ਹੋ ਜਾਂਦੀ ਹੈ। ਪ੍ਰਤੀਕ੍ਰਮਣ ਨਾਲ ਇਸ ਤਰ੍ਹਾਂ ਸਾਕਾਰਾਤਮਕ ਅਸਰ ਹੁੰਦਾ ਹੈ। ਜੇਕਰ ਲੋਕ ਘਰ ਜਾ ਕੇ ਜੇ ਉਧਾਰ ਵਾਲ਼ੇ ਨੂੰ ਗ੍ਹਾਲ਼ਾਂ ਕੱਢਣ ਤਾਂ ਉਸਦਾ ਉਲਟਾ ਅਸਰ ਹੁੰਦਾ ਹੈ ਜਾਂ ਨਹੀ? ਲੋਕ ਸਗੋ ਹੋਰ ਜ਼ਿਆਦਾ ਉਲਝਾ ਦਿੰਦੇ ਹਨ। ਪੂਰਾ ਜਗਤ ਅਸਰ ਵਾਲ਼ਾ ਹੈ।

**ਪ੍ਰਸ਼ਨ ਕਰਤਾ :** ਅਸੀਂ ਕਿਸੇ ਲੈਣਦਾਰ ਦਾ ਪ੍ਰਤੀਕ੍ਰਮਣ ਕਰੀਏ, ਤਾਂ ਵੀ ਉਹ ਮੰਗਦਾ ਤਾਂ ਰਹੇਗਾ ਹੀ ਨਾ?

**ਦਾਦਾ ਸ਼੍ਰੀ :** ਮੰਗਣ ਦਾ ਜਾਂ ਨਾ ਮੰਗਣ ਦਾ ਸਵਾਲ ਨਹੀਂ ਹੈ, ਰਾਗ-ਦਵੇਸ਼ ਨਹੀਂ ਹੋਣੇ ਚਾਹੀਦੇ। ਉਧਾਰ ਤਾਂ ਸ਼ਾਇਦ ਬਾਕੀ ਰਹਿ ਵੀ ਜਾਏ!

ਕੋਈ ਕਹੇ, 'ਮੈਨੂੰ ਧਰਮ ਨਹੀਂ ਚਾਹੀਦਾ। ਭੌਤਿਕ ਸੁੱਖ ਚਾਹੀਦੇ ਹਨ।' ਉਸ ਨੂੰ ਮੈਂ ਕਹਾਂਗਾ, 'ਪ੍ਰਮਾਣਿਕ ਰਹਿਣਾ, ਨੀਤੀ ਦਾ ਪਾਲਣ ਕਰਨਾ।' ਮੰਦਰ ਵਿੱਚ ਜਾਣ ਨੂੰ ਨਹੀਂ ਕਹਾਂਗਾ। ਦੂਸਰਿਆਂ ਨੂੰ ਤੂੰ ਦਿੰਦਾ ਹੈ, ਉਹ ਦੇਵ ਧਰਮ ਹੈ। ਪਰ ਕਿਸੇ ਹੋਰ ਦਾ, ਅਣਹੱਕ (ਬਿਨਾਂ ਹੱਕ ਦਾ) ਦਾ

ਨਹੀਂ ਲੈਂਦਾ, ਉਹ ਮਾਨਵ ਧਰਮ ਹੈ। ਅਰਥਾਤ ਪ੍ਰਮਾਣਿਕਤਾ, ਉਹ ਸਭ ਤੋਂ ਵੱਡਾ ਧਰਮ ਹੈ। 'ਡਿਸਆਨੇਸਟੀ ਇਜ਼ ਦ ਬੈਸਟ ਫੂਲੀਸ਼ਨੈੱਸ!!!' ਆੱਨੇਸਟ ਨਹੀਂ ਹੋ ਸਕਦਾ, ਤਾਂ ਕੀ ਮੈਂ ਦਰਿਆ ਵਿੱਚ ਡਿੱਗ ਜਾਵਾਂ? ਮੇਰੇ 'ਦਾਦਾ ਜੀ' ਸਿਖਾਉਂਦੇ ਹਨ ਕਿ ਜੇ ਡਿਸਆੱਨੇਸਟ ਹੋ ਜਾਓ ਤਾਂ ਉਸਦਾ ਪ੍ਰਤੀਕ੍ਰਮਣ ਕਰਨਾ। ਤੇਰਾ ਅਗਲਾ ਜਨਮ ਉਜਲਾ ਹੋ ਜਾਵੇਗਾ। ਡਿਸਆਨੇਸਟੀ ਨੂੰ ਡਿਸਆਨੇਸਟੀ ਸਮਝ ਅਤੇ ਉਸਦਾ ਪਛਤਾਵਾ, ਪਛਚਾਤਾਪ ਕਰ। ਇੰਨਾ ਨਿਸ਼ਚਿਤ ਹੈ ਕਿ ਪਛਚਾਤਾਪ ਕਰਨ ਵਾਲ਼ਾ ਵਿਅਕਤੀ ਆਨੇਸਟ ਹੈ।

ਜੇ ਸਾਂਝੀਦਾਰ ਦੇ ਨਾਲ ਮੱਤਭੇਦ ਹੋ ਜਾਵੇ, ਤਾਂ ਤੁਰੰਤ ਤੁਹਾਨੂੰ ਪਤਾ ਚਲ ਜਾਵੇਗਾ ਕਿ, 'ਇਹ ਜ਼ਰੂਰਤ ਤੋਂ ਜਿਆਦਾ ਬੋਲ ਦਿੱਤਾ', ਇਸ ਲਈ ਤੁਰੰਤ ਉਸਦੇ ਨਾਮ ਦਾ ਪ੍ਰਤੀਕ੍ਰਮਣ ਕਰ ਲੈਣਾ। ਆਪਣਾ ਪ੍ਰਤੀਕ੍ਰਮਣ ਕੈਸ਼ ਪੇਮੈਂਟ ਹੋਣਾ ਚਾਹੀਦਾ ਹੈ। ਇਹ ਬੈਂਕ ਵੀ ਕੈਸ਼ ਕਹਾਉਂਦਾ ਹੈ ਅਤੇ ਪੇਮੈਂਟ ਵੀ ਕੈਸ਼ ਕਹਾਉਂਦਾ ਹੈ।

ਆਫਿਸ ਵਿੱਚ ਪਰਮਿਟ ਲੈਣ ਗਏ, ਪਰ ਸਾਹਿਬ ਨੇ ਨਹੀਂ ਦਿੱਤਾ ਤਾਂ ਮਨ ਵਿੱਚ ਹੋਵੇਗਾ ਕਿ, 'ਸਾਹਿਬ ਨਾਲਾਇਕ ਹੈ, ਏਦਾਂ ਹੈ, ਉਦਾਂ ਹੈ।' ਹੁਣ ਇਸਦਾ ਫਲ਼ ਕੀ ਆਵੇਗਾ, ਉਹ ਤੁਹਾਨੂੰ ਪਤਾ ਨਹੀਂ ਹੈ। ਇਸ ਲਈ ਇਹ ਭਾਵ ਬਦਲ ਦੇਣਾ, ਪ੍ਰਤੀਕ੍ਰਮਣ ਕਰ ਲੈਣਾ। ਇਸ ਨੂੰ ਅਸੀਂ ਜਾਗ੍ਰਿਤੀ ਕਹਿੰਦੇ ਹਾਂ।

ਇਸ ਸੰਸਾਰ ਵਿੱਚ ਅੰਤਰਾਏ ਕਿਵੇਂ ਪੈਂਦੇ ਹਨ, ਉਹ ਤੁਹਾਨੂੰ ਸਮਝਾਉਂਦਾ ਹਾਂ। ਤੁਸੀਂ ਜਿਸ ਆਫ਼ਿਸ ਵਿੱਚ ਨੌਕਰੀ ਕਰਦੇ ਹੋ, ਉੱਥੇ ਆਪਣੇ ਅਸਿਸਟੈਂਟ ਨੂੰ ਘੱਟ ਅਕਲ ਵਾਲ਼ਾ ਕਹੋ, ਤਾਂ ਉਸ ਨਾਲ ਤੁਹਾਡੀ ਅਕਲ ਤੇ ਅੰਤਰਾਏ ਪਿਆ! ਬੋਲੋ, ਹੁਣ ਸਾਰਾ ਸੰਸਾਰ ਇਸ ਅੰਤਰਾਏ ਵਿੱਚ ਫੱਸ-ਫੱਸ ਕੇ ਇਸ ਮਨੁੱਖ ਜਨਮ ਨੂੰ ਵਿਅਰਥ ਗੁਆ ਰਿਹਾ ਹੈ! ਤੁਹਾਨੂੰ ਰਾਈਟ (ਅਧਿਕਾਰ) ਹੀ ਨਹੀਂ ਹੈ, ਸਾਹਮਣੇ ਵਾਲ਼ੇ ਨੂੰ ਘੱਟ ਅਕਲ ਵਾਲ਼ਾ ਕਹਿਣ ਦਾ। ਤੁਸੀਂ ਇਸ ਤਰ੍ਹਾਂ ਬੋਲੋਗੇ ਤਾਂ ਸਾਹਮਣੇ ਵਾਲ਼ਾ ਵੀ ਉਲਟਾ ਬੋਲੇਗਾ, ਇਸ ਨਾਲ ਉਸਨੂੰ ਵੀ ਅੰਤਰਾਏ ਪਵੇਗਾ! ਤਾਂ ਹੁਣ ਇਸ ਜਗਤ ਵਿੱਚ ਅੰਤਰਾਏ ਪਾਉਣਾ ਕਿਵੇਂ ਬੰਦ ਹੋਵੇਗਾ? ਕਿਸੇ ਨੂੰ ਤੁਸੀਂ ਨਾਲਾਇਕ ਕਹੋ

ਤਾਂ ਤੁਹਾਡੀ ਕਾਬਲੀਅਤ ਤੇ ਅੰਤਰਾਏ ਪੈਂਦਾ ਹੈ! ਜੇ ਤੁਸੀਂ ਇਸਦੇ ਤੁਰੰਤ ਹੀ ਪ੍ਰਤੀਕ੍ਰਮਣ ਕਰੋ ਤਾਂ ਉਹ ਅੰਤਰਾਏ ਪੈਣ ਤੋਂ ਪਹਿਲਾਂ ਧੋਤੇ ਜਾਣਗੇ।

**ਪ੍ਰਸ਼ਨ ਕਰਤਾ :** ਨੌਕਰੀ ਦੇ ਫ਼ਰਜ਼ ਨਿਭਾਉਂਦੇ ਸਮੇਂ ਮੈਂ ਬਹੁਤ ਸਖ਼ਤੀ ਨਾਲ ਲੋਕਾਂ ਦੇ ਅਪਮਾਨ ਕਰ ਦਿੱਤੇ ਸਨ, ਦੁਤਕਾਰ ਦਿੱਤਾ ਸੀ।

**ਦਾਦਾ ਸ਼੍ਰੀ :** ਉਹਨਾਂ ਸਭ ਦਾ ਪ੍ਰਤੀਕ੍ਰਮਣ ਕਰਨਾ। ਉਸ ਵਿੱਚ ਤੁਹਾਡਾ ਇਰਾਦਾ ਬੁਰਾ ਨਹੀਂ ਸੀ। ਆਪਣੇ ਖੁਦ ਦੇ ਲਈ ਨਹੀ, ਉਹ ਸਰਕਾਰ ਦੇ ਪ੍ਰਤੀ ਸਿਨਸਿਆਰਿਟੀ ਸੀ।

## 8. 'ਇਸ ਤਰ੍ਹਾਂ' ਟੁੱਟੇਗੀ ਲਿੰਕ ਰਿਣਾਨੁਬੰਧ ਦੀ

**ਪ੍ਰਸ਼ਨ ਕਰਤਾ :** ਪਿਛਲੇ ਜਨਮ ਦੇ ਰਿਣਾਨੁਬੰਧ ਤੋਂ ਛੁੱਟਣ ਦੇ ਲਈ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਤੁਹਾਡਾ ਜਿਨ੍ਹਾਂ ਦੇ ਨਾਲ ਪੂਰਵ ਦਾ ਰਿਣਾਨੁਬੰਧ ਹੋਵੇ ਅਤੇ ਉਹ ਤੁਹਾਨੂੰ ਪਸੰਦ ਹੀ ਨਾ ਹੋਵੇ, ਉਹਨਾਂ ਦੇ ਨਾਲ ਰਹਿਣਾ ਚੰਗਾ ਹੀ ਨਾ ਲੱਗਦਾ ਹੋਵੇ ਅਤੇ ਫਿਰ ਵੀ ਮਜਬੂਰੀ ਨਾਲ ਉਹਨਾਂ ਦੇ ਨਾਲ ਰਹਿਣਾ ਪਵੇ ਤਾਂ ਕੀ ਕਰਨਾ ਚਾਹੀਦਾ ਹੈ? ਉਹਨਾਂ ਦੇ ਨਾਲ ਬਾਹਰ ਦਾ ਵਿਹਾਰ ਜਰੂਰ ਰੱਖਣਾ ਚਾਹੀਦਾ ਹੈ, ਪਰ ਅੰਦਰ ਉਹਨਾਂ ਦੇ ਨਾਮ ਦੇ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ। ਕਿਉਂਕਿ ਤੁਸੀਂ ਪਿਛਲੇ ਜਨਮ ਵਿੱਚ ਅਤੀਕ੍ਰਮਣ ਕੀਤਾ ਸੀ, ਉਸਦਾ ਇਹ ਪਰਿਣਾਮ ਹੈ। ਕੱਜ਼ਜ਼ ਕੀ ਕੀਤੇ ਸਨ? ਤਾਂ ਕਹੀਏ, ਉਸਦੇ ਨਾਲ ਪਿਛਲੇ ਜਨਮ ਵਿੱਚ ਅਤੀਕ੍ਰਮਣ ਕੀਤਾ ਸੀ। ਉਸ ਅਤੀਕ੍ਰਮਣ ਦਾ ਇਸ ਜਨਮ ਵਿੱਚ ਫ਼ਲ ਆਇਆ, ਇਸ ਲਈ ਜੇ ਉਸਦਾ ਪ੍ਰਤੀਕ੍ਰਮਣ ਕਰਾਂਗੇ ਤਾਂ ਪਲੱਸ-ਮਾਈਨਸ ਹੋ ਜਾਵੇਗਾ। ਸੋ: ਅੰਦਰ ਹੀ ਅੰਦਰ ਤੁਸੀਂ ਉਸ ਤੋਂ ਮਾਫ਼ੀ ਮੰਗ ਲਓ। ਬਾਰ-ਬਾਰ ਮਾਫ਼ੀ ਮੰਗਦੇ ਰਹੋ ਕਿ 'ਮੈਂ ਜੋ-ਜੋ ਦੋਸ਼ ਕੀਤੇ ਹੋਣ, ਉਹਨਾਂ ਦੀ ਮਾਫ਼ੀ ਮੰਗਦਾ ਹਾਂ।' ਕਿਸੇ ਵੀ ਭਗਵਾਨ ਦੀ ਸਾਕਸ਼ੀ ਵਿੱਚ, ਤਾਂ ਸਭ ਖਤਮ ਹੋ ਜਾਵੇਗਾ।

ਸਹਿਵਾਸ (ਨਾਲ ਰਹਿਣਾ) ਪਸੰਦ ਨਾ ਹੋਵੇ ਤਾਂ ਫਿਰ ਕੀ ਹੁੰਦਾ ਹੈ? ਉਸਨੂੰ ਬਹੁਤ ਦੋਸ਼ਿਤ ਦੇਖਣ ਨਾਲ, ਜੇ ਕਿਸੇ ਆਦਮੀ ਨੂੰ ਔਰਤ ਪਸੰਦ ਨਾ

ਹੋਵੇ ਤਾਂ ਉਸਦੇ ਬਹੁਤ ਦੋਸ਼ ਦੇਖਦਾ ਰਹਿੰਦਾ ਹੈ, ਤਾਂ ਫਿਰ ਤਿਰਸਕਾਰ ਹੋ ਜਾਂਦਾ ਹੈ। ਫਿਰ ਉਸ ਤੋਂ ਡਰ ਲੱਗਦਾ ਹੈ। ਜਿਸਦੇ ਪ੍ਰਤੀ ਤੁਹਾਨੂੰ ਤਿਰਸਕਾਰ ਹੋਵੇਗਾ ਨਾ ਉਸ ਤੋਂ ਡਰ ਲੱਗੇਗਾ। ਉਸਨੂੰ ਦੇਖਦੇ ਹੀ ਘਬਰਾਹਟ ਹੋਣ ਲੱਗੇ ਤਾਂ ਸਮਝਣਾ ਕਿ ਇਹ ਤਿਰਸਕਾਰ ਹੈ। ਇਸ ਲਈ ਤਿਰਸਕਾਰ ਖਤਮ ਕਰਨ ਦੇ ਲਈ ਬਾਰ-ਬਾਰ ਮਾਫ਼ੀ ਮੰਗਦੇ ਰਹੋ, ਦੋ ਹੀ ਦਿਨਾਂ ਵਿੱਚ ਉਹ ਤਿਰਸਕਾਰ ਬੰਦ ਹੋ ਜਾਵੇਗਾ। ਬੇਸ਼ੱਕ ਉਸ ਨੂੰ ਪਤਾ ਨਾ ਹੋਵੇ ਪਰ ਤੁਸੀਂ ਅੰਦਰ ਹੀ ਅੰਦਰ ਉਸਦਾ ਨਾਮ ਲੈ ਕੇ ਮਾਫ਼ੀ ਮੰਗਦੇ ਰਹੋ। ਜਿਸ ਦੇ ਪ੍ਰਤੀ ਜੋ ਵੀ ਦੋਸ਼ ਕੀਤੇ ਹੋਣ ਤਾਂ ਕਹਿਣਾ, 'ਹੇ ਭਗਵਾਨ! ਮੈ ਮਾਫ਼ੀ ਮੰਗਦਾ ਹਾਂ।' ਇਹ ਦੋਸ਼ਾਂ ਦੇ ਪਰਿਣਾਮ ਹਨ, ਤੁਸੀਂ ਕਿਸੇ ਵੀ ਵਿਅਕਤੀ ਦੇ ਪ੍ਰਤੀ ਜੋ ਵੀ ਦੋਸ਼ ਕੀਤੇ ਹੋਣ, ਪਰ ਅੰਦਰ ਹੀ ਅੰਦਰ ਤੁਸੀਂ ਭਗਵਾਨ ਤੋਂ ਮਾਫ਼ੀ ਮੰਗਦੇ ਰਹਿਣਾ, ਤਾਂ ਸਭ ਧੋਤਾ ਜਾਵੇਗਾ।

ਇਹ ਤਾਂ ਨਾਟਕ ਹੈ। ਨਾਟਕ ਵਿੱਚ ਘਰਵਾਲ਼ੀ-ਬੱਚਿਆਂ ਨੂੰ ਹਮੇਸ਼ਾ ਦੇ ਲਈ ਖੁਦ ਦੇ ਬਣਾ ਲੈਣਾ ਕੀ ਠੀਕ ਹੋਵੇਗਾ? ਹਾਂ, ਜਿਵੇਂ ਨਾਟਕ ਵਿੱਚ ਬੋਲਦੇ ਹਨ, ਉਸ ਤਰ੍ਹਾਂ ਬੋਲਣ ਵਿੱਚ ਹਰਜ਼ ਨਹੀਂ ਹੈ ਕਿ 'ਇਹ ਮੇਰਾ ਵੱਡਾ ਪੁੱਤਰ, ਛਤਾਯੂ।' ਪਰ ਸਭ ਉੱਪਰ-ਉੱਪਰ ਤੋਂ, ਨਾਟਕੀ। ਇਹਨਾਂ ਸਭ ਨੂੰ ਸਹੀ ਮੰਨਿਆ ਉਸੇ ਲਈ ਪ੍ਰਤੀਕ੍ਰਮਣ ਕਰਨੇ ਪੈਂਦੇ ਹਨ। ਜੇ ਸਹੀ ਨਾ ਮੰਨਿਆ ਹੁੰਦਾ ਤਾਂ ਪ੍ਰਤੀਕ੍ਰਮਣ ਨਾ ਕਰਨੇ ਪੈਂਦੇ। ਜਿੱਥੇ ਸੱਚ ਮੰਨਿਆ ਗਿਆ ਹੈ, ਉੱਥੇ ਰਾਗ ਅਤੇ ਦਵੇਸ਼ ਸ਼ੁਰੂ ਹੋ ਜਾਂਦੇ ਹਨ ਅਤੇ ਪ੍ਰਤੀਕ੍ਰਮਣ ਨਾਲ ਹੀ ਮੋਕਸ਼ ਹੈ। 'ਦਾਦਾ ਜੀ' ਜੋ ਦਿਖਾਉਂਦੇ ਹਨ, ਉਹਨਾਂ ਆਲੋਚਨਾ-ਪ੍ਰਤੀਕ੍ਰਮਣ-ਪ੍ਰਤਿਆਖਿਆਨ ਨਾਲ ਮੋਕਸ਼ ਹੈ।

ਕਿਸੇ ਦੇ ਹੱਥ ਵਿੱਚ ਪਰੇਸ਼ਾਨ ਕਰਨ ਦੀ ਸੱਤਾ ਵੀ ਨਹੀਂ ਹੈ ਅਤੇ ਕਿਸੇ ਦੇ ਹੱਥ ਵਿੱਚ ਸਹਿਣ ਦੀ ਸੱਤਾ ਵੀ ਨਹੀਂ ਹੈ। ਇਹ ਜੋ ਸਭ ਕੰਮ ਕਰ ਰਹੇ ਹਨ, ਇਹ ਸਭ ਤਾਂ ਪੁਤਲੇ ਹਨ। ਇਸਲਈ ਪ੍ਰਤੀਕ੍ਰਮਣ ਕਰਨ ਨਾਲ ਪੁਤਲੇ ਆਪਣੇ-ਆਪ ਸਿੱਧੇ ਹੋ ਜਾਣਗੇ।

ਬਾਕੀ, ਕਿਹੋ ਜਿਹਾ ਵੀ ਪਾਗਲ ਆਦਮੀ ਹੋਵੇ ਪਰ ਉਹ ਸਾਡੇ ਪ੍ਰਤੀਕ੍ਰਮਣ ਨਾਲ ਸਮਝਦਾਰ ਹੋ ਸਕਦਾ ਹੈ।

ਕਿਸੇ ਆਦਮੀ ਦੇ ਨਾਲ ਤੁਹਾਡੀ ਬਿਲਕੁੱਲ ਵੀ ਨਾ ਬਣਦੀ ਹੋਵੇ, ਉਸਦੇ ਜੇ ਤੁਸੀਂ ਸਾਰਾ ਦਿਨ ਪ੍ਰਤੀਕ੍ਰਮਣ ਕਰੋ, ਦੋ-ਚਾਰ ਦਿਨ ਤੱਕ ਕਰਦੇ ਰਹੋ ਤਾਂ ਪੰਜਵੇ ਦਿਨ ਤਾਂ ਉਹ ਤੁਹਾਨੂੰ ਲੱਭਦਾ ਹੋਇਆ ਇੱਥੇ ਆ ਜਾਵੇਗਾ। ਤੁਹਾਡੇ ਅਤੀਕ੍ਰਮਣ ਦੋਸ਼ ਨਾਲ ਹੀ ਇਹ ਸਭ ਰੁਕਿਆ ਹੋਇਆ ਹੈ।

**ਪ੍ਰਸ਼ਨ ਕਰਤਾ :** ਇਸ ਵਿੱਚ ਕਦੇ ਸਾਨੂੰ ਦੁੱਖ ਹੋ ਜਾਂਦਾ ਹੈ ਕਿ ਮੈਂ ਇੰਨਾ ਕੁੱਝ ਕਰਦਾ ਹਾਂ ਫਿਰ ਵੀ ਇਹ ਮੇਰਾ ਅਪਮਾਨ ਕਰ ਰਿਹਾ ਹੈ?

**ਦਾਦਾ ਸ਼੍ਰੀ :** ਤੁਹਾਨੂੰ ਉਸਦਾ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ। ਇਹ ਤਾਂ ਵਿਵਹਾਰ ਹੈ। ਇਸ ਵਿੱਚ ਹਰ ਤਰ੍ਹਾਂ ਦੇ ਲੋਕ ਹੁੰਦੇ ਹਨ ਜੋ ਮੋਕਸ਼ ਵਿੱਚ ਨਹੀਂ ਜਾਣ ਦਿੰਦੇ।

**ਪ੍ਰਸ਼ਨ ਕਰਤਾ :** ਸਾਨੂੰ ਪ੍ਰਤੀਕ੍ਰਮਣ ਕਿਉਂ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਪ੍ਰਤੀਕ੍ਰਮਣ ਇਸ ਲਈ ਕਰਨਾ ਚਾਹੀਦਾ ਹੈ ਕਿ ਇਸ ਵਿੱਚ ਮੇਰੇ ਕਰਮ ਦਾ ਉਦੈ ਸੀ ਅਤੇ ਤੁਹਾਨੂੰ (ਸਾਹਮਣੇ ਵਾਲ਼ੇ ਨੂੰ) ਇਹੋ ਜਿਹਾ ਕਰਮ ਬੰਨਣਾ ਪਿਆ। ਉਸਦੇ ਲਈ ਪ੍ਰਤੀਕ੍ਰਮਣ ਕਰ ਰਿਹਾ ਹਾਂ ਅਤੇ ਫਿਰ ਤੋਂ ਇਸ ਤਰ੍ਹਾਂ ਨਹੀਂ ਕਰਾਂਗਾ ਤਾਂ ਕਿ ਹੋਰ ਕਿਸੇ ਨੂੰ ਮੇਰੇ ਨਿਮਿਤ ਨਾਲ ਕਰਮ ਨਾ ਬੰਨਣਾ ਪਵੇ!

ਜਗਤ ਇਸ ਤਰ੍ਹਾਂ ਦਾ ਨਹੀਂ ਹੈ ਕਿ ਕਿਸੇ ਨੂੰ ਮੋਕਸ਼ ਵਿੱਚ ਜਾਣ ਦੇਵੇ। ਹਰ ਪਾਸੇ ਤੋ ਕੁੰਡੀ ਪਾ ਕੇ ਖਿੱਚ ਹੀ ਲੈਣਗੇ। ਜੇ ਤੁਸੀਂ ਪ੍ਰਤੀਕ੍ਰਮਣ ਕਰੋਗੇ ਤਾਂ ਅੰਕੁੜੇ (ਕੁੰਡੇ) ਛੁੱਟ ਜਾਣਗੇ। ਇਸ ਲਈ ਮਹਾਵੀਰ ਭਗਵਾਨ ਨੇ ਆਲੋਚਨਾ, ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ, ਇਹ ਤਿੰਨ ਚੀਜਾਂ ਇੱਕ ਹੀ ਸ਼ਬਦ ਵਿੱਚ ਦਿੱਤੀਆਂ ਸਨ। ਹੋਰ ਕੋਈ ਰਸਤਾ ਹੀ ਨਹੀਂ ਹੈ। ਹੁਣ ਕੋਈ ਖੁਦ ਪ੍ਰਤੀਕ੍ਰਮਣ ਕਦੋਂ ਕਰ ਸਕਦਾ ਹੈ? ਖੁਦ ਨੂੰ ਜਾਗ੍ਰਿਤੀ ਹੋਵੇ ਉਦੋਂ, ਗਿਆਨੀ ਪੁਰਖ ਤੋਂ ਗਿਆਨ ਪ੍ਰਾਪਤ ਹੋ ਜਾਵੇ, ਉਦੋਂ ਇਹ ਜਾਗ੍ਰਿਤੀ ਉਤਪੰਨ ਹੋਵੇਗੀ।

ਤੁਸੀਂ ਤਾਂ ਪ੍ਰਤੀਕ੍ਰਮਣ ਕਰ ਲੈਣਾ, ਤਾਂ ਕਿ ਤੁਸੀਂ ਜਿੰਮੇਦਾਰੀ ਤੋਂ ਮੁਕਤ ਹੋ ਜਾਵੋ।

**ਪ੍ਰਸ਼ਨ ਕਰਤਾ :** ਕਿਸੇ ਆਦਮੀ ਤੋਂ ਸਾਡਾ ਵਿਸ਼ਵਾਸ ਉੱਠ ਗਿਆ ਹੋਵੇ, ਉਸਨੇ ਸਾਡੇ ਨਾਲ ਵਿਸ਼ਵਾਸ ਘਾਤ ਕੀਤਾ ਹੋਵੇ ਅਤੇ ਸਾਡਾ ਵਿਸ਼ਵਾਸ ਉੱਠ ਗਿਆ ਹੋਵੇ। ਉਸ ਵਿਸ਼ਵਾਸ ਨੂੰ ਫਿਰ ਦੁਬਾਰਾ ਬਣਾਉਣ ਲਈ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਉਸਦੇ ਲਈ ਜੋ ਵੀ ਬੁਰੇ ਵਿਚਾਰ ਕੀਤੇ ਹੋਣ ਨਾ, ਉਹਨਾਂ ਸਭ ਦੇ ਲਈ ਪਛਚਾਤਾਪ (ਪਛਤਾਵਾ) ਕਰਨਾ ਚਾਹੀਦਾ ਹੈ। ਵਿਸ਼ਵਾਸ ਉੱਠ ਜਾਣ ਤੋਂ ਬਾਅਦ ਅਸੀਂ ਜੋ ਵੀ ਬੁਰੇ ਵਿਚਾਰ ਕੀਤੇ ਹੋਣ, ਉਸਦੇ ਲਈ ਪਛਚਾਤਾਪ ਕਰਨਾ ਹੋਵੇਗਾ, ਬਾਅਦ ਵਿੱਚ ਠੀਕ ਹੋ ਜਾਵੇਗਾ। ਇਸ ਲਈ ਪ੍ਰਤੀਕ੍ਰਮਣ ਕਰਨੇ ਹੋਣਗੇ।

## 9. ਨਿਰਲੇਪਤਾ, ਅਭਾਵ ਨਾਲ ਫਾਂਸੀ ਤੱਕ

**ਪ੍ਰਸ਼ਨ ਕਰਤਾ :** ਸਾਹਮਣੇ ਵਾਲੇ ਵਿਅਕਤੀ ਨੂੰ ਦੁੱਖ ਹੋਇਆ ਹੈ, ਇਹ ਕਿਵੇਂ ਪਤਾ ਚੱਲੇਗਾ?

**ਦਾਦਾ ਸ਼੍ਰੀ :** ਉਹ ਤਾਂ ਉਸਦਾ ਚਿਹਰਾ ਦੇਖਣ ਨਾਲ ਪਤਾ ਚੱਲ ਜਾਂਦਾ ਹੈ। ਚਿਹਰੇ ਤੋਂ ਹਾਸਾ ਚਲਾ ਜਾਂਦਾ ਹੈ। ਉਸਦਾ ਚਿਹਰਾ ਉਤਰ ਜਾਂਦਾ ਹੈ। ਸੋ: ਤੁਰੰਤ ਪਤਾ ਚਲ ਜਾਂਦਾ ਹੈ ਨਾ ਕਿ ਸਾਹਮਣੇ ਵਾਲੇ ਨੂੰ ਅਸਰ ਹੋਇਆ ਹੈ, ਏਦਾਂ ਪਤਾ ਨਹੀਂ ਚੱਲੇਗਾ?

**ਪ੍ਰਸ਼ਨ ਕਰਤਾ :** ਪਤਾ ਚੱਲੇਗਾ।

**ਦਾਦਾ ਸ਼੍ਰੀ :** ਮਨੁੱਖ ਵਿੱਚ ਇੰਨੀ ਸ਼ਕਤੀ ਤਾਂ ਹੁੰਦੀ ਹੀ ਹੈ ਕਿ ਸਾਹਮਣੇ ਵਾਲੇ ਨੂੰ ਕੀ ਹੋਇਆ ਹੈ, ਉਹ ਪਤਾ ਚੱਲ ਜਾਂਦਾ ਹੈ!

**ਪ੍ਰਸ਼ਨ ਕਰਤਾ :** ਪਰ ਕਈ ਇਹੋ ਜਿਹੇ ਸਿਆਣੇ ਹੁੰਦੇ ਹਨ ਕਿ ਚਿਹਰੇ ਤੇ ਐਕਸਪ੍ਰੈਸ਼ਨ ਨਹੀਂ ਆਉਂਣ ਦਿੰਦੇ।

**ਦਾਦਾ ਸ਼੍ਰੀ :** ਫਿਰ ਵੀ ਖੁਦ ਨੂੰ ਪਤਾ ਚੱਲ ਜਾਂਦਾ ਹੈ ਕਿ ਮੇਰੇ ਭਾਰੀ ਸ਼ਬਦ ਨਿਕਲ਼ ਗਏ ਹਨ, ਇਸ ਲਈ ਉਹਨਾਂ ਨੂੰ ਲੱਗਣਗੇ ਜ਼ਰੂਰ। ਸੋ: ਇਹ

ਸਮਝ ਕੇ ਪ੍ਰਤੀਕ੍ਰਮਣ ਕਰ ਲੈਣਾ ਚਾਹੀਦਾ ਹੈ। ਭਾਰੀ ਸ਼ਬਦ ਨਿਕਲ ਗਏ ਹੋਣ ਤਾਂ ਖੁਦ ਨੂੰ ਪਤਾ ਨਹੀਂ ਚੱਲੇਗਾ ਕਿ ਉਹਨਾਂ ਨੂੰ ਦੁੱਖ ਹੋਇਆ ਹੋਵੇਗਾ?

**ਪ੍ਰਸ਼ਨ ਕਰਤਾ :** ਪਤਾ ਚੱਲੇਗਾ ਨਾ!

**ਦਾਦਾ ਸ਼੍ਰੀ :** ਉਹ ਵੀ ਉਹਨਾਂ ਦੇ ਲਈ ਨਹੀਂ ਕਰਨਾ ਹੈ। ਪਰ ਤੁਹਾਡਾ ਅਭਿਪ੍ਰਾਏ (ਭਾਵ) ਇਸ ਵਿੱਚ ਨਹੀਂ ਹੈ। ਇਹ ਆਪਣੇ ਅਭਿਪ੍ਰਾਏ ਤੋਂ ਅਲੱਗ ਹੋਣ ਦੇ ਲਈ ਹੈ। ਪ੍ਰਤੀਕ੍ਰਮਣ ਯਾਨੀ ਕੀ? ਉਹ ਪਹਿਲਾਂ ਦੇ ਅਭਿਪ੍ਰਾਏ ਤੋਂ ਅਲੱਗ ਹੋਣ ਦੇ ਲਈ ਹੈ ਅਤੇ ਪ੍ਰਤੀਕ੍ਰਮਣ ਨਾਲ ਕੀ ਹੁੰਦਾ ਹੈ ਕਿ ਸਾਹਮਣੇ ਵਾਲੇ ਤੇ ਜੋ ਅਸਰ ਹੋ ਜਾਂਦਾ ਹੋਵੇਗਾ, ਉਹ ਨਹੀਂ ਹੋਵੇਗਾ, ਬਿਲਕੁੱਲ ਵੀ ਨਹੀਂ ਹੋਵੇਗਾ। ਮਨ ਵਿੱਚ ਪੱਕਾ ਕਰੋ ਕਿ ਮੈਂ ਸਮਭਾਵ ਨਾਲ ਨਿਕਾਲ (ਨਿਪਟਾਰਾ) ਕਰਨਾ ਹੈ ਤਾਂ ਉਸ ਉੱਪਰ ਅਸਰ ਹੋਵੇਗਾ ਅਤੇ ਉਸਦਾ ਮਨ ਇਸ ਤਰ੍ਹਾਂ ਸੁਧਰੇਗਾ, ਜੇਕਰ ਤੁਸੀਂ ਮਨ ਵਿੱਚ ਤੈਅ ਕਰੋ ਕਿ ਇਸਨੂੰ ਏਦਾਂ ਕਰ ਦੇਵਾਂਗਾ ਜਾਂ ਉਦਾਂ ਕਰ ਦੇਵਾਂਗਾ ਤਾਂ ਉਸਦੇ ਮਨ ਵਿੱਚ ਵੀ ਉਸੇ ਤਰ੍ਹਾਂ ਦਾ ਰੀਐਕਸ਼ਨ ਹੋਵੇਗਾ।

**ਪ੍ਰਸ਼ਨ ਕਰਤਾ :** ਕਿਸੇ ਵੀ ਵਿਅਕਤੀ ਨੂੰ ਤਰਛੋੜ (ਤਿਰਸਕਾਰ ਸਹਿਤ ਦੁਤਕਾਰਨਾ) ਮਾਰਨ ਤੋਂ ਬਾਅਦ ਪਛਤਾਵਾ ਹੋਵੇ ਤਾਂ ਉਸ ਨੂੰ ਕੀ ਕਿਹਾ ਜਾਵੇਗਾ?

**ਦਾਦਾ ਸ਼੍ਰੀ :** ਪਛਤਾਵਾ ਕਰਨ ਨਾਲ *ਤਰਛੋੜ* ਮਾਰਨ ਦੀ ਆਦਤ ਛੁੱਟ ਜਾਵੇਗੀ, ਤਰਛੋੜ ਮਾਰ ਕੇ ਫਿਰ ਕੁੱਝ ਸਮੇਂ ਤੱਕ ਪਛਤਾਵਾ ਨਾ ਕਰੇ ਅਤੇ ਇਸ ਤਰ੍ਹਾਂ ਮੰਨੇ ਕਿ ਮੈਂ ਕਿੰਨਾ ਚੰਗਾ ਕੀਤਾ ਤਾਂ ਉਹ ਨਰਕ ਵਿੱਚ ਜਾਣ ਦੀ ਨਿਸ਼ਾਨੀ ਹੈ। ਗਲਤ ਕਰਨ ਤੋਂ ਬਾਅਦ ਪਛਤਾਵਾ ਤਾਂ ਕਰਨਾ ਹੀ ਚਾਹੀਦਾ ਹੈ।

**ਪ੍ਰਸ਼ਨ ਕਰਤਾ :** ਜੇ ਸਾਹਮਣੇ ਵਾਲੇ ਦਾ ਮਨ ਤੋੜਿਆ ਹੋਵੇ ਤਾਂ ਉਸ ਤੋਂ ਛੁੱਟਣ ਦੇ ਲਈ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ ਅਤੇ ਜੇ ਆਹਮਣੇ-ਸਾਹਮਣੇ ਮਿਲ ਜਾਵੇ ਤਾਂ ਕਹਿਣਾ ਕਿ 'ਭਾਈ, ਮੈਂ ਘੱਟ ਅਕਲ

ਵਾਲਾ ਹਾਂ, ਮੇਰੇ ਤੋਂ ਭੁੱਲ ਹੋ ਗਈ।' ਇਸ ਤਰ੍ਹਾਂ ਕਹਿਣਾ ਚਾਹੀਦਾ ਹੈ, ਇਸ ਤਰ੍ਹਾਂ ਕਹਿਣ ਨਾਲ ਉਸਦੇ ਜ਼ਖਮ ਭਰ ਜਾਣਗੇ।

**ਪ੍ਰਸ਼ਨ ਕਰਤਾ :** ਕੀ ਉਪਾਅ ਕਰਨਾ ਚਾਹੀਦਾ ਹੈ ਤਾਂ ਕਿ ਤਰਛੋੜ ਦੇ ਪਰਿਣਾਮ ਭੁਗਤਣ ਦੀ ਵਾਰੀ ਹੀ ਨਾ ਆਵੇ?

**ਦਾਦਾ ਸ਼੍ਰੀ :** ਤਰਛੋੜ ਦੇ ਲਈ ਹੋਰ ਕੋਈ ਉਪਾਅ ਨਹੀਂ ਹੈ, ਬਾਰ-ਬਾਰ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ। ਜਦੋ ਤੱਕ ਸਾਹਮਣੇ ਵਾਲੇ ਦਾ ਮਨ ਫਿਰ ਤੋਂ ਬਦਲ ਨਹੀਂ ਜਾਂਦਾ, ਉਦੋਂ ਤੱਕ ਕਰਨੇ ਚਾਹੀਦੇ ਹਨ। ਅਤੇ ਜੇ ਉਹ ਪ੍ਰਤੱਖ ਮਿਲ ਜਾਵੇ ਤਾਂ ਵਾਪਸ ਮਿੱਠੀ ਬਾਣੀ ਬੋਲ ਕੇ ਮਾਫ਼ੀ ਮੰਗ ਲੈਣੀ ਚਾਹੀਦੀ ਹੈ ਕਿ 'ਭਾਈ, ਮੇਰੇ ਤੋਂ ਬਹੁਤ ਬੜੀ ਭੁੱਲ ਹੋ ਗਈ, ਮੈਂ ਤਾਂ ਮੂਰਖ ਹਾਂ, ਘੱਟ ਅਕਲ ਵਾਲ਼ਾ ਹਾਂ।' ਇਸ ਨਾਲ ਸਾਹਮਣੇ ਵਾਲੇ ਦੇ ਜ਼ਖਮ ਭਰ ਜਾਣਗੇ। ਜਦੋਂ ਤੁਸੀਂ ਖੁਦ ਦੀ ਹੀ ਨਿੰਦਾ ਕਰੋਗੇ ਤਾਂ ਸਾਹਮਣੇ ਵਾਲੇ ਨੂੰ ਚੰਗਾ ਲੱਗੇਗਾ, ਉਦੋਂ ਉਹਨਾਂ ਦੇ ਜ਼ਖਮ ਭਰ ਜਾਣਗੇ।

ਸਾਨੂੰ ਪਿਛਲੇ ਜਨਮ ਦੇ ਤਰਛੋੜ ਦੇ ਪਰਿਣਾਮ ਦਿਖਾਈ ਦਿੰਦੇ ਹਨ। ਇਸ ਲਈ ਤਾਂ ਮੈਂ ਕਹਿੰਦਾ ਹਾਂ ਕਿ ਕਿਸੇ ਨੂੰ ਤਰਛੋੜ ਨਹੀਂ ਮਾਰਨੀ ਚਾਹੀਦੀ। ਮਜ਼ਦੂਰ ਨੂੰ ਵੀ ਤਰਛੋੜ ਨਹੀਂ ਮਾਰਨੀ ਚਾਹੀਦੀ। ਓਏ, ਆਖਿਰ ਸੱਪ ਬਣ ਕੇ ਵੀ ਬਦਲਾ ਲਵੇਗਾ। ਤਰਛੋੜ ਨਾਲ ਛੁੱਟਕਾਰਾ ਨਹੀਂ ਮਿਲਦਾ। ਸਿਰਫ਼ ਪ੍ਰਤੀਕ੍ਰਮਣ ਬਚਾ ਸਕਦਾ ਹੈ।

**ਪ੍ਰਸ਼ਨ ਕਰਤਾ :** ਕਿਸੇ ਨੂੰ ਅਸੀਂ ਦੁੱਖ ਪਹੁੰਚਾ ਕੇ ਫਿਰ ਪ੍ਰਤੀਕ੍ਰਮਣ ਕਰ ਲਈਏ, ਪਰ ਉਸ ਨੂੰ ਜੇ ਜਬਰਦਸਤ ਦੁੱਖ ਜਾਂ ਠੇਸ ਲੱਗ ਗਈ ਹੋਵੇ ਤਾਂ ਕੀ ਉਸ ਨਾਲ ਸਾਨੂੰ ਕਰਮ ਬੰਧਨ ਨਹੀਂ ਹੋਵੇਗਾ?

**ਦਾਦਾ ਸ਼੍ਰੀ :** ਤੁਸੀਂ ਉਹਨਾਂ ਦੇ ਨਾਮ ਨਾਲ ਪ੍ਰਤੀਕ੍ਰਮਣ ਕਰਦੇ ਰਹੋ, ਅਤੇ ਉਹਨਾਂ ਨੂੰ ਜਿਨ੍ਹਾਂ ਦੁੱਖ ਹੋ ਗਿਆ ਹੋਵੇ ਉਨੇਂ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ।

ਇੱਕ ਜੱਜ ਨੇ ਮੈਨੂੰ ਪੁੱਛਿਆ ਕਿ, 'ਸਾਹਿਬ, ਤੁਸੀਂ ਮੈਨੂੰ ਗਿਆਨ ਤਾਂ ਦਿੱਤਾ, ਅਤੇ ਹੁਣ ਮੈਨੂੰ ਉੱਥੇ ਕੋਰਟ ਵਿੱਚ ਦੇਹਾਂਤ ਦੰਡ (ਫਾਂਸੀ) ਦੀ ਸਜਾ

ਦੇਣੀ ਚਾਹੀਦੀ ਹੈ ਜਾਂ ਨਹੀ?' ਤਾਂ ਮੈਂ ਉਹਨਾਂ ਨੂੰ ਕਿਹਾ, 'ਦੇਹਾਂਤ ਦੰਡ (ਫਾਂਸੀ) ਦੀ ਸਜਾ ਨਹੀਂ ਦੇਵੋਗੇ, ਤਾਂ ਉਸ ਨੂੰ ਕੀ ਕਰੋਗੇ?' ਉਹਨਾਂ ਨੇ ਕਿਹਾ, 'ਪਰ ਮੈਨੂੰ ਦੋਸ਼ ਲੱਗੇਗਾ।' ਮੈਂ ਕਿਹਾ, 'ਮੈਂ ਤੁਹਾਨੂੰ 'ਚੰਦੂਭਾਈ' ਬਣਾਇਆ ਹੈ ਜਾਂ 'ਸ਼ੁੱਧਆਤਮਾ' ਬਣਾਇਆ ਹੈ?' ਤਾਂ ਉਹਨਾਂ ਨੇ ਕਿਹਾ, 'ਸ਼ੁੱਧਆਤਮਾ ਬਣਾਇਆ ਹੈ।' ਇਸਲਈ ਜੋ ਚੰਦੂਭਾਈ ਕਰ ਰਹੇ ਹਨ ਤਾਂ ਉਸਦੇ ਲਈ ਤੁਸੀਂ ਜਿੰਮੇਵਾਰ ਨਹੀਂ ਹੋ। ਅਤੇ ਜਿੰਮੇਵਾਰ ਹੋਣਾ ਹੋਵੇ ਤਾਂ ਤੁਸੀਂ ਚੰਦੂਭਾਈ ਹੋਵੋਗੇ। ਤੁਸੀਂ ਰਾਜੀ-ਖੁਸ਼ੀ ਨਾਲ ਸਾਂਝੀਦਾਰ ਬਣੋ ਤਾਂ ਸਾਨੂੰ ਹਰਜ਼ ਨਹੀਂ ਹੈ ਪਰ ਸਾਂਝੇਦਾਰੀ ਨਾ ਰੱਖਣਾ। ਫਿਰ ਮੈਂ ਉਹਨਾਂ ਨੂੰ ਤਰੀਕਾ ਦੱਸਿਆ ਕਿ ਤੁਹਾਨੂੰ ਇਹ ਕਹਿਣਾ ਹੈ ਕਿ, 'ਹੇ ਭਗਵਾਨ! ਮੇਰੇ ਹਿੱਸੇ ਵਿੱਚ ਇਹ ਕੰਮ ਕਿੱਥੋ ਆਇਆ' ਅਤੇ ਉਸਦਾ ਪ੍ਰਤੀਕ੍ਰਮਣ ਕਰਨਾ ਅਤੇ ਗੌਰਮਿੰਟ ਦੇ ਕਾਨੂੰਨ ਦੇ ਅਨੁਸਾਰ ਕੰਮ ਕਰਦੇ ਰਹਿਣਾ। ਸਮਝ ਵਿੱਚ ਆਇਆ ਨਾ?

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਨ ਨਾਲ ਛੁੱਟ ਜਾਵਾਂਗੇ, ਇਸ ਤਰ੍ਹਾਂ ਜੇ ਅਸੀਂ ਸੋਚੀਏ ਤਾਂ ਸਾਰੇ ਲੋਕਾਂ ਨੂੰ ਸਵਛੰਦਤਾ (ਮਨ-ਮਰਜੀ) ਦਾ ਲਾਇਸੰਸ ਮਿਲ ਜਾਵੇਗਾ।

**ਦਾਦਾ ਸ਼੍ਰੀ :** ਨਹੀ, ਇਹੋ ਜਿਹੀ ਸਮਝ ਨਹੀਂ ਰੱਖਣਾ। ਗੱਲ ਏਦਾਂ ਹੀ ਹੈ। ਤੁਹਾਨੂੰ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ। ਪ੍ਰਤੀਕ੍ਰਮਣ ਕੀਤਾ ਕਿ ਤੁਸੀਂ ਮੁਕਤ। ਤੁਸੀਂ ਤੁਹਾਡੀ ਜ਼ਿੰਮੇਦਾਰੀ ਤੋਂ ਮੁਕਤ। ਬਾਅਦ ਵਿੱਚ ਜੇ ਉਹ ਆਦਮੀ ਚਿੰਤਾ ਕਰਕੇ, ਸਿਰ ਫੋੜ ਕੇ, ਮਰ ਵੀ ਜਾਵੇ, ਤਾਂ ਉਸ ਤੋਂ ਤੁਹਾਨੂੰ ਕੁੱਝ ਲੈਣਾ-ਦੇਣਾ ਨਹੀਂ ਹੈ।

ਸਾਡੇ ਤੋਂ ਵੀ ਕਿਸੇ-ਕਿਸੇ ਵਿਅਕਤੀ ਨੂੰ ਦੁੱਖ ਹੋ ਜਾਂਦਾ ਹੈ। ਸਾਡੀ ਇੱਛਾ ਨਹੀਂ ਹੈ। ਹੁਣ ਤਾਂ ਸਾਡੇ ਤੋਂ ਏਦਾਂ ਹੁੰਦਾ ਹੀ ਨਹੀ। ਪਰ ਫਿਰ ਵੀ ਕਿਸੇ ਵਿਅਕਤੀ ਨਾਲ ਹੋ ਜਾਂਦਾ ਹੈ। ਹੁਣ ਤੱਕ, ਪੰਦਰਾਂ-ਵੀਹ ਸਾਲਾਂ ਵਿੱਚ ਦੋ-ਤਿੰਨ ਲੋਕਾਂ ਨਾਲ ਹੋਇਆ ਹੋਵੇਗਾ। ਉਹ ਵੀ ਨਿਮਿਤ ਹੋਵੇਗਾ ਤਾਂ ਹੀ ਨਾ? ਅਸੀਂ ਬਾਅਦ ਵਿੱਚ ਫਿਰ ਉਹਨਾਂ ਦੇ ਪ੍ਰਤੀਕ੍ਰਮਣ ਕਰਕੇ ਉਸ ਉੱਪਰ ਫਿਰ ਬਾੜ ਲਗਾ ਦਿੰਦੇ ਹਾਂ ਤਾਂ ਕਿ ਉਹ ਡਿੱਗ ਨਾ ਜਾਵੇ। ਜਿੰਨਾ ਅਸੀਂ

ਉੱਪਰ ਚੜਾਇਆ ਹੈ ਉੱਥੇ ਤੋਂ ਉਹ ਡਿੱਗ ਨਾ ਜਾਵੇ, ਉਸਦੇ ਲਈ ਬਾੜ ਲਗਾ ਦਿੰਦੇ ਹਾਂ। ਉਸਦੀ ਰੱਖਿਆ ਦੇ ਲਈ ਸਭ ਰੱਖ ਦਿੰਦੇ ਹਾਂ।

ਅਸੀਂ ਸਿਧਾਂਤਿਕ ਹਾਂ ਕਿ ਭਾਈ, ਇਹ ਦਰਖ਼ਤ ਲਗਾਇਆ, ਉਸ ਨੂੰ ਲਗਾਉਣ ਤੋਂ ਬਾਅਦ ਨਵੀਂ ਰੋਡ (ਸੜਕ) ਬਣਾਉਂਦੇ ਸਮੇਂ ਉਹ ਵਿੱਚ ਆ ਰਿਹਾ ਹੋਵੇ ਤਾਂ ਰੋਡ ਨੂੰ ਘੁਮਾਵਾਂਗੇ ਪਰ ਦਰਖਤ ਨੂੰ ਕੁੱਝ ਨਹੀਂ ਹੋਣ ਦੇਵਾਂਗੇ। ਸਾਡੇ ਸਿਧਾਂਤ ਹਨ ਇਹ ਸਭ। ਕਿਸੇ ਨੂੰ ਡਿੱਗਣ ਨਹੀਂ ਦਿੰਦੇ।

**ਪ੍ਰਸ਼ਨ ਕਰਤਾ :** ਕੋਈ ਆਦਮੀ ਗਲਤੀ ਕਰੇ, ਫਿਰ ਸਾਡੇ ਤੋਂ ਮਾਫ਼ੀ ਮੰਗੇ, ਤਾਂ ਅਸੀਂ ਮਾਫ਼ ਕਰ ਦਿੰਦੇ ਹਾਂ, ਨਹੀਂ ਮੰਗਣ ਤੇ ਵੀ ਮਨ ਤੋਂ ਮਾਫ਼ ਕਰ ਦਿੰਦੇ ਹਾਂ, ਪਰ ਬਾਰ-ਬਾਰ ਉਹ ਆਦਮੀ ਭੁੱਲ ਕਰਦਾ ਰਹੇ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਪ੍ਰੇਮ ਨਾਲ ਸਮਝਾ ਕੇ, ਜਿਨਾਂ ਸਮਝਾ ਸਕੋ ਉਨਾ ਸਮਝਾਉਣਾ। ਹੋਰ ਕੋਈ ਹੱਲ ਨਹੀਂ ਹੈ। ਤੁਹਾਡੇ ਹੱਥ ਵਿੱਚ ਕੋਈ ਸੱਤਾ ਨਹੀਂ ਹੈ। ਇਸ ਜਗਤ ਵਿੱਚ ਮਾਫ਼ ਕਰਨ ਤੋਂ ਇਲਾਵਾ ਸਾਡੇ ਕੋਲ ਹੋਰ ਕੋਈ ਚਾਰਾ ਹੀ ਨਹੀਂ ਹੈ। ਜੇ ਤੁਸੀਂ ਮਾਫ਼ ਨਹੀਂ ਕਰੋਗੇ ਤਾਂ, ਮਾਰ ਖਾ ਕੇ ਮਾਫ਼ ਕਰਨਾ ਪਵੇਗਾ। ਉਪਾਅ (ਹੱਲ) ਹੀ ਨਹੀਂ ਹੈ। ਤੁਹਾਨੂੰ ਉਸ ਨੂੰ ਇਸ ਤਰ੍ਹਾਂ ਸਮਝਾਉਣਾ ਚਾਹੀਦਾ ਹੈ ਕਿ ਉਹ ਬਾਰ-ਬਾਰ ਭੁੱਲ ਨਾ ਕਰੇ। ਇਸ ਤਰ੍ਹਾਂ ਭਾਵ ਪਰਿਵਰਤਨ ਕਰ ਦੇਵੋ, ਤਾਂ ਬਹੁਤ ਹੋ ਗਿਆ। ਉਹ ਉਸਦਾ ਭਾਵ ਬਦਲ ਦੇਵੇ ਕਿ ਹੁਣ ਭੁੱਲ ਨਹੀਂ ਕਰਨੀ ਹੈ। ਫਿਰ ਵੀ ਜੇ ਹੋ ਜਾਵੇ ਤਾਂ ਅਲੱਗ ਗੱਲ ਹੈ।

ਬੇਟੇ ਨੂੰ ਸਬਜੀ ਲੈਣ ਭੇਜੀਏ ਅਤੇ ਉਹ ਉਸ ਵਿੱਚੋ ਪੈਸੇ ਕੱਢ ਲਵੇ ਤਾਂ ਉਹ ਜਾਣਨ ਵਿੱਚ ਕੀ ਫਾਇਦਾ? ਉਹ ਤਾਂ ਜਿਵੇਂ ਦਾ ਹੈ ਉਸਨੂੰ ਉਵੇਂ ਹੀ ਚਲਾ ਲੈਣਾ, ਉਸਨੂੰ ਥੋੜੇ ਹੀ ਸੁੱਟ ਸਕਦੇ ਹਾਂ? ਕੀ ਦੂਸਰਾ ਲੈਣ ਜਾ ਸਕਦੇ ਹਾਂ? ਦੂਸਰਾ ਮਿਲੇਗਾ ਵੀ ਨਹੀ? ਕੋਈ ਬੇਚੇਗਾ ਨਹੀ।

# 10. ਟਕਰਾਓ ਦੇ ਸਾਹਮਣੇ...

**ਪ੍ਰਸ਼ਨ ਕਰਤਾ** : ਕਦੇ-ਕਦੇ ਜਿਆਦਾ, ਵਧ-ਚੜ ਕੇ ਤਕਰਾਰ ਹੋ ਜਾਵੇ, ਲੰਬਾ ਬੰਧ ਪੈ ਜਾਵੇ, ਉਸਦੇ ਲਈ ਦੋ-ਚਾਰ ਵਾਰੀ ਜਾਂ ਉਸ ਤੋਂ ਵੀ ਜਿਆਦਾ ਪ੍ਰਤੀਕ੍ਰਮਣ ਕਰਨੇ ਪੈਣਗੇ ਜਾਂ ਫਿਰ ਇੱਕ ਵਾਰੀ ਕਰਨ ਨਾਲ ਹੀ ਸਭ ਦਾ ਹੋ ਜਾਵੇਗਾ?

**ਦਾਦਾ ਸ਼੍ਰੀ** : ਜਿੰਨਾ ਹੋ ਸਕੇ ਉਨਾ ਕਰਨਾ ਅਤੇ ਫਿਰ ਸਾਮੂਹਿਕ ਕਰ ਲੈਣਾ। ਪ੍ਰਤੀਕ੍ਰਮਣ ਬਹੁਤ ਸਾਰੇ ਇਕੱਠੇ ਹੋ ਜਾਣ, ਤਾਂ ਸਾਮੂਹਿਕ ਪ੍ਰਤੀਕ੍ਰਮਣ ਕਰ ਲੈਣਾ ਕਿ 'ਹੇ ਦਾਦਾ ਭਗਵਾਨ! ਇਹਨਾਂ ਸਭ ਦਾ ਮੈਂ ਇਕੱਠਾ ਪ੍ਰਤੀਕ੍ਰਮਣ ਕਰਦਾ ਹਾਂ' ਫਿਰ ਹੋ ਗਿਆ।

ਜਿਸਦਾ ਕਿਸੇ ਨਾਲ ਟਕਰਾਵ ਨਹੀਂ ਹੁੰਦਾ, ਮੈਂ ਉਸ ਨੂੰ ਤਿੰਨ ਜਨਮਾਂ ਵਿੱਚ ਮੋਕਸ਼ ਦੀ ਗਾਰੰਟੀ ਦਿੰਦਾ ਹਾਂ। ਟਕਰਾਵ ਹੋ ਜਾਵੇ ਤਾਂ ਪ੍ਰਤੀਕ੍ਰਮਣ ਕਰ ਲੈਣਾ ਚਾਹੀਦਾ ਹੈ। ਟਕਰਾਵ ਪੁਦਗਲ ਦੇ ਹਨ ਅਤੇ ਪੁਦਗਲ ਦੇ ਪੁਦਗਲ ਨਾਲ ਟਕਰਾਵ ਪ੍ਰਤੀਕ੍ਰਮਣ ਨਾਲ ਨਸ਼ਟ (ਖਤਮ) ਹੋ ਜਾਂਦੇ ਹਨ।

ਉਹ ਭਾਗ ਕਰ ਰਿਹਾ ਹੋਵੇ ਤਾਂ ਤੁਸੀਂ ਗੁਣਾ ਕਰਨਾ, ਇਸ ਨਾਲ ਰਕਮ ਗਾਇਬ ਹੋ ਜਾਵੇਗੀ। ਸਾਹਮਣੇ ਵਾਲੇ ਦੇ ਲਈ ਸੋਚਣਾ ਕਿ, 'ਉਸਨੇ ਮੈਨੂੰ ਏਦਾਂ ਕਿਹਾ, ਉਦਾਂ ਕਿਹਾ', ਇਹੀ ਗੁਨਾਹ ਹੈ। ਰਾਹ ਤੇ ਚੱਲਦੇ ਸਮੇਂ ਜੇ ਦੀਵਾਰ ਨਾਲ ਟਕਰਾ ਜਾਵੇ ਤਾਂ ਉਸ ਨਾਲ ਕਿਉਂ ਨਹੀਂ ਝਗੜਦੇ? ਦਰਖਤ ਨੂੰ ਜੜ (ਨਿਸ਼ਚੇਤਨ) ਕਿਉਂ ਕਹਿੰਦੇ ਹਨ? ਜਿਨਾਂ ਤੋਂ ਸੱਟ ਲੱਗੇ, ਉਹ ਸਾਰੇ ਹਰੇ ਦਰਖਤ ਹੀ ਹਨ!

**ਪ੍ਰਸ਼ਨ ਕਰਤਾ** : ਸਥੂਲ ਟਕਰਾਵ ਦਾ ਉਦਾਹਰਣ ਦਿੱਤਾ, ਫਿਰ ਸੂਖਮ, ਸੂਖਮਤਰ ਅਤੇ ਸੂਖਮਤਮ ਦੇ ਉਦਾਹਰਣ ਦਿਓ। ਸੂਖਮ ਟਕਰਾਵ ਕਿਵੇਂ ਹੁੰਦਾ ਹੈ?

**ਦਾਦਾ ਸ਼੍ਰੀ** : ਤੈਨੂੰ ਫਾਦਰ ਦੇ ਨਾਲ ਜੋ ਹੁੰਦਾ ਹੈ, ਉਹ ਸਾਰਾ ਸੂਖਮ ਟਕਰਾਵ।

**ਪ੍ਰਸ਼ਨ ਕਰਤਾ** : ਯਾਨੀ ਕਿਸ ਨੂੰ ਕਹਿੰਦੇ ਹਨ?

**ਦਾਦਾ ਸ਼੍ਰੀ :** ਉਸ ਵਿੱਚ ਕੁੱਟ-ਮਾਰ ਕਰਦੇ ਹੋ?

**ਪ੍ਰਸ਼ਨ ਕਰਤਾ :** ਨਹੀ।

**ਦਾਦਾ ਸ਼੍ਰੀ :** ਉਹ ਸੂਖਮ ਟਕਰਾਵ।

**ਪ੍ਰਸ਼ਨ ਕਰਤਾ :** ਸੂਖਮ ਯਾਨੀ ਮਾਨਸਿਕ? ਬਾਣੀ ਨਾਲ ਜੋ ਵੀ ਹੁੰਦਾ ਹੈ ਉਹ ਵੀ ਸੂਖਮ ਵਿੱਚ ਜਾਂਦਾ ਹੈ?

**ਦਾਦਾ ਸ਼੍ਰੀ :** ਉਹ ਸਥੂਲ ਵਿੱਚ। ਜੋ ਸਾਹਮਣੇ ਵਾਲੇ ਨੂੰ ਪਤਾ ਨਾ ਚੱਲੇ, ਜੋ ਦਿਖਾਈ ਨਾ ਦੇਵੇ, ਉਹ ਸਾਰੇ ਸੂਖਮ ਵਿੱਚ ਜਾਂਦੇ ਹਨ।

**ਪ੍ਰਸ਼ਨ ਕਰਤਾ :** ਉਸ ਸੂਖਮ ਟਕਰਾਵ ਨੂੰ ਕਿਵੇਂ ਟਾਲਣਾ ਚਾਹੀਦਾ ਹੈ?

**ਦਾਦਾ ਸ਼੍ਰੀ :** ਪਹਿਲਾਂ ਸਥੂਲ, ਫਿਰ ਸੂਖਮ, ਫਿਰ ਸੂਖਮਤਰ ਅਤੇ ਬਾਅਦ ਵਿੱਚ ਸੂਖਮਤਮ ਟਕਰਾਵ ਟਾਲਣੇ ਚਾਹੀਦੇ ਹਨ।

**ਪ੍ਰਸ਼ਨ ਕਰਤਾ :** ਸੂਖਮਤਰ ਟਕਰਾਵ ਕਿਸ ਨੂੰ ਕਹਾਂਗੇ?

**ਦਾਦਾ ਸ਼੍ਰੀ :** ਤੂੰ ਕਿਸੇ ਨੂੰ ਮਾਰ ਰਿਹਾ ਹੋਵੇਂ, ਅਤੇ ਇਹ ਭਾਈ ਗਿਆਨ ਵਿੱਚ ਰਹਿ ਕੇ ਦੇਖੇ ਕਿ ਮੈਂ ਸ਼ੁੱਧਆਤਮਾ ਹਾਂ, ਇਹ ਵਿਵਸਥਿਤ ਮਾਰ ਰਿਹਾ ਹੈ। ਇਹ ਸਭ ਦੇਖੇ ਪਰ ਉਦੋਂ ਹੀ ਮਨ ਵਿੱਚ ਥੋੜਾ ਜਿਹਾ ਵੀ ਦੋਸ਼ ਦੇਖੇ, ਤਾਂ ਉਹ ਸੂਖਮਤਰ ਟਕਰਾਵ ਹੈ।

**ਪ੍ਰਸ਼ਨ ਕਰਤਾ :** ਫਿਰ ਤੋ ਕਹੋ, ਠੀਕ ਤਰ੍ਹਾਂ ਸਮਝ ਵਿੱਚ ਨਹੀਂ ਆਇਆ।

**ਦਾਦਾ ਸ਼੍ਰੀ :** ਇਹ ਤੂੰ ਜੋ ਸਭ ਲੋਕਾਂ ਦੇ ਦੋਸ਼ ਦੇਖਦਾ ਹੈ ਨਾ, ਉਹ ਸੂਖਮਤਰ ਟਕਰਾਵ ਹੈ।

**ਪ੍ਰਸ਼ਨ ਕਰਤਾ :** ਯਾਨੀ ਦੂਸਰਿਆਂ ਦੇ ਦੋਸ਼ ਦੇਖਣਾ, ਉਹ ਸੂਖਮਤਰ ਟਕਰਾਵ ਹੈ।

**ਦਾਦਾ ਸ਼੍ਰੀ :** ਏਦਾਂ ਨਹੀ, ਖੁਦ ਨੇ ਤੈਅ (ਨਿਸ਼ਚੈ) ਕੀਤਾ ਹੋਵੇ ਕਿ ਦੂਸਰਿਆਂ ਵਿੱਚ ਦੋਸ਼ ਦੇਖਣਾ ਹੀ ਨਹੀਂ ਹੈ ਅਤੇ ਫਿਰ ਵੀ ਦੋਸ਼ ਦਿਖੇ ਤਾਂ ਉਹ ਸੂਖਮਤਰ ਟਕਰਾਵ ਹੈ। ਇਹੋ ਜਿਹੇ ਦੋਸ਼ ਦਾ ਤੈਨੂੰ ਪਤਾ ਲੱਗਣਾ ਚਾਹੀਦਾ ਹੈ, ਕਿਉਂਕਿ ਉਹ ਤਾਂ ਸ਼ੁੱਧਆਤਮਾ ਹੈ ਅਤੇ ਫਿਰ ਵੀ ਉਸਦੇ ਦੋਸ਼ ਦੇਖਦਾ ਹੈ?

**ਪ੍ਰਸ਼ਨ ਕਰਤਾ :** ਤਾਂ ਉਹ ਜੋ ਮਾਨਸਿਕ ਟਕਰਾਵ ਕਿਹਾ, ਉਹ ਕੀ?

**ਦਾਦਾ ਸ਼੍ਰੀ :** ਉਹ ਸਭ ਤਾਂ ਸੂਖਮ ਵਿੱਚ ਗਿਆ।

**ਪ੍ਰਸ਼ਨ ਕਰਤਾ :** ਤਾਂ ਇਹਨਾਂ ਦੋਵਾਂ ਵਿੱਚ ਕੀ ਫਰਕ ਹੈ?

**ਦਾਦਾ ਸ਼੍ਰੀ :** ਇਹ ਤਾਂ ਮਨ ਤੋਂ ਵੀ ਅੱਗੇ ਦੀ ਗੱਲ ਹੈ।

**ਪ੍ਰਸ਼ਨ ਕਰਤਾ :** ਮਾਨਸਿਕ ਟਕਰਾਵ ਅਤੇ ਜੋ ਦੋਸ਼...

**ਦਾਦਾ ਸ਼੍ਰੀ :** ਉਹ ਮਾਨਸਿਕ ਨਹੀਂ ਹੈ।

**ਪ੍ਰਸ਼ਨ ਕਰਤਾ :** ਅਰਥਾਤ ਇਹ ਸੂਖਮਤਰ ਟਕਰਾਵ ਹੁੰਦਾ ਹੈ, ਉਸ ਘੜੀ ਸੂਖਮ ਟਕਰਾਵ ਵੀ ਨਾਲ ਰਹਿੰਦਾ ਹੀ ਹੈ ਨਾ?

**ਦਾਦਾ ਸ਼੍ਰੀ :** ਉਹ ਤੁਹਾਨੂੰ ਨਹੀਂ ਦੇਖਣਾ ਹੈ। ਸੂਖਮ ਅਲੱਗ ਰਹਿੰਦਾ ਹੈ ਅਤੇ ਸੂਖਮਤਮ ਅਲੱਗ ਰਹਿੰਦਾ ਹੈ। ਸੂਖਮਤਰ ਮਤਲਬ ਕਿ ਆਖਿਰੀ ਗੱਲ।

**ਪ੍ਰਸ਼ਨ ਕਰਤਾ :** ਇੱਕ ਵਾਰੀ ਸਤਿਸੰਗ ਵਿੱਚ ਹੀ ਇਹੋ ਜਿਹੀ ਗੱਲ ਕੀਤੀ ਸੀ ਕਿ ਚੰਦੂਭਾਈ ਦੇ ਨਾਲ ਤਨਮੈਕਾਰ ਹੋਣਾ, ਉਹ ਸੂਖਮਤਮ ਟਕਰਾਵ ਕਹਾਉਂਦਾ ਹੈ।

**ਦਾਦਾ ਸ਼੍ਰੀ :** ਹਾਂ, ਸੂਖਮਤਮ ਟਕਰਾਵ! ਉਸਨੂੰ ਟਾਲਣਾ ਚਾਹੀਦਾ ਹੈ। ਗਲਤੀ ਨਾਲ ਤਨਮੈਕਾਰ ਹੋ ਜਾਣ ਤੋਂ ਬਾਅਦ ਪਤਾ ਚੱਲਦਾ ਹੈ ਨਾ ਕਿ ਇਹ ਗਲਤੀ ਹੋ ਗਈ।

**ਪ੍ਰਸ਼ਨ ਕਰਤਾ :** ਹੁਣ ਸਿਰਫ ਸ਼ੁੱਧ ਆਤਮਾ ਤੋਂ ਇਲਾਵਾ ਇਸ ਜਗਤ ਦੀ ਕੋਈ ਵੀ ਵਿਨਾਸ਼ੀ ਚੀਜ ਮੈਨੂੰ ਨਹੀਂ ਚਾਹੀਦੀ, ਫਿਰ ਵੀ ਬਾਰ-ਬਾਰ ਚੰਦੂਭਾਈ ਨੂੰ ਤਨਮੈਕਾਰ ਅਵਸਥਾ ਰਹਿੰਦੀ ਹੈ। ਤਾਂ ਉਹ ਸੂਖਮਤਮ ਟਕਰਾਵ ਹੋਇਆ ਨਾ?

**ਦਾਦਾ ਸ਼੍ਰੀ :** ਉਹ ਤਾਂ ਸੂਖਮਤਮ ਕਹਾਵੇਗਾ।

**ਪ੍ਰਸ਼ਨ ਕਰਤਾ :** ਤਾਂ ਇਸ ਟਕਰਾਵ ਨੂੰ ਟਾਲਣ ਦਾ ਉਪਾਅ ਸਿਰਫ ਪ੍ਰਤੀਕ੍ਰਮਣ ਹੀ ਹੈ ਜਾਂ ਹੋਰ ਕੁੱਝ ਵੀ ਹੈ?

**ਦਾਦਾ ਸ਼੍ਰੀ :** ਦੂਸਰਾ ਕੋਈ ਹਥਿਆਰ ਹੈ ਹੀ ਨਹੀ।

**ਪ੍ਰਸ਼ਨ ਕਰਤਾ :** ਪਰ ਦਾਦਾ, ਸਾਨੂੰ ਪ੍ਰਤੀਕ੍ਰਮਣ ਕਰਨੇ ਪੈਣ, ਉਹ ਸਾਡਾ ਅਹਿਮ ਨਹੀਂ ਕਹਾਵੇਗਾ?

**ਦਾਦਾ ਸ਼੍ਰੀ :** ਨਹੀ। ਯਾਨੀ ਤੁਹਾਨੂੰ ਪ੍ਰਤੀਕ੍ਰਮਣ ਨਹੀਂ ਕਰਨੇ ਹਨ। ਚੰਦੂਭਾਈ ਦਾ ਗੁਨਾਹ ਹੈ, ਸ਼ੁੱਧਆਤਮਾ ਤਾਂ ਜਾਣਦਾ ਹੈ। ਸ਼ੁੱਧਆਤਮਾ ਨੇ ਤਾਂ ਗੁਨਾਹ ਨਹੀਂ ਕੀਤਾ ਹੈ ਇਸ ਲਈ ਉਸਨੂੰ ਨਹੀਂ ਕਰਨਾ ਹੈ। ਸਿਰਫ਼ ਜਿਸਨੇ ਗੁਨਾਹ ਕੀਤਾ ਹੈ ਉਸਨੂੰ, 'ਚੰਦੂਭਾਈ' ਪ੍ਰਤੀਕ੍ਰਮਣ ਕਰਨਗੇ। ਅਤੇ ਅਤੀਕ੍ਰਮਣ ਨਾਲ ਹੀ ਸੰਸਾਰ ਖੜਾ ਹੋ ਗਿਆ ਹੈ। ਅਤੀਕ੍ਰਮਣ ਕੌਣ ਕਰਦਾ ਹੈ? ਅਹੰਕਾਰ ਅਤੇ ਬੁੱਧੀ ਦੋਵੇਂ ਇਕੱਠੇ ਮਿਲ ਕੇ।

## 11. ਪੁਰਸ਼ਾਰਥ, ਪ੍ਰਾਕ੍ਰਿਤ ਦੁਰਗੁਣਾਂ ਦੇ ਸਾਹਮਣੇ....

ਬਿਨਾਂ ਰਾਗ ਦੇ ਤਾਂ ਲਾਈਫ਼ ਹੀ ਨਹੀਂ ਬੀਤੀ ਹੋਣੀ ਕਿਸੇ ਦੀ। ਜਦੋਂ ਤੱਕ ਗਿਆਨ ਪ੍ਰਾਪਤ ਨਹੀਂ ਹੁੰਦਾ, ਉਦੋਂ ਤੱਕ ਰਾਗ ਅਤੇ ਦਵੇਸ਼ ਦੋਵੇਂ ਹੀ ਕਰਦੇ ਰਹਿੰਦੇ ਹਨ। ਤੀਸਰੀ ਚੀਜ਼ ਹੁੰਦੀ ਹੀ ਨਹੀ।

**ਪ੍ਰਸ਼ਨ ਕਰਤਾ :** ਪਰ ਦਾਦਾ, ਦਵੇਸ਼ ਉਹ ਤਾਂ ਰਾਗ ਦਾ ਹੀ ਫਰਜ਼ੰਦ (ਬੱਚਾ) ਹੈ ਨਾ?

**ਦਾਦਾ ਸ਼੍ਰੀ :** ਹਾਂ, ਉਹ ਉਸੇ ਦਾ ਫਰਜ਼ੰਦ ਹੈ, ਪਰ ਉਸਦਾ ਪਰਿਣਾਮ ਹੈ, ਫਰਜ਼ੰਦ ਯਾਨੀ ਉਸਦਾ ਪਰਿਣਾਮ ਹੈ। ਰਾਗ ਜਿਆਦਾ ਮਾਤਰਾ ਵਿੱਚ

ਹੋਇਆ ਨਾ, ਜਿਸ ਉੱਪਰ ਰਾਗ ਕਰਦੇ ਹਨ ਨਾ, ਉਹ ਐਕਸੈਸ ਵੱਧ ਜਾਵੇ, ਫਿਰ ਉਸ ਉੱਤੇ ਦਵੇਸ਼ ਹੁੰਦਾ ਹੈ। ਕੋਈ ਵੀ ਚੀਜ਼ ਉਸਦੀ ਸੀਮਾ ਤੋਂ ਬਾਹਰ ਚਲੀ ਜਾਵੇ ਨਾ, ਤਾਂ ਤੁਹਾਨੂੰ ਨਾਪਸੰਦ ਲੱਗਣ ਲੱਗੇਗੀ ਅਤੇ ਨਾਪਸੰਦ ਲੱਗੇ, ਉਹੀ ਦਵੇਸ਼! ਸਮਝ ਵਿੱਚ ਆਇਆ?

**ਪ੍ਰਸ਼ਨ ਕਰਤਾ :** ਹਾਂ, ਸਮਝ ਵਿੱਚ ਆ ਗਿਆ।

**ਦਾਦਾ ਸ਼੍ਰੀ:** ਤੁਹਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਤੁਹਾਡੇ ਹੀ ਰੀਐਕਸ਼ਨ ਆਏ ਹਨ ਸਾਰੇ! ਤੁਸੀਂ ਉਸਨੂੰ (ਸਾਹਮਣੇ ਵਾਲੇ ਨੂੰ) ਮਾਨ ਨਾਲ ਬੁਲਾਓ ਅਤੇ ਤੁਹਾਨੂੰ ਉਸਦਾ ਮੂੰਹ ਫੁੱਲਿਆ ਹੋਇਆ ਦਿਖਾਈ ਦੇਵੇ ਤਾਂ ਤੁਹਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡਾ ਹੀ ਰੀਐਕਸ਼ਨ ਹੈ। ਤਾਂ ਕੀ ਕਰਨਾ ਚਾਹੀਦਾ ਹੈ? ਪ੍ਰਤੀਕ੍ਰਮਣ ਕਰਨਾ। ਹੋਰ ਕੋਈ ਵੀ ਉਪਾਅ ਨਹੀਂ ਹੈ ਜਗਤ ਵਿੱਚ। ਤਾਂ ਇਸ ਜਗਤ ਦੇ ਲੋਕ ਕੀ ਕਰਦੇ ਹਨ? ਉਸ ਉੱਤੇ ਵਾਪਸ ਮੂੰਹ ਫੁਲਾਉਂਦੇ ਹਨ! ਅਰਥਾਤ ਜਿਵੇਂ ਸੀ ਫਿਰ ਤੋਂ ਉਵੇਂ ਹੀ ਖੜਾ ਕਰਦੇ ਹਨ। ਤੁਸੀਂ ਸ਼ੁੱਧਆਤਮਾ ਹੋ ਗਏ, ਇਸਲਈ ਸਮਝਾ-ਬੁਝਾ ਕੇ ਆਪਣੀ ਗਲਤੀ ਐਕਸੈਪਟ ਕਰਕੇ ਵੀ ਛੱਡ ਦੇਣਾ ਚਾਹੀਦਾ ਹੈ। ਅਸੀਂ ਤਾਂ ਗਿਆਨੀ ਪੁਰਖ ਹੋਣ ਤੇ ਵੀ ਸਾਰੀਆਂ ਗਲਤੀਆਂ ਐਕਸੈਪਟ ਕਰਕੇ ਕੇਸ ਨੂੰ ਖਤਮ ਦਿੰਦੇ ਹਾਂ।

**ਪ੍ਰਸ਼ਨ ਕਰਤਾ :** ਜੋ ਈਰਖਾ ਹੁੰਦੀ ਹੈ ਉਹ ਨਾ ਹੋਵੇ, ਉਸਦੇ ਲਈ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ:** ਉਸਦੇ ਦੋ ਉਪਾਏ (ਹੱਲ) ਹਨ। ਈਰਖਾ ਹੋ ਜਾਣ ਤੋਂ ਬਾਅਦ ਪਛਤਾਵਾ ਕਰਨਾ ਚਾਹੀਦਾ ਹੈ ਅਤੇ ਦੂਸਰਾ, ਜੋ ਈਰਖਾ ਹੁੰਦੀ ਹੈ ਉਹ ਈਰਖਾ ਤੁਸੀਂ ਨਹੀਂ ਕਰਦੇ। ਈਰਖਾ ਤਾਂ ਪਿਛਲੇ ਜਨਮ ਦੇ ਪਰਮਾਣੂ ਭਰੇ ਹੋਏ ਹਨ, ਉਸਨੂੰ ਐਕਸੈਪਟ ਨਹੀਂ ਕਰੋਗੇ, ਉਸ ਵਿੱਚ ਤਨਮੈਕਾਰ ਨਹੀਂ ਹੋਵੋਗੇ ਤਾਂ ਈਰਖਾ ਉੱਡ ਜਾਵੇਗੀ। ਈਰਖਾ ਹੋਣ ਤੋਂ ਬਾਅਦ ਪਛਤਾਵਾ ਕਰ ਲਈਏ ਤਾਂ ਸਭ ਤੋਂ ਚੰਗਾ ਹੈ।

**ਪ੍ਰਸ਼ਨ ਕਰਤਾ :** ਸਾਹਮਣੇ ਵਾਲੇ ਤੇ ਸ਼ੰਕਾ ਨਹੀਂ ਕਰਨੀ ਹੈ, ਫਿਰ ਵੀ ਸ਼ੰਕਾ ਹੁੰਦੀ ਹੈ ਤਾਂ ਉਸਨੂੰ ਕਿਵੇਂ ਦੂਰ ਕਰੀਏ?

**ਦਾਦਾ ਸ਼੍ਰੀ :** ਉੱਥੇ ਫਿਰ ਉਸਦੇ ਸ਼ੁੱਧਆਤਮਾ ਨੂੰ ਯਾਦ ਕਰਕੇ ਮਾਫ਼ੀ ਮੰਗਣੀ ਚਾਹੀਦੀ ਹੈ। ਉਸਦਾ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ। ਇਹ ਤਾਂ ਪਹਿਲਾਂ ਗਲਤੀਆਂ ਕੀਤੀਆ ਸਨ ਇਸ ਲਈ ਸ਼ੰਕਾ ਹੁੰਦੀ ਹੈ।

ਜੰਗਲ ਵਿੱਚ ਜਾਈਏ ਅਤੇ ਲੌਕਿਕ ਗਿਆਨ ਦੇ ਆਧਾਰ ਤੇ ਜੇ ਇਹੋ ਜਿਹੇ ਵਿਚਾਰ ਆਉਣ ਕਿ ਲੁਟੇਰਾ ਮਿਲੇਗਾ ਤਾਂ? ਜਾਂ ਸ਼ੇਰ ਮਿਲੇਗਾ ਤਾਂ ਕੀ ਹੋਵੇਗਾ? ਇਹੋ ਜਿਹਾ ਵਿਚਾਰ ਆਵੇ ਤਾਂ ਉਸੇ ਸਮੇਂ ਪ੍ਰਤੀਕ੍ਰਮਣ ਕਰ ਲੈਣਾ। ਸ਼ੰਕਾ ਹੋਈ ਤਾਂ ਵਿਗੜੇਗਾ। ਸ਼ੰਕਾ ਨਾ ਹੋਣ ਦੇਣਾ। ਕਿਸੇ ਵੀ ਵਿਅਕਤੀ ਉੱਤੇ ਸ਼ੰਕਾ ਹੋਵੇ ਤਾਂ ਪ੍ਰਤੀਕ੍ਰਮਣ ਕਰਨਾ। ਸ਼ੰਕਾ ਹੀ ਦੁੱਖਦਾਈ ਹੈ।

ਸ਼ੰਕਾ ਹੋਣ ਤੇ ਪ੍ਰਤੀਕ੍ਰਮਣ ਕਰਵਾ ਲੈਣਾ। ਅਸੀਂ ਤਾਂ ਇਸ ਬ੍ਰਹਿਮਾਂਡ ਦੇ ਮਾਲਿਕ ਹਾਂ, ਸਾਨੂੰ ਸ਼ੰਕਾ ਕਿਉਂ ਹੋਣੀ ਚਾਹੀਦੀ ਹੈ?! ਮਨੁੱਖ ਹਨ ਇਸ ਲਈ ਸ਼ੰਕਾ ਤਾਂ ਹੋਵੇਗੀ। ਪਰ ਭੁੱਲ ਹੋਈ ਤਾਂ ਨਕਦ ਪ੍ਰਤੀਕ੍ਰਮਣ ਕਰ ਲੈਣਾ।

ਜਿਸਦੇ ਲਈ ਸ਼ੰਕਾ ਹੋਈ ਉਸਦਾ ਪ੍ਰਤੀਕ੍ਰਮਣ ਕਰਨਾ। ਨਹੀਂ ਤਾਂ ਸ਼ੰਕਾ ਤੁਹਾਨੂੰ ਖਾ ਜਾਵੇਗੀ।

ਕਿਸੇ ਦੇ ਲਈ ਜ਼ਰਾ ਵੀ ਉਲਟਾ-ਸੁਲਟਾ ਵਿਚਾਰ ਆਵੇ ਕਿ ਤੁਰੰਤ ਉਸਨੂੰ ਧੋ ਦੇਣਾ। ਉਹ ਵਿਚਾਰ ਜੇ ਥੋੜੀ ਦੇਰ ਲਈ ਵੀ ਰਿਹਾ ਨਾ ਤਾਂ ਉਹ ਸਾਹਮਣੇ ਵਾਲੇ ਨੂੰ ਪਹੁੰਚ ਜਾਵੇਗਾ ਅਤੇ ਫਿਰ ਪੁੰਗਰੇਗਾ। ਚਾਰ ਘੰਟੇ, ਬਾਰਾਂ ਘੰਟੇ ਜਾਂ ਦੋ ਦਿਨ ਬਾਅਦ ਵੀ ਉਸਨੂੰ ਅਸਰ ਹੋ ਹੀ ਜਾਵੇਗਾ। ਇਸ ਲਈ ਸਪੰਦਨ ਦਾ ਬਹਾਵ ਉਸ ਪਾਸੇ ਨਹੀਂ ਜਾਣਾ ਚਾਹੀਦਾ।

ਕਿਸੇ ਵੀ ਮਾੜੇ ਕੰਮ ਦਾ ਪਛਤਾਵਾ ਕਰੋ, ਤਾਂ ਉਸ ਕੰਮ ਦਾ ਬਾਰਾਂ ਆਨੇ ਫਲ਼ ਨਸ਼ਟ ਹੋ ਹੀ ਜਾਂਦਾ ਹੈ। ਫਿਰ ਜਲ਼ੀ ਹੋਈ ਰੱਸੀ ਹੁੰਦੀ ਹੈ ਨਾ, ਉਸ ਵਰਗਾ ਫਲ਼ ਦੇਵੇਗਾ। ਉਸ ਜਲ਼ੀ ਹੋਈ ਰੱਸੀ ਨੂੰ ਅਗਲੇ ਜਨਮ ਵਿੱਚ ਐਵੇਂ ਹੀ ਹੱਥ ਲਾਉਣ ਨਾਲ ਹੀ ਉਹ ਭੁਰ ਜਾਵੇਗੀ। ਕੋਈ ਵੀ ਕਿਰਿਆ ਐਵੇਂ ਹੀ ਵਿਅਰਥ ਤਾਂ ਜਾਂਦੀ ਹੀ ਨਹੀਂ ਹੈ। ਪ੍ਰਤੀਕ੍ਰਮਣ ਕਰਨ ਨਾਲ ਉਹ

ਰੱਸੀ ਜਲ਼ ਜਾਂਦੀ ਹੈ ਪਰ ਡਿਜਾਇਨ ਉਵੇਂ ਦੀ ਉਵੇਂ ਹੀ ਰਹਿੰਦੀ ਹੈ। ਪਰ ਅਗਲੇ ਜਨਮ ਵਿੱਚ ਕੀ ਕਰਨਾ ਪਵੇਗਾ? ਏਦਾਂ ਹੀ ਝਾੜਨ ਤੇ ਭੁਰ ਜਾਵੇਗੀ।

## 12. ਛੁੱਟਣ ਨਸ਼ੇ, ਗਿਆਨੀ ਦੇ ਤਰੀਕੇ ਨਾਲ

**ਪ੍ਰਸ਼ਨ ਕਰਤਾ :** ਮੈਨੂੰ ਸਿਗਰੇਟ ਪੀਣ ਦੀ ਬੁਰੀ (ਮਾੜੀ) ਆਦਤ ਪੈ ਗਈ ਹੈ।

**ਦਾਦਾ ਸ਼੍ਰੀ :** ਤਾਂ ਉਸਦੇ ਲਈ ਤੂੰ ਏਦਾਂ ਰੱਖਣਾ ਕਿ, 'ਇਹ ਗਲਤ ਹੈ, ਬੁਰੀ (ਮਾੜੀ) ਚੀਜ਼ ਹੈ,' ਏਦਾਂ। ਅਤੇ ਜੇ ਕੋਈ ਕਹੇ ਕਿ ਸਿਗਰੇਟ ਕਿਉਂ ਪੀਂਦੇ ਹੋ? ਤਾਂ ਉਸਦੀ ਰੱਖਿਆ ਨਾ ਕਰਨਾ। ਬੁਰਾ ਹੈ, ਇਸ ਤਰ੍ਹਾਂ ਕਹਿਣਾ। ਜਾਂ ਫਿਰ ਭਾਈ, ਇਹ ਮੇਰੀ ਕਮਜ਼ੋਰੀ ਹੈ, ਇਸ ਤਰ੍ਹਾਂ ਕਹਿਣਾ ਤਾਂ ਕਿਸੇ ਦਿਨ ਛੁੱਟੇਗੀ ਨਹੀਂ ਤਾਂ ਉਹ ਨਹੀਂ ਛੱਡੇਗੀ।

ਅਸੀਂ ਵੀ ਪ੍ਰਤੀਕ੍ਰਮਣ ਕਰਦੇ ਹਾਂ ਨਾ, ਅਭਿਪ੍ਰਾਏ (ਭਾਵ) ਤੋਂ ਮੁਕਤ ਹੋ ਹੀ ਜਾਣਾ ਚਾਹੀਦਾ ਹੈ। ਅਭਿਪ੍ਰਾਏ ਰਹਿ ਜਾਵੇ ਤਾਂ ਉਸ ਵਿੱਚ ਪਰੇਸ਼ਾਨੀ ਹੈ।

ਜੋ ਪ੍ਰਤੀਕ੍ਰਮਣ ਕਰੇ ਤਾਂ ਉਹ ਇਨਸਾਨ ਸਭ ਤੋਂ ਉੱਤਮ (ਉੱਚੀ) ਚੀਜ਼ ਪਾ ਗਿਆ। ਅਰਥਾਤ ਇਹ ਟੈਕਨੀਕਲੀ ਹੈ। ਸਾਇੰਟੀਫਿਕਲੀ ਇਸ ਵਿੱਚ ਜ਼ਰੂਰਤ ਨਹੀਂ ਰਹਿੰਦੀ। ਪਰ ਟੈਕਨੀਕਲੀ ਜ਼ਰੂਰਤ ਹੈ।

**ਪ੍ਰਸ਼ਨ ਕਰਤਾ :** ਸਾਇੰਟੀਫਿਕਲੀ ਕਿਵੇਂ?

**ਦਾਦਾ ਸ਼੍ਰੀ :** ਸਾਇੰਟੀਫਿਕਲੀ ਉਹ ਫਿਰ ਉਸਦਾ ਡਿਸਚਾਰਜ ਹੈ, ਫਿਰ ਉਸਨੂੰ ਜ਼ਰੂਰਤ ਹੀ ਕੀ ਹੈ?! ਕਿਉਂਕਿ ਤੁਸੀਂ ਅਲੱਗ ਹੋ ਅਤੇ ਉਹ ਅਲੱਗ ਹੈ। ਇੰਨੀਆਂ ਸਾਰੀਆਂ ਸ਼ਕਤੀਆਂ ਨਹੀਂ ਹਨ ਇਹਨਾਂ ਲੋਕਾਂ ਦੀਆਂ! ਜੇ ਪ੍ਰਤੀਕ੍ਰਮਣ ਨਹੀਂ ਕਰੋਗੇ ਤਾਂ ਉਹ ਅਭਿਪ੍ਰਾਏ ਰਹਿ ਜਾਵੇਗਾ ਅਤੇ ਤੁਸੀਂ ਪ੍ਰਤੀਕ੍ਰਮਣ ਕਰੋਗੇ ਤਾਂ ਅਭਿਪ੍ਰਾਏ ਤੋਂ ਅਲੱਗ ਹੋਏ, ਇਹ ਗੱਲ ਪੱਕੀ ਹੈ ਨਾ?!

ਕਿਉਂਕਿ ਜਿੰਨਾ ਅਭਿਪ੍ਰਾਏ ਰਿਹਾ, ਉਨਾਂ ਮਨ ਰਹਿ ਜਾਵੇਗਾ। ਕਿਉਂਕਿ ਮਨ ਅਭਿਪ੍ਰਾਏ ਨਾਲ ਬਣਦਾ ਹੈ।

ਅਸੀਂ ਕੀ ਕਿਹਾ ਕਿ ਹੁਣ ਨਸ਼ੇ ਦਾ ਆਦੀ ਹੋ ਗਿਆ ਹੈ, ਉਸ ਵਿੱਚ ਮੈਨੂੰ ਹਰਜ਼ ਨਹੀਂ ਹੈ, ਪਰ ਜਿਸ ਵੀ ਨਸ਼ੇ ਦਾ ਆਦੀ ਹੋਇਆ ਹੋਵੇ, ਉਸਦਾ ਭਗਵਾਨ ਅੱਗੇ ਪ੍ਰਤੀਕ੍ਰਮਣ ਕਰਨਾ ਕਿ 'ਹੇ ਭਗਵਾਨ! ਇਹ ਸ਼ਰਾਬ ਨਹੀਂ ਪੀਣੀ ਚਾਹੀਦੀ, ਫਿਰ ਵੀ ਪੀ ਰਿਹਾ ਹਾਂ। ਉਸਦੇ ਲਈ ਮਾਫ਼ੀ ਮੰਗਦਾ ਹਾਂ। ਫਿਰ ਤੋਂ ਇਹ ਨਾ ਪੀਵਾਂ, ਇਹੋ ਜਿਹੀ ਸ਼ਕਤੀ ਦਿਓ।' ਇੰਨਾ ਕਰਨਾ ਭਾਈ। ਜਦਕਿ ਲੋਕ ਤਾਂ ਵਿਰੋਧ ਕਰਦੇ ਹਨ ਕਿ ਤੂੰ ਸ਼ਰਾਬ ਕਿਉਂ ਪੀਂਦਾ ਹੈ? ਓਏ, ਏਦਾਂ ਕਰਕੇ ਤੂੰ ਇਸ ਨੂੰ ਜ਼ਿਆਦਾ ਵਿਗਾੜ ਰਿਹਾ ਹੈ। ਉਸਦਾ ਅਹਿਤ ਕਰ ਰਿਹਾ ਹੈ। ਮੈਂ ਕੀ ਕਿਹਾ, ਤੂੰ ਕਿੰਨਾ ਵੀ ਵੱਡਾ ਗੁਨਾਹ ਕਰਕੇ ਆਇਆ ਹੋਵੇ ਤਾਂ ਇਸ ਤਰ੍ਹਾਂ ਪ੍ਰਤੀਕ੍ਰਮਣ ਕਰਨਾ।

**ਪ੍ਰਸ਼ਨ ਕਰਤਾ :** ਤੁਸੀਂ ਸਵੇਰੇ ਚਾਹ ਪੀਂਦੇ ਸਮੇਂ ਕਿਹਾ ਕਿ ਅਸੀਂ ਪ੍ਰਤਿਆਖਿਆਨ ਕਰਨ ਤੋਂ ਬਾਅਦ ਚਾਹ ਪੀਤੀ ਹੈ।

**ਦਾਦਾ ਸ਼੍ਰੀ :** ਹਾਂ, ਵੈਸੇ ਚਾਹ ਤਾਂ ਮੈਂ ਪੀਂਦਾ ਨਹੀਂ ਹਾਂ, ਫਿਰ ਵੀ ਪੀਣ ਦੇ ਸੰਯੋਗ ਆ ਮਿਲਦੇ ਹਨ ਤਾਂ ਜਰੂਰੀ ਰੂਪ ਵਿੱਚ ਹੋ ਜਾਵੇ ਤਾਂ ਕੀ ਕਰਨਾ ਪੈਂਦਾ ਹੈ? ਜੇ ਪ੍ਰਤਿਆਖਿਆਨ ਕੀਤੇ ਬਿਨਾਂ ਪੀ ਲਵਾਂ ਤਾਂ ਉਹ ਆ ਚਿਪਕੇਗੀ। ਇਸ ਲਈ ਰੰਗ ਵਾਲਾ ਪਾਣੀ ਪਾਉਣਾ ਹੈ ਪਰ ਤੇਲ ਲਗਾ ਕੇ। ਹਾਂ, ਅਸੀਂ ਪ੍ਰਤਿਆਖਿਆਨ ਰੂਪੀ ਤੇਲ ਲਗਾਉਂਦੇ ਹਾਂ, ਉਸ ਤੋਂ ਬਾਅਦ ਹਰੇ ਰੰਗ ਵਾਲਾ ਪਾਣੀ ਉਡੇਲਦੇ (ਪਾਉਂਦੇ) ਹਾਂ, ਪਰ ਅੰਦਰ ਚਿਪਕਦਾ ਨਹੀਂ ਹੈ। ਇਸ ਲਈ ਪ੍ਰਤਿਆਖਿਆਨ ਕਰਨ ਤੋਂ ਬਾਅਦ ਮੈਂ ਚਾਹ ਪੀਤੀ!

ਇਹ ਇੰਨਾ ਹੀ ਸਮਝਣ ਲਾਇਕ ਹੈ। ਪ੍ਰਤਿਆਖਿਆਨ ਕਰਕੇ ਕਰੋ ਇਹ ਸਭ। ਪ੍ਰਤੀਕ੍ਰਮਣ ਤਾਂ ਜਦੋਂ ਅਤੀਕ੍ਰਮਣ ਹੋਵੇ ਉਦੋਂ ਕਰਨਾ ਹੈ। ਚਾਹ ਪੀਣੀ ਪਵੇ, ਉਹ ਅਤੀਕ੍ਰਮਣ ਨਹੀਂ ਕਹਾਉਂਦਾ। ਜੇ ਪ੍ਰਤੀਆਖਿਆਨ ਨਹੀਂ ਕਰੋਗੇ, ਤੇਲ ਨਹੀਂ ਲਗਾਓਗੇ ਤਾਂ ਥੋੜਾ ਚਿਪਕ ਜਾਵੇਗਾ। ਹੁਣ ਤੇਲ ਲਗਾ ਕੇ ਕਰਨਾ ਇਹ ਸਭ!

ਸਾਨੂੰ ਅਸ਼ਾਤਾ ਘੱਟ ਹੁੰਦੀ ਹੈ। ਦੇਖੋ ਨਾ, ਸਾਨੂੰ ਮਹੀਨਾ ਭਰ ਪਹਿਲਾਂ ਏਦਾਂ ਆਇਆ ਕਿ ਦਾਦਾ ਜੀ ਨੂੰ ਐਕਸੀਡੈਂਟ ਦਾ ਸੰਜੋਗ ਆ

ਗਿਆ। ਬਾਅਦ ਵਿੱਚ ਇਹ ਜੋ ਹੋਇਆ, ਏਦਾਂ ਲੱਗੇ ਜਿਵੇਂ ਦੀਵਾ ਬੁਝਣਵਾਲਾ ਹੀ ਹੋਵੇ, ਇਸ ਤਰ੍ਹਾਂ ਹੋ ਗਿਆ ਸੀ।

**ਪ੍ਰਸ਼ਨ ਕਰਤਾ :** ਇਹੋ ਜਿਹਾ ਕੁੱਝ ਨਹੀਂ ਹੋਣ ਵਾਲਾ, ਦਾਦਾਜੀ।

**ਦਾਦਾ ਸ਼੍ਰੀ :** ਨਹੀ, ਏਦਾਂ ਨਹੀ, 'ਹੀਰਾਬਾ' (ਦਾਦਾਜੀ ਦੀ ਧਰਮ ਪਤਨੀ) ਚਲੀ ਗਈ ਤਾਂ ਕੀ 'ਇਹ' (ਏ.ਐੱਮ.ਪਟੇਲ) ਨਹੀਂ ਜਾਣਗੇ? ਇਹ ਕਿਹੜਾ ਵੇਦਨੀਯ ਕਰਮ ਆਇਆ?

**ਪ੍ਰਸ਼ਨ ਕਰਤਾ :** ਅਸ਼ਾਤਾ ਵੇਦਨੀਯ।

**ਦਾਦਾ ਸ਼੍ਰੀ:** ਲੋਕ ਸਮਝਦੇ ਹਨ ਕਿ ਸਾਨੂੰ ਵੇਦਨੀਯ ਹੈ, ਪਰ ਸਾਨੂੰ ਵੇਦਨੀਯ ਸਪਰਸ਼ ਨਹੀਂ ਕਰਦਾ, ਤੀਰਥੰਕਰਾਂ ਨੂੰ ਵੀ ਸਪਰਸ਼ ਨਹੀਂ ਕਰਦਾ। ਸਾਨੂੰ ਹੀਰਾਬਾ ਦੇ ਜਾਣ ਦਾ ਖੇਦ ਨਹੀਂ ਹੈ। ਸਾਨੂੰ ਅਸਰ ਹੀ ਨਹੀਂ ਹੁੰਦਾ ਕੁੱਝ, ਲੋਕਾਂ ਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਸਾਨੂੰ ਵੇਦਨੀਯ ਕਰਮ ਆਇਆ, ਅਸ਼ਾਤਾ ਵੇਦਨੀਯ ਆਇਆ। ਪਰ ਸਾਨੂੰ ਤਾਂ ਇੱਕ ਮਿੰਟ, ਇੱਕ ਸੈਕਿੰਡ ਵੀ ਅਸ਼ਾਤਾ ਨੇ ਸਪਰਸ਼ ਤੱਕ ਨਹੀਂ ਕੀਤਾ, ਇਹਨਾਂ ਵੀਹ ਸਾਲਾਂ ਤੋਂ! ਅਤੇ ਇਹੀ ਵਿਗਿਆਨ ਮੈਂ ਤੁਹਾਨੂੰ ਦਿੱਤਾ ਹੈ। ਅਤੇ ਜੇ ਤੁਸੀਂ ਕੱਚੇ ਪੈ ਜਾਵੋਗੇ ਤਾਂ ਤੁਹਾਡਾ ਨੁਕਸਾਨ ਹੈ। ਸਮਝਦਾਰੀ ਹੋਵੇ ਤਾਂ ਕੱਚੇ ਪੈਣਗੇ ਹੀ ਨਹੀਂ ਨਾ ਕਦੇ ਵੀ?

**ਪ੍ਰਸ਼ਨ ਕਰਤਾ :** ਅੰਬਾਲਾਲ ਭਾਈ ਨੂੰ ਤਾਂ ਸਪਰਸ਼ ਕਰਦਾ ਹੈ ਨਾ? 'ਦਾਦਾ ਭਗਵਾਨ' ਨੂੰ ਵੇਦਨੀਯ ਕਰਮ ਸਪਰਸ਼ ਨਹੀਂ ਕਰਦਾ।

**ਦਾਦਾ ਸ਼੍ਰੀ :** ਨਹੀ, ਕਿਸੇ ਨੂੰ ਵੀ ਸਪਰਸ਼ ਨਹੀਂ ਕਰਦਾ। ਇਹੋ ਜਿਹਾ ਹੈ ਇਹ ਵਿਗਿਆਨ। ਜੇ ਸਪਰਸ਼ ਕਰਦਾ ਤਾਂ ਪਾਗਲ ਹੀ ਹੋ ਜਾਵੇ ਨਾ? ਇਹ ਤਾਂ ਨਾਸਮਝੀ ਨਾਲ ਦੁੱਖ ਹੈ। ਸਮਝਦਾਰੀ ਹੋਵੇ ਤਾਂ ਇਸ ਫਾਈਲ ਨੂੰ ਵੀ ਸਪਰਸ਼ ਨਹੀਂ ਕਰੇਗਾ। ਕਿਸੇ ਨੂੰ ਵੀ ਸਪਰਸ਼ ਨਹੀਂ ਕਰੇਗਾ। ਜੋ ਵੀ ਦੁੱਖ ਹੈ ਉਹ ਨਾਸਮਝੀ ਨਾਲ ਹੀ ਹੈ। ਇਸ ਗਿਆਨ ਨੂੰ ਜੇ ਸਮਝ ਲਈਏ ਨਾ, ਤਾਂ ਦੁੱਖ ਰਹੇਗਾ ਹੀ ਕਿਵੇਂ? ਅਸ਼ਾਤਾ ਵੀ ਨਹੀਂ ਹੋਵੇਗੀ ਅਤੇ ਸ਼ਾਤਾ ਵੀ ਨਹੀਂ ਹੋਵੇਗੀ।

# 13. ਵਿਮੁਕਤੀ, ਆਰਤ-ਰੌਦਰ ਧਿਆਨ ਤੋਂ

**ਪ੍ਰਸ਼ਨ ਕਰਤਾ :** ਆਰਤ ਧਿਆਨ ਅਤੇ ਰੌਦਰ ਧਿਆਨ ਹਰ ਪਲ ਹੁੰਦੇ ਹੀ ਰਹਿੰਦੇ ਹਨ, ਤਾਂ ਆਰਤ ਧਿਆਨ ਕਿਸ ਨੂੰ ਕਹਾਂਗੇ ਅਤੇ ਰੌਦਰ ਧਿਆਨ ਕਿਸ ਨੂੰ ਕਹਾਂਗੇ, ਇਸ ਨੂੰ ਜ਼ਰਾ ਸਪਸ਼ਟ ਕਰ ਦਿਓ।

**ਦਾਦਾ ਸ਼੍ਰੀ :** ਖੁਦ, ਖੁਦ ਨੂੰ ਹੀ, ਕਿਸੇ ਨੂੰ ਵੀ ਵਿੱਚ ਨਾ ਲਿਆਵੇ, ਕਿਸੇ ਨੂੰ ਗੋਲ਼ੀ ਨਾ ਲੱਗੇ, ਇਸ ਤਰ੍ਹਾਂ ਸੰਭਲ਼ ਕੇ ਆਪਣੇ ਆਪ ਦੁੱਖ ਝੇਲਦਾ ਰਹੇ ਉਹ ਆਰਤ ਧਿਆਨ ਹੈ ਅਤੇ ਕਿਸੇ ਦੇ ਉੱਤੇ ਗੋਲ਼ੀ ਦਾਗ ਦੇਵੇ, ਉਹ ਰੌਦਰ ਧਿਆਨ ਹੈ।

ਆਰਤ ਧਿਆਨ ਤਾਂ ਜੇ ਖੁਦ ਨੂੰ ਗਿਆਨ ਨਾ ਹੋਵੇ ਅਤੇ 'ਮੈਂ ਚੰਦੂਭਾਈ ਹਾਂ' ਇਸ ਤਰ੍ਹਾਂ ਹੋ ਜਾਵੇ, ਅਤੇ ਮੈਨੂੰ ਏਦਾਂ ਹੋਇਆ ਜਾਂ ਹੋਵੇਗਾ ਤਾਂ ਕੀ ਹੋ ਜਾਵੇਗਾ? ਬੇਟੀਆਂ ਦੀ ਸ਼ਾਦੀ ਕੀ ਤੂੰ ਕਰਵਾਉਣ ਵਾਲਾ ਸੀ? ਚੌਵੀ ਸਾਲ ਦੀ ਹੋ ਜਾਵੇ ਤਾਂ ਸ਼ਾਦੀ ਕਰਵਾਉਣਾ। ਇਹ ਤਾਂ ਪੰਜ ਸਾਲ ਦੀ ਹੋਵੇ ਉਦੋ ਤੋਂ ਹੀ ਚਿੰਤਾ ਕਰਨ ਲੱਗਦਾ ਹੈ। ਇਸ ਨੂੰ ਆਰਤ ਧਿਆਨ ਕਰਨਾ ਕਹਿੰਦੇ ਹਨ। ਸਮਝ ਵਿੱਚ ਆਇਆ ਨਾ?

ਖੁਦ ਦੇ ਲਈ ਉਲਟਾ ਸੋਚਣਾ, ਉਲਟਾ ਕਰਨਾ, ਖੁਦ ਦੀ ਗੱਡੀ ਚੱਲੇਗੀ ਜਾਂ ਨਹੀਂ ਚੱਲੇਗੀ, ਬੀਮਾਰ ਹੋਏ ਅਤੇ ਮਰ ਜਾਵਾਂਗੇ ਤਾਂ ਕੀ ਹੋਵੇਗਾ? ਇਹ ਸਭ ਆਰਤ ਧਿਆਨ ਕਹਾਉਂਦਾ ਹੈ।

ਰੌਦਰ ਧਿਆਨ ਤਾਂ ਤੁਸੀਂ ਦੂਸਰਿਆਂ ਦੇ ਲਈ ਕਲਪਨਾ ਕਰੋ ਕਿ ਇਸਨੇ ਮੇਰਾ ਨੁਕਸਾਨ ਕੀਤਾ, ਤਾਂ ਉਹ ਸਭ ਰੌਦਰ ਧਿਆਨ ਕਹਾਉਂਦਾ ਹੈ।

ਅਤੇ ਦੂਸਰਿਆਂ ਦੇ ਲਈ ਵਿਚਾਰ ਕਰੇ, ਦੂਸਰਿਆਂ ਦਾ ਕੁੱਝ ਨਾ ਕੁੱਝ ਨੁਕਸਾਨ ਹੋਵੇ ਇਹੋ ਜਿਹਾ ਵਿਚਾਰ ਆਇਆ, ਤਾਂ ਉਹ ਰੌਦਰ ਧਿਆਨ ਹੋਇਆ ਕਹਾਵੇਗਾ। ਮਨ ਵਿੱਚ ਵਿਚਾਰ ਆਇਆ ਕਿ ਕੱਪੜਾ ਖਿੱਚ ਕੇ ਦੇਣਾ ਹੈ। ਤਾਂ ਖਿੱਚ ਕੇ ਦੇਣਾ ਕਿਹਾ ਉਦੋਂ ਤੋਂ ਹੀ ਗ੍ਰਾਹਕਾਂ ਦੇ ਹੱਥ ਵਿੱਚ ਕੱਪੜਾ ਘੱਟ ਜਾਵੇਗਾ, ਇਹੋ ਜਿਹੀ ਕਲਪਨਾ ਕੀਤੀ ਅਤੇ ਉਸਦੇ ਪੈਸੇ ਜਿਆਦਾ ਮਿਲਣਗੇ ਇਹੋ ਜਿਹੀ ਕਲਪਨਾ ਕੀਤੀ, ਉਹ ਰੌਦਰ ਧਿਆਨ

ਕਹਾਉਂਦਾ ਹੈ। ਦੂਸਰਿਆਂ ਦਾ ਨੁਕਸਾਨ ਕਰੇ ਇਹੋ ਜਿਹਾ ਧਿਆਨ, ਉਹ ਰੌਦਰ ਧਿਆਨ ਕਹਾਉਂਦਾ ਹੈ।

ਹੁਣ ਜਬਰਦਸਤ ਰੌਦਰ ਧਿਆਨ ਕੀਤਾ ਹੋਵੇ, ਪਰ ਪ੍ਰਤੀਕ੍ਰਮਣ ਨਾਲ ਉਹ ਆਰਤ ਧਿਆਨ ਵਿੱਚ ਬਦਲ ਸਕਦਾ ਹੈ। ਦੋ ਵਿਅਕਤੀਆਂ ਨੇ ਇੱਕ ਹੀ ਤਰ੍ਹਾਂ ਦਾ ਰੌਦਰ ਧਿਆਨ ਕੀਤਾ, ਦੋਵਾਂ ਨੇ ਕਿਹਾ ਕਿ, 'ਫਲਾਣੇ ਨੂੰ ਮੈਂ ਮਾਰ ਦੇਵਾਂਗਾ।' ਇਸ ਤਰ੍ਹਾਂ ਦੋ ਲੋਕਾਂ ਨੇ ਮਾਰਨ ਦਾ ਭਾਵ ਕੀਤਾ, ਉਹ ਰੌਦਰ ਧਿਆਨ ਕਹਾਉਂਦਾ ਹੈ। ਪਰ ਉਹਨਾਂ ਵਿੱਚੋਂ ਇੱਕ ਨੂੰ ਘਰ ਜਾ ਕੇ ਪਛਤਾਵਾ ਹੋਇਆ ਕਿ 'ਮੈਂ ਇਹੋ ਜਿਹਾ ਭਾਵ ਕਿਉਂ ਕੀਤਾ?' ਇਸ ਲਈ ਉਹ ਆਰਤ ਧਿਆਨ ਬਣ ਗਿਆ ਅਤੇ ਦੂਸਰੇ ਭਾਈ ਨੂੰ ਰੌਦਰ ਧਿਆਨ ਰਿਹਾ।

ਸੋ: ਪਛਤਾਵਾ ਕਰਨ ਨਾਲ ਰੌਦਰ ਧਿਆਨ ਵੀ ਆਰਤ ਧਿਆਨ ਬਣ ਜਾਂਦਾ ਹੈ। ਪਛਤਾਵਾ ਕਰਨ ਨਾਲ ਨਰਕ ਗਤੀ ਰੁਕ ਜਾਂਦੀ ਹੈ ਅਤੇ ਤ੍ਰਿਅੰਚ ਗਤੀ (ਜਾਨਵਰ ਗਤੀ) ਹੁੰਦੀ ਹੈ। ਅਤੇ ਜੇ ਜਿਆਦਾ ਪਛਤਾਵਾ ਕਰੇ ਤਾਂ ਉਹ ਧਰਮ ਧਿਆਨ ਬਣ ਜਾਂਦਾ ਹੈ। ਇੱਕ ਵਾਰੀ ਪਛਤਾਵਾ ਕਰਨ ਨਾਲ ਆਰਤ ਧਿਆਨ ਬਣ ਜਾਵੇਗਾ ਅਤੇ ਬਾਰ-ਬਾਰ ਪਛਤਾਵਾ ਕਰਦਾ ਰਹੇ ਤਾਂ ਧਰਮ ਧਿਆਨ ਬਣ ਜਾਵੇਗਾ। ਅਰਥਾਤ ਕਿਰਿਆ ਉਹੀ ਦੀ ਉਹੀ ਹੈ, ਪਰ ਧਿਆਨ ਬਦਲਦਾ ਰਹਿੰਦਾ ਹੈ।

**ਪ੍ਰਸ਼ਨ ਕਰਤਾ :** ਅਸੀਂ ਖੁਦ ਅਲੱਗ ਰਹਿ ਕੇ ਪ੍ਰਤੀਕ੍ਰਮਣ ਕਰਵਾਈਏ ਤਾਂ ਉਹ ਕੀ ਕਹਾਵੇਗਾ?

**ਦਾਦਾ ਸ਼੍ਰੀ:** ਇਸ ਤਰ੍ਹਾਂ ਹੈ ਨਾ, ਤੁਸੀਂ ਸ਼ੁੱਧਆਤਮਾ ਬਣ ਗਏ, ਪਰ ਇਸ ਪੁਦਗਲ ਦਾ ਛੁੱਟਕਾਰਾ ਹੋਣਾ ਚਾਹੀਦਾ ਹੈ ਨਾ? ਜਦੋਂ ਤੱਕ ਉਸ ਤੋਂ ਪ੍ਰਤੀਕ੍ਰਮਣ ਨਹੀਂ ਕਰਵਾਉਗੇ ਉਦੋਂ ਤੱਕ ਛੁਟਕਾਰਾ ਨਹੀਂ ਹੋਵੇਗਾ। ਅਰਥਾਤ ਜਦੋਂ ਤੱਕ ਪੁਦਗਲ ਨੂੰ ਧਰਮ ਧਿਆਨ ਵਿੱਚ ਨਹੀਂ ਰੱਖੋਗੇ ਉਦੋਂ ਤੱਕ ਛੁਟਕਾਰਾ ਨਹੀਂ ਹੋਵੇਗਾ। ਕਿਉਂਕਿ ਪੁਦਗਲ ਨੂੰ ਸ਼ੁਕਲ ਧਿਆਨ ਨਹੀਂ ਹੋ ਸਕਦਾ। ਇਸ ਲਈ ਪੁਦਗਲ ਨੂੰ ਧਰਮ ਧਿਆਨ ਵਿੱਚ ਰੱਖੋ। ਸੋ:

ਬਾਰ-ਬਾਰ ਪ੍ਰਤੀਕ੍ਰਮਣ ਕਰਵਾਉਣਾ। ਜਿੰਨੀ ਵਾਰੀ ਆਰਤ ਧਿਆਨ ਹੋਵੇ, ਉਨੀ ਵਾਰੀ ਪ੍ਰਤੀਕ੍ਰਮਣ ਕਰਵਾਉਣਾ।

ਆਰਤ ਧਿਆਨ ਹੋਣਾ, ਉਹ ਪੂਰਵ ਦੀ ਅਗਿਆਨਤਾ ਹੈ ਇਸ ਲਈ ਹੋ ਜਾਂਦਾ ਹੈ। ਤਾਂ 'ਤੁਸੀ' ਉਸ ਤੋਂ ਪ੍ਰਤੀਕ੍ਰਮਣ ਕਰਵਾਉਣਾ।

**ਪ੍ਰਸ਼ਨ ਕਰਤਾ:** ਦੂਸਰਿਆਂ ਦੇ ਦੋਸ਼ ਦੇਖਣ ਨਾਲ ਆਰਤ ਧਿਆਨ -ਰੌਦਰ ਧਿਆਨ ਹੁੰਦਾ ਹੈ?

**ਦਾਦਾ ਸ਼੍ਰੀ :** ਹਾਂ, ਅੰਦਰ ਉਹ ਦੂਜਿਆਂ ਦੇ ਦੋਸ਼ ਦੇਖਣ ਦਾ ਮਾਲ ਭਰ ਕੇ ਲਿਆਇਆ ਹੈ, ਇਸ ਲਈ ਏਦਾਂ ਦੇਖੇਗਾ। ਫਿਰ ਵੀ ਉਹ ਖੁਦ ਦੋਸ਼ ਵਿੱਚ ਨਹੀਂ ਆਉਂਦਾ। ਉਸਨੂੰ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ ਕਿ ਏਦਾਂ ਕਿਉਂ ਹੁੰਦਾ ਹੈ? ਏਦਾਂ ਨਹੀਂ ਹੋਣਾ ਚਾਹੀਦਾ। ਬੱਸ ਇੰਨਾ ਹੀ। ਉਹ ਤਾਂ ਜਿਵੇਂ ਦਾ ਮਾਲ ਭਰਿਆ ਹੋਵੇ ਨਾ, ਸਭ ਉਸੇ ਤਰ੍ਹਾਂ ਦਾ ਨਿਕਲੇਗਾ। ਉਸਨੂੰ ਅਸੀਂ ਆਮ ਭਾਸ਼ਾ ਵਿੱਚ 'ਭਰਿਆ ਹੋਇਆ ਮਾਲ' ਕਹਿੰਦੇ ਹਾਂ।

ਹੁਣ ਰਾਤ ਨੂੰ ਸਾਢੇ ਗਿਆਰਾਂ ਵਜੇ ਦਸ-ਬਾਰਾਂ ਲੋਕ ਆਉਣ ਅਤੇ 'ਕੀ ਚੰਦੂਭਾਈ ਹੈ?' ਇਸ ਤਰ੍ਹਾਂ ਆਵਾਜ਼ ਮਾਰਨ। ਤਾਂ ਤੁਸੀਂ ਕੀ ਕਹੋਗੇ? ਤੁਹਾਡੇ ਪਿੰਡ ਤੋਂ ਆਏ ਹੋਣ ਅਤੇ ਉਹਨਾਂ ਵਿੱਚੋਂ ਇੱਕ-ਦੋ ਤੁਹਾਡੀ ਜਾਣ-ਪਹਿਚਾਣ ਵਾਲੇ ਹੋਣ, ਅਤੇ ਬਾਕੀ ਦੇ ਲੋਕ ਉਹਨਾਂ ਦੀ ਪਹਿਚਾਣ ਵਾਲੇ ਹੋਣ। ਰਾਤ ਦੇ ਸਾਢੇ ਗਿਆਰਾਂ ਵਜੇ ਉਹਨਾਂ ਦੇ ਆਵਾਜ ਮਾਰਨ ਤੇ ਕੀ ਕਹੋਗੇ ਤੁਸੀਂ ਉਹਨਾਂ ਲੋਕਾਂ ਨੂੰ? ਦਰਵਾਜਾ ਖੋਲੋਗੇ ਜਾਂ ਨਹੀਂ ਖੋਲੋਗੇ?

**ਪ੍ਰਸ਼ਨ ਕਰਤਾ :** ਹਾਂ, ਖੋਲਾਂਗੇ।

**ਦਾਦਾ ਸ਼੍ਰੀ :** ਅਤੇ ਫਿਰ ਕੀ ਕਹੋਗੇ, ਉਹਨਾਂ ਲੋਕਾਂ ਨੂੰ? ਵਾਪਸ ਜਾਓ! ਏਦਾਂ ਕਹੋਗੇ?

**ਪ੍ਰਸ਼ਨ ਕਰਤਾ :** ਨਹੀਂ, ਨਹੀਂ, ਵਾਪਸ ਜਾਓ, ਏਦਾਂ ਕਿਵੇਂ ਕਹਿ ਸਕਦੇ ਹਾਂ?

**ਦਾਦਾ ਸ਼੍ਰੀ :** ਤਾਂ ਕੀ ਕਹੋਗੇ?

**ਪ੍ਰਸ਼ਨ ਕਰਤਾ : ਅਸੀਂ** ਅੰਦਰ ਬੁਲਾਵਾਂਗੇ। 'ਆਓ ਅੰਦਰ'।

**ਦਾਦਾ ਸ਼੍ਰੀ :** 'ਆਓ, ਬੈਠੋ, ਬੈਠੋ।' ਆਪਣੇ ਸੰਸਕਾਰ ਹਨ ਨਾ? ਇਸ ਲਈ 'ਆਓ, ਬੈਠੋ' ਕਹੋਗੇ, ਸਭ ਨੂੰ ਸੋਫ਼ਾ ਸੈੱਟ ਤੇ ਬਿਠਾਉਗੇ। ਸੋਫੇ ਤੇ ਬੱਚਾ ਸੌਂ ਰਿਹਾ ਹੋਵੇ ਤਾਂ ਜਲਦੀ-ਜਲਦੀ ਉਠਾ ਲਵੋਗੇ ਅਤੇ ਸੋਫੇ ਤੇ ਬਿਠਾਉਗੇ। ਪਰ ਮਨ ਵਿੱਚ ਇਸ ਤਰ੍ਹਾਂ ਹੋਵੇਗਾ ਕਿ, 'ਇਹ ਇਸ ਵਕਤ ਕਿੱਥੋਂ ਆ ਗਏ?!'

ਹੁਣ ਇਹ ਆਰਤ ਧਿਆਨ ਨਹੀਂ ਹੈ, ਰੌਦਰ ਧਿਆਨ ਹੈ। ਸਾਹਮਣੇ ਵਾਲੇ ਵਿਅਕਤੀ ਦੇ ਪ੍ਰਤੀ ਭਾਵ ਵਿਗਾੜਨਾ। ਆਰਤ ਧਿਆਨ ਦਾ ਮਤਲਬ ਤਾਂ ਖੁਦ ਆਪਣੀ ਹੀ ਪੀੜਾ ਨੂੰ ਭੁਗਤਣਾ। ਇਹ ਤਾਂ ਦੂਸਰਿਆਂ ਤੇ 'ਬਲੇਮ' (ਆਰੋਪ) ਲਗਾਇਆ ਕਿ, 'ਇਸ ਵਕਤ ਕਿੱਥੋਂ ਆ ਗਏ?'

ਫਿਰ ਵੀ ਹੁਣ ਤੁਸੀਂ ਕੀ ਕਹੋਗੇ? ਤੁਹਾਡੇ ਸੰਸਕਾਰ ਤਾਂ ਤੁਸੀਂ ਛੱਡੋਗੇ ਨਹੀਂ ਨਾ? ਹੌਲ਼ੀ ਜਿਹੀ ਕਹਿੰਦੇ ਹੋ ਕਿ, 'ਥੋੜੀ.... ਥੋੜੀ..... ਥੋੜੀ....' ਓਏ ਪਰ ਕੀ? ਤਾਂ ਕਹਿੰਦੇ ਹੋ, 'ਥੋੜੀ ਜੀ ਚਾਹ...' ਤਾਂ ਉਹ ਇਸ ਤਰ੍ਹਾਂ ਖੁੱਲ ਕੇ ਕਹਿਣ ਵਾਲੇ ਹੁੰਦੇ ਹਨ, ਉਹ ਕਹਿਣਗੇ, 'ਚੰਦੂਭਾਈ, ਇਸ ਸਮੇਂ ਚਾਹ ਰਹਿਣ ਦਿਓ ਨਾ, ਹੁਣ ਖਿਚੜੀ-ਕੜੀ ਬਣਾ ਦੇਵੋਗੇ ਤਾਂ ਬਹੁਤ ਹੋ ਗਿਆ।' ਹੁਣ ਦੇਖੋ ਆਪਣੀ ਘਰਵਾਲੀ ਦੀ ਹਾਲਤ! ਰਸੋਈ ਘਰ ਵਿੱਚ ਕੀ ਹੋ ਜਾਵੇਗਾ?

ਹੁਣ ਭਗਵਾਨ ਦੀ ਆਗਿਆ ਕੀ ਹੈ? ਜਿਸ ਨੂੰ ਮੋਕਸ਼ ਵਿੱਚ ਜਾਣਾ ਹੈ ਉਸਨੂੰ ਕੀ ਕਰਨਾ ਚਾਹੀਦਾ ਹੈ? ਇਸ ਵਕਤ ਕਿੱਥੋਂ ਆ ਗਏ, ਇਹੋ ਜਿਹਾ ਭਾਵ ਆ ਹੀ ਜਾਵੇਗਾ ਕਿਸੇ ਨੂੰ ਵੀ। ਹੁਣ ਤਾਂ ਇਸ ਦੂਸ਼ਮਕਾਲ ਦਾ ਦਬਾਅ ਇਸ ਤਰ੍ਹਾਂ ਦਾ ਹੈ, ਵਾਤਾਵਰਣ ਇਹੋ ਜਿਹਾ ਹੈ, ਸੋ: ਉਸਨੂੰ ਇਹੋ ਜਿਹਾ ਵਿਚਾਰ ਆ ਹੀ ਜਾਵੇਗਾ। ਕੋਈ ਅਮੀਰ ਹੋਵੇਗਾ, ਉਸਨੂੰ ਵੀ ਆ ਹੀ ਜਾਵੇਗਾ।

ਹੁਣ ਤੂੰ ਅੰਦਰ ਕਿਉਂ ਇਹੋ ਜਿਹਾ ਚਿੱਤਰਣ ਕਰਦਾ ਹੈ? ਬਾਹਰ ਚੰਗਾ ਕਰਦਾ ਹੈ ਅਤੇ ਅੰਦਰ ਉਲਟਾ ਚਿੱਤਰਣ ਕਰਦਾ ਹੈ। ਅਰਥਾਤ ਇਹ ਜੋ ਤੁਸੀਂ ਚੰਗੀ ਤਰ੍ਹਾਂ ਬੁਲਾਉਂਦੇ ਹੋ ਉਹ ਪਿਛਲੇ ਜਨਮ ਦਾ ਫਲ਼ ਭੁਗਤ ਰਹੇ

ਹੋ ਅਤੇ ਅਗਲੇ ਜਨਮ ਦਾ ਨਵਾਂ ਕਰਮ ਬੰਨ ਰਹੇ ਹੋ। ਇਹ ਅੰਦਰ 'ਇਸ ਸਮੇਂ ਕਿੱਥੋਂ ਆ ਗਏ' ਸੋਚ ਕੇ ਉਲਟਾ ਕਰਮ ਬੰਨਦੇ ਹੋ।

ਸੋ: ਉਦੋਂ ਤੁਸੀਂ ਭਗਵਾਨ ਤੋਂ ਮਾਫ਼ੀ ਮੰਗ ਕੇ ਕਹਿਣਾ ਕਿ, 'ਭਗਵਾਨ, ਮੇਰੇ ਕੋਲੋਂ ਭੁੱਲ ਹੋ ਗਈ। ਇਸ ਵਾਤਾਵਰਣ ਦੇ ਦਬਾਅ ਨਾਲ ਬੋਲ ਦਿੱਤਾ ਗਿਆ ਪਰ ਮੇਰੀ ਇੱਛਾ ਨਹੀਂ ਹੈ। ਉਹ ਬੇਸ਼ੱਕ ਰਹਿਣ।' ਇਸ ਤਰ੍ਹਾਂ ਕਹਿ ਕੇ ਤੁਸੀਂ ਸਾਫ਼ ਕਰ ਦੇਵੋ। ਇਹ ਤੁਹਾਡਾ ਪੁਰਸ਼ਾਰਥ ਕਹਾਵੇਗਾ।

ਇਸ ਤਰ੍ਹਾਂ ਹੋਵੇਗਾ ਤਾਂ ਸਹੀ, ਇਸ ਤਰ੍ਹਾਂ ਤਾਂ ਵੱਡੇ-ਵੱਡੇ ਸੰਯਮਧਾਰੀਆਂ ਨੂੰ ਵੀ ਹੋ ਜਾਂਦਾ ਹੈ। ਇਹ ਕਾਲ ਹੀ ਇਹੋ ਜਿਹਾ ਵਿਚਿੱਤਰ ਹੈ। ਪਰ ਜੇ ਤੁਸੀਂ ਸਾਫ਼ ਕਰ ਦੇਵੋਗੇ ਤਾਂ ਤੁਹਾਨੂੰ ਇਹੋ ਜਿਹਾ ਫਲ਼ ਮਿਲੇਗਾ।

**ਪ੍ਰਸ਼ਨ ਕਰਤਾ :** ਆਮਤੌਰ ਤੇ ਇੱਕ ਘੰਟੇ ਵਿੱਚ ਪੰਜ- ਪੱਚੀ ਅਤੀਕ੍ਰਮਣ ਹੋ ਜਾਂਦੇ ਹਨ।

**ਦਾਦਾ ਸ਼੍ਰੀ :** ਉਹ ਇੱਕਠੇ ਕਰਕੇ ਕਰਨਾ, ਇੱਕ ਵਾਰ ਵੀ ਹੋ ਸਕਦੇ ਹਨ। ਉਹ ਸਾਰੇ ਪ੍ਰਤੀਕ੍ਰਮਣ ਇੱਕਠੇ ਕਰ ਰਿਹਾ ਹਾਂ, ਕਹਿਣਾ।

**ਪ੍ਰਸ਼ਨ ਕਰਤਾ :** ਇਹ ਕਿਵੇਂ ਕਰਨਾ ਹੈ? ਕੀ ਕਹਿਣਾ ਚਾਹੀਦਾ ਹੈ?

**ਦਾਦਾ ਸ਼੍ਰੀ :** ਇਹ ਬਹੁਤ ਸਾਰੇ ਅਤੀਕ੍ਰਮਣ ਹੋ ਗਏ ਇਸ ਲਈ ਇਹਨਾਂ ਸਭ ਦਾ ਸਾਮੂਹਿਕ ਪ੍ਰਤੀਕ੍ਰਮਣ ਕਰਦਾ ਹਾਂ। ਦੋਸ਼ ਕਹਿ ਕੇ ਕਿ ਇਸ ਦੋਸ਼ ਦੇ ਸਾਮੂਹਿਕ ਪ੍ਰਤੀਕ੍ਰਮਣ ਕਰਦਾ ਹਾਂ, ਕਹਿਣਾ ਤਾਂ ਹੱਲ ਆ ਜਾਵੇਗਾ। ਅਤੇ ਫਿਰ ਵੀ ਬਾਕੀ ਰਹਿ ਜਾਵੇ ਤਾਂ ਉਸਨੂੰ ਧੋ ਦੇਣਾ। ਬਾਅਦ ਵਿੱਚ ਧੋ ਦੇਣਾ। ਪਰ ਉਸ ਤੇ ਸਮਾਂ ਨਾ ਗਵਾਉਣਾਂ। ਸਮਾਂ ਵਿਗਾੜਨ ਨਾਲ ਤਾਂ ਸਾਰੇ ਦਾ ਸਾਰਾ ਰਹਿ ਜਾਵੇਗਾ। ਉਲਝਣ ਵਿੱਚ ਪੈਣ ਦੀ ਜ਼ਰੂਰਤ ਨਹੀਂ ਹੈ।

## 14. ਕੱਢੋ ਕਸ਼ਾਏ ਦੀ ਕੋਠੜੀ ਵਿੱਚੋਂ

**ਪ੍ਰਸ਼ਨ ਕਰਤਾ :** ਕਿਸੇ ਤੇ ਬਹੁਤ ਗੁੱਸਾ ਆ ਗਿਆ ਅਤੇ ਫਿਰ ਬੋਲ ਕੇ ਬੰਦ ਹੋ ਗਏ, ਬਾਅਦ ਵਿੱਚ ਇਹ ਜੋ ਬੋਲਣਾ ਹੋਇਆ ਉਸਦੇ ਲਈ

ਬਾਰ-ਬਾਰ ਜੀ ਜਲਦਾ ਰਹੇ ਤਾਂ ਉਸ ਵਿੱਚ ਇੱਕ ਤੋਂ ਜ਼ਿਆਦਾ ਪ੍ਰਤੀਕ੍ਰਮਣ ਕਰਨੇ ਹੋਣਗੇ?

**ਦਾਦਾ ਸ਼੍ਰੀ :** ਉਸ ਵਿੱਚ ਦੋ-ਤਿੰਨ ਵਾਰ ਸੱਚੇ ਦਿਲ ਨਾਲ ਕਰੋ ਅਤੇ ਇੱਕਦਮ ਚੰਗੀ ਤਰ੍ਹਾਂ ਹੋਇਆ ਤਾਂ ਫਿਰ ਖਤਮ ਹੋ ਜਾਵੇਗਾ। 'ਹੇ ਦਾਦਾ ਭਗਵਾਨ! ਭਿਅੰਕਰ ਪਰੇਸ਼ਾਨੀ ਆ ਗਈ। ਜ਼ਬਰਦਸਤ ਕ੍ਰੋਧ ਹੋ ਗਿਆ। ਸਾਹਮਣੇ ਵਾਲੇ ਨੂੰ ਬਹੁਤ ਦੁੱਖ ਹੋਇਆ! ਉਸਦੇ ਲਈ ਮਾਫ਼ੀ ਮੰਗਦਾ ਹਾਂ, ਤੁਹਾਡੀ ਸਾਕਸ਼ੀ ਵਿੱਚ ਬਹੁਤ ਜ਼ਬਰਦਸਤ ਮਾਫ਼ੀ ਮੰਗਦਾ ਹਾਂ।'

**ਪ੍ਰਸ਼ਨ ਕਰਤਾ :** ਕਿਸੇ ਦੇ ਨਾਲ ਜ਼ਰੂਰਤ ਤੋਂ ਜ਼ਿਆਦਾ ਵਿਵਾਦ ਹੋ ਗਿਆ ਹੋਵੇ, ਤਾਂ ਉਸ ਨਾਲ ਮਨ ਵਿੱਚ ਅੰਤਰ ਵਧਦਾ ਜਾਂਦਾ ਹੈ ਅਤੇ ਕਿਸੇ ਦੇ ਨਾਲ ਕਦੇ ਇੱਕ-ਦੋ ਵਾਰੀ ਵਿਵਾਦ ਹੋ ਗਿਆ ਹੋਵੇ, ਤਾਂ ਉਸ ਵਿੱਚ ਦੋ-ਚਾਰ ਵਾਰ, ਇਸ ਤਰ੍ਹਾਂ ਜ਼ਿਆਦਾ ਵਾਰੀ ਪ੍ਰਤੀਕ੍ਰਮਣ ਕਰਨੇ ਹੋਣਗੇ ਜਾਂ ਇੱਕ ਹੀ ਵਾਰੀ ਕਰਾਂਗੇ ਤਾਂ ਸਭ ਦਾ ਆ ਜਾਵੇਗਾ ਉਸ ਵਿੱਚ?

**ਦਾਦਾ ਸ਼੍ਰੀ :** ਜਿੰਨਾ ਹੋ ਸਕੇ ਉਨਾਂ ਕਰਨਾ ਅਤੇ ਆਖਿਰ ਵਿੱਚ ਸਾਮੂਹਿਕ ਕਰ ਦੇਣਾ। ਬਹੁਤ ਸਾਰੇ ਪ੍ਰਤੀਕ੍ਰਮਣ ਇੱਕਠੇ ਹੋ ਜਾਣ ਤਾਂ ਸਾਮੂਹਿਕ ਪ੍ਰਤੀਕ੍ਰਮਣ ਕਰ ਲੈਣਾ ਕਿ ਇਹਨਾਂ ਸਾਰੇ ਕਰਮਾਂ ਦੇ ਪ੍ਰਤੀਕ੍ਰਮਣ ਮੇਰੇ ਤੋਂ ਅਲੱਗ-ਅਲੱਗ ਨਹੀਂ ਹੋ ਰਹੇ ਹਨ। ਇਹਨਾਂ ਸਭ ਦਾ ਇੱਕਠਾ ਪ੍ਰਤੀਕ੍ਰਮਣ ਕਰ ਰਿਹਾ ਹਾਂ। ਤੁਸੀਂ ਦਾਦਾ ਭਗਵਾਨ ਨੂੰ ਕਹਿ ਦੇਣਾ, ਉਹ ਪਹੁੰਚ ਜਾਵੇਗਾ।

**ਪ੍ਰਸ਼ਨ ਕਰਤਾ :** ਅਸੀਂ ਸਾਹਮਣੇ ਵਾਲੇ ਤੇ ਕ੍ਰੋਧ ਕਰੀਏ, ਫਿਰ ਤੁਰੰਤ ਹੀ ਅਸੀਂ ਪ੍ਰਤੀਕ੍ਰਮਣ ਕਰ ਲਈਏ, ਫਿਰ ਵੀ ਸਾਡੇ ਕ੍ਰੋਧ ਦਾ ਅਸਰ ਸਾਹਮਣੇ ਵਾਲੇ ਵਿਅਕਤੀ ਤੋਂ ਫੌਰਨ ਹੀ ਖਤਮ ਨਹੀਂ ਹੋਵੇਗਾ ਨਾ?

**ਦਾਦਾ ਸ਼੍ਰੀ :** ਉਹ ਖਤਮ ਹੋਵੇ ਜਾਂ ਨਾ ਹੋਵੇ, ਇਹ ਤੁਹਾਨੂੰ ਨਹੀਂ ਦੇਖਣਾ ਹੈ। ਤੁਹਾਨੂੰ ਤਾਂ ਤੁਹਾਡੇ ਹੀ ਕੱਪੜੇ ਧੋ ਕੇ ਸਾਫ਼ ਕਰਦੇ ਰਹਿਣਾ ਹੈ। ਤੁਹਾਨੂੰ ਅੰਦਰ ਚੰਗਾ ਨਹੀਂ ਲੱਗਦਾ ਫਿਰ ਵੀ ਹੋ ਜਾਂਦਾ ਹੈ ਨਾ?

**ਪ੍ਰਸ਼ਨ ਕਰਤਾ :** ਕ੍ਰੋਧ ਹੋ ਜਾਂਦਾ ਹੈ।

**ਦਾਦਾ ਸ਼੍ਰੀ :** ਇਸ ਲਈ ਤੁਸੀਂ ਉਸ ਨੂੰ ਨਾ ਦੇਖਣਾ, ਤੁਸੀਂ ਪ੍ਰਤੀਕ੍ਰਮਣ ਕਰਨਾ। ਤੁਸੀਂ ਕਹਿਣਾ ਕਿ, 'ਚੰਦੂਭਾਈ ਪ੍ਰਤੀਕ੍ਰਮਣ ਕਰੋ।' ਫਿਰ ਉਹ ਜਿਵੇਂ ਹੀ ਕੱਪੜਾ ਵਿਗੜੇਗਾ, ਉਵੇਂ ਹੀ ਧੋ ਦੇਵੇਗਾ! ਬਹੁਤੇ ਚੱਕਰ ਵਿੱਚ ਨਾ ਪੈਣਾ। ਨਹੀਂ ਤਾਂ ਫਿਰ ਤੋਂ ਵਿਗੜ ਜਾਵੇਗਾ।

**ਪ੍ਰਸ਼ਨ ਕਰਤਾ :** ਹੁਣ ਨਿੰਦਾ ਕੀਤੀ, ਤਾਂ ਬੇਸ਼ੱਕ ਉਸਨੂੰ ਜਾਗ੍ਰਿਤੀ ਨਾ ਹੋਵੇ। ਨਿੰਦਾ ਹੋਈ ਜਾਂ ਗੁੱਸਾ ਆਵੇ ਉਸ ਸਮੇਂ ਨਿੰਦਾ ਹੋ ਜਾਂਦੀ ਹੈ।

**ਦਾਦਾ ਸ਼੍ਰੀ :** ਉਸੇ ਨੂੰ ਕਸ਼ਾਏ ਕਹਿੰਦੇ ਹਨ। ਕਸ਼ਾਏ ਹੋਇਆ ਯਾਨੀ ਕਿ ਦੂਸਰੇ ਦੇ ਕੰਟਰੋਲ ਵਿੱਚ ਆ ਗਿਆ। ਉਸ ਸਮੇਂ ਬੇਸ਼ੱਕ ਉਹ ਬੋਲੇ, ਪਰ ਫਿਰ ਵੀ ਉਹ ਜਾਣਦਾ ਹੈ ਕਿ 'ਇਹ ਗਲਤ ਹੋ ਰਿਹਾ ਹੈ।' ਕਦੇ ਪਤਾ ਚੱਲਦਾ ਹੈ ਅਤੇ ਕਦੇ ਬਿਲਕੁੱਲ ਵੀ ਪਤਾ ਨਹੀਂ ਚੱਲਦਾ, ਐਵੇਂ ਹੀ ਚਲਾ ਜਾਂਦਾ ਹੈ। ਫਿਰ ਥੋੜੀ ਦੇਰ ਬਾਅਦ ਪਤਾ ਚੱਲਦਾ ਹੈ, ਇਸਦਾ ਮਤਲਬ ਇਹ ਹੈ ਕਿ ਜਦੋਂ ਹੋਇਆ ਉਸ ਘੜੀ ਵੀ 'ਜਾਣਦਾ' ਸੀ।

**ਪ੍ਰਸ਼ਨ ਕਰਤਾ :** ਸਾਡੇ ਆਫਿਸ ਵਿੱਚ ਤਿੰਨ-ਚਾਰ ਸੈਕਰੇਕਟਰੀ ਹਨ। ਉਹਨਾਂ ਨੂੰ ਕਹੀਏ ਕਿ ਇਸ ਤਰ੍ਹਾਂ ਕਰਨਾ ਹੈ, ਇੱਕ ਵਾਰੀ, ਦੋ ਵਾਰੀ, ਚਾਰ ਵਾਰੀ, ਪੰਜ ਵਾਰੀ ਕਹਿਣ ਤੇ ਵੀ ਉਹ ਉਹੀ ਗਲਤੀ ਬਾਰ-ਬਾਰ ਕਰਦੇ ਹਨ, ਤਾਂ ਫਿਰ ਗੁੱਸਾ ਆ ਜਾਂਦਾ ਹੈ, ਤਾਂ ਉਸਦੇ ਲਈ ਕੀ ਕਰੀਏ?

**ਦਾਦਾ ਸ਼੍ਰੀ :** ਤੁਸੀਂ ਤਾਂ ਸ਼ੁੱਧਆਤਮਾ ਬਣ ਗਏ ਹੋ। ਹੁਣ ਤੁਹਾਨੂੰ ਕਿੱਥੇ ਗੁੱਸਾ ਆਉਂਦਾ ਹੈ? ਗੁੱਸਾ ਤਾਂ ਚੰਦੂਭਾਈ ਨੂੰ ਆਉਂਦਾ ਹੈ। ਉਸ ਚੰਦੂਭਾਈ ਨੂੰ ਫਿਰ ਤੁਸੀਂ ਕਹਿਣਾ, 'ਹੁਣ ਤਾਂ ਦਾਦਾ ਜੀ ਮਿਲੇ ਹਨ, ਜ਼ਰਾ ਗੁੱਸਾ ਘੱਟ ਕਰੋ ਨਾ!'

**ਪ੍ਰਸ਼ਨ ਕਰਤਾ :** ਪਰ ਉਹਨਾਂ ਸੈਕਰੇਕਟਰੀਆਂ ਵਿੱਚ ਕੁੱਝ ਇੰਮਪਰੂਵਮੈਂਟ ਨਹੀਂ ਹੁੰਦਾ, ਤਾਂ ਉਸਦੇ ਲਈ ਕੀ ਕਰੀਏ? ਸੈਕਰੇਕਟਰੀ ਨੂੰ ਕੁੱਝ ਕਹਿਣਾ ਤਾਂ ਪਵੇਗਾ ਨਾ, ਨਹੀਂ ਉਹ ਤਾਂ ਉਹੀ ਭੁੱਲ ਕਰਦੀਆਂ ਰਹਿਣਗੀਆਂ, ਉਹ ਕੰਮ ਚੰਗੀ ਤਰ੍ਹਾਂ ਨਹੀਂ ਕਰਦੀਆਂ।

**ਦਾਦਾ ਸ਼੍ਰੀ :** ਉਹ ਤਾਂ ਤੁਸੀਂ ਚੰਦੂਭਾਈ ਨੂੰ ਕਹਿਣਾ ਕਿ 'ਉਹਨਾਂ ਨੂੰ ਜ਼ਰਾ ਝਿੜਕੋ, ਸਮਭਾਵ ਨਾਲ ਨਿਕਾਲ ਕਰਕੇ ਝਿੜਕੋ।' ਐਵੇਂ ਹੀ ਨਾਟਕੀ ਰੂਪ ਵਿੱਚ ਝਿੜਕਣਾ ਕਿ ਇਸ ਤਰ੍ਹਾਂ ਜੇ ਕਰੋਗੀਆਂ ਤਾਂ ਤੁਹਾਡੀ ਸਰਵਿਸ ਕਿਵੇਂ ਚੱਲੇਗੀ, ਇਸ ਤਰ੍ਹਾਂ ਕਹਿਣਾ।

**ਪ੍ਰਸ਼ਨ ਕਰਤਾ :** ਪਰ ਉਸ ਸਮੇਂ ਉਸਨੂੰ ਦੁੱਖ ਹੋਵੇਗਾ ਅਤੇ ਤੁਸੀਂ ਕਿਹਾ ਹੈ ਕਿ ਦੂਸਰਿਆਂ ਨੂੰ ਦੁੱਖ ਨਹੀਂ ਦੇਣਾ।

**ਦਾਦਾ ਸ਼੍ਰੀ :** ਦੁੱਖ ਨਹੀਂ ਹੋਵੇਗਾ। ਕਿਉਂਕਿ ਜਦੋਂ ਤੁਸੀਂ ਨਾਟਕੀ ਰੂਪ ਵਿੱਚ ਬੋਲੋਗੇ ਤਾਂ ਉਹਨਾਂ ਨੂੰ ਦੁੱਖ ਨਹੀਂ ਹੋਵੇਗਾ, ਸਿਰਫ ਉਹਨਾਂ ਦੇ ਮਨ ਵਿੱਚ ਜਾਗ੍ਰਿਤੀ ਆਵੇਗੀ, ਉਹਨਾਂ ਦੇ ਨਿਸ਼ਚੇ ਬਦਲ ਜਾਣਗੇ। ਤੁਸੀਂ ਦੁੱਖ ਨਹੀਂ ਦੇ ਰਹੇ ਹੋ। ਦੁੱਖ ਤਾਂ ਕਦੋਂ ਹੋਵੇਗਾ? ਜੇ ਤੁਹਾਡਾ ਹੇਤੂ ਦੁੱਖ ਦੇਣ ਦਾ ਹੋਵੇਗਾ ਨਾ ਕਿ ਉਹਨਾਂ ਨੂੰ ਸਿੱਧਾ ਕਰ ਦੇਵਾਂ, ਤਾਂ ਉਹਨਾਂ ਨੂੰ ਦੁੱਖ ਉਤਪੰਨ ਹੋਵੇਗਾ।

ਗੁੱਸੇ ਦਾ ਗਿਆਤਾ-ਦ੍ਰਿਸ਼ਟਾ ਰਹੇ ਤਾਂ ਗੁੱਸਾ ਸਾਫ਼ ਹੋ ਕੇ ਚਲਾ ਜਾਵੇਗਾ। ਉਹ ਪਰਮਾਣੂ ਸ਼ੁੱਧ ਹੋ ਕੇ ਚਲੇ ਜਾਣਗੇ। ਉਨਾ ਹੀ ਤੁਹਾਡਾ ਫਰਜ਼ ਹੈ।

**ਪ੍ਰਸ਼ਨ ਕਰਤਾ :** ਕ੍ਰੋਧ ਕਰਨ ਤੋਂ ਬਾਅਦ ਪ੍ਰਤੀਕ੍ਰਮਣ ਕਰੀਏ ਤਾਂ ਉਹ ਪੁਰਸ਼ਾਰਥ ਕਹਾਵੇਗਾ ਜਾਂ ਪਰਾਕ੍ਰਮ?

**ਦਾਦਾ ਸ਼੍ਰੀ :** ਉਹ ਪੁਰਸ਼ਾਰਥ ਕਹਾਵੇਗਾ, ਪਰਾਕ੍ਰਮ ਨਹੀਂ ਕਹਾਵੇਗਾ।

**ਪ੍ਰਸ਼ਨ ਕਰਤਾ :** ਤਾਂ ਫਿਰ ਪਰਾਕ੍ਰਮ ਕਿਸ ਨੂੰ ਕਹਾਂਗੇ?

**ਦਾਦਾ ਸ਼੍ਰੀ :** ਪਰਾਕ੍ਰਮ ਤਾਂ ਇਸ ਪੁਰਸ਼ਾਰਥ ਤੋਂ ਵੀ ਅੱਗੇ ਜਾਂਦਾ ਹੈ। ਅਤੇ ਇਹ ਪਰਾਕ੍ਰਮ ਨਹੀਂ ਹੈ। ਇਹ ਤਾਂ ਜਲਣ ਹੋ ਰਹੀ ਹੋਵੇ ਅਤੇ ਦਵਾਈ ਲਗਾਈਏ, ਉਸ ਵਿੱਚੋਂ ਪਰਾਕ੍ਰਮ ਕਿੱਥੋਂ ਆਇਆ? ਇਹਨਾਂ ਸਭ ਨੂੰ ਜਾਣੀਏ, ਅਤੇ ਉਸ ਜਾਣਨ ਵਾਲੇ ਨੂੰ ਜਾਣੀਏ, ਉਸਦਾ ਨਾਮ ਪਰਾਕ੍ਰਮ। ਅਤੇ ਪ੍ਰਤੀਕ੍ਰਮਣ ਕਰਨਾ, ਉਹ ਪੁਰਸ਼ਾਰਥ ਕਹਾਉਂਦਾ ਹੈ। ਆਖਿਰ ਵਿੱਚ ਇਹ ਪ੍ਰਤੀਕ੍ਰਮਣ ਕਰਦੇ-ਕਰਦੇ ਸ਼ਬਦਾਂ ਦਾ ਸਾਰਾ ਜੰਜਾਲ ਘੱਟ ਹੁੰਦਾ ਜਾਵੇਗਾ।

ਸਭ ਘਟਦਾ ਜਾਵੇਗਾ ਆਪਣੇ ਆਪ। ਨਿਯਮ ਨਾਲ ਹੀ ਸਭ ਘੱਟ ਹੁੰਦਾ ਜਾਵੇਗਾ। ਕੁਦਰਤੀ ਰੂਪ ਵਿੱਚ ਸਭ ਬੰਦ ਹੋ ਜਾਵੇਗਾ। ਸਭ ਤੋਂ ਪਹਿਲਾਂ ਅਹੰਕਾਰ ਜਾਵੇਗਾ, ਬਾਅਦ ਵਿੱਚ ਬਾਕੀ ਸਭ ਜਾਣਗੇ। ਸਭ ਚਲੇ ਜਾਣਗੇ ਆਪਣੇ-ਆਪਣੇ ਘਰ। ਅਤੇ ਅੰਦਰ ਠੰਡਕ ਹੈ, ਹੁਣ ਅੰਦਰ ਠੰਡਕ ਹੈ ਨਾ?

ਪ੍ਰਤੀਕ੍ਰਮਣ ਨਾਲ ਸਾਰੇ ਕਰਮ ਖਤਮ ਹੋ ਜਾਂਦੇ ਹਨ। ਕਰਤਾ ਦੀ ਗੈਰਹਾਜ਼ਰੀ ਹੈ, ਇਸ ਲਈ ਸੰਪੂਰਣ ਰੂਪ ਵਿੱਚ ਖਤਮ ਹੋ ਜਾਂਦੇ ਹਨ। ਕਰਤਾ ਦੀ ਗੈਰਹਾਜ਼ਰੀ ਵਿੱਚ ਇਹ ਫਲ਼ ਤੁਸੀਂ ਭੁਗਤ ਰਹੇ ਹੋ। ਕਰਤਾ ਦੀ ਗੈਰਹਾਜ਼ਰੀ ਵਿੱਚ ਤੁਸੀਂ ਭੋਗਤਾ ਹੋ, ਇਸ ਲਈ ਇਹ ਕਰਮ ਖਤਮ ਹੋ ਜਾਣਗੇ। ਅਤੇ ਇਸ ਸੰਸਾਰ ਦੇ ਲੋਕ ਕਰਤਾ ਦੀ ਹਾਜਰੀ ਵਿੱਚ ਭੋਗਤਾ ਹਨ। ਇਸ ਲਈ ਪ੍ਰਤੀਕ੍ਰਮਣ ਕਰਨ ਨਾਲ ਉਸਦਾ ਕਰਮ ਥੋੜਾ ਢਿੱਲਾ ਹੋ ਜਾਵੇਗਾ, ਪਰ ਖਤਮ ਨਹੀਂ ਹੋਵੇਗਾ। ਫ਼ਲ ਦਿੱਤੇ ਬਿਨਾਂ ਨਹੀਂ ਰਹੇਗਾ ਅਤੇ ਤੁਹਾਡਾ ਤਾਂ ਉਹ ਕਰਮ ਖਤਮ ਹੀ ਹੋ ਜਾਵੇਗਾ।

ਕਿਸੇ ਦੇ ਦੋਸ਼ ਨਾ ਦਿਖਣ ਤਾਂ ਸਮਝਣਾ ਕਿ ਸਰਵਵਿਰਤੀ ਪਦ ਹੈ, ਸੰਸਾਰ ਵਿੱਚ ਰਹਿਣ ਤੇ ਵੀ! ਇਹੋ ਜਿਹਾ ਇਹ 'ਅਕ੍ਰਮ ਵਿਗਿਆਨ' ਦਾ ਸਰਵਵਿਰਤੀ ਪਦ ਅਲੱਗ ਤਰ੍ਹਾਂ ਦਾ ਹੈ। ਸੰਸਾਰ ਵਿੱਚ ਬੈਠ ਕੇ, ਸਿਰ ਵਿੱਚ ਤੇਲ ਲਗਾ ਕੇ, ਕੰਨ ਵਿੱਚ ਇੱਤਰ ਦਾ ਫਾਹਾ ਪਾ ਕੇ ਘੁੰਮ ਰਿਹਾ ਹੋਵੇ, ਪਰ ਫਿਰ ਵੀ ਉਸਨੂੰ ਕਿਸੇ ਦਾ ਦੋਸ਼ ਨਹੀਂ ਦਿਖਦਾ।

ਜੋ ਵੀਤਦਵੇਸ਼ (ਦਵੇਸ਼ ਰਹਿਤ) ਹੋ ਗਿਆ, ਉਹ ਇੱਕ ਅਵਤਾਰੀ ਕਹਾਉਂਦਾ ਹੈ। ਵੀਤਦਵੇਸ਼ ਵਿੱਚ ਜਿਹਨਾਂ ਨੂੰ ਕੱਚਾਪਨ ਰਹਿ ਜਾਵੇ, ਉਹਨਾਂ ਦੇ ਦੋ-ਚਾਰ ਜਨਮ ਹੋਣਗੇ।

## 15. ਭਾਵ ਅਹਿੰਸਾ ਦੀ ਰਾਹ ਤੇ....

**ਪ੍ਰਸ਼ਨ ਕਰਤਾ :** ਮੋਕਸ਼ ਵਿੱਚ ਜਾਣ ਤੋਂ ਪਹਿਲਾਂ, ਕਿਸੇ ਵੀ ਜੀਵ ਦੇ ਨਾਲ ਲੈਣ-ਦੇਣ ਹੋਵੇ ਤਾਂ ਜੇ ਅਸੀਂ ਉਸਦੇ ਪ੍ਰਤੀਕ੍ਰਮਣ ਕਰਦੇ ਰਹਾਂਗੇ ਤਾਂ ਸਾਨੂੰ ਛੁਟਕਾਰਾ ਮਿਲੇਗਾ?

**ਦਾਦਾ ਸ਼੍ਰੀ :** ਹਾਂ।

**ਪ੍ਰਸ਼ਨ ਕਰਤਾ** : ਪਰ ਉਸਦੇ ਲਈ ਕੀ ਬੋਲਣਾ ਹੈ?

**ਦਾਦਾ ਸ਼੍ਰੀ** : ਜਿਨ੍ਹਾਂ-ਜਿਨ੍ਹਾਂ ਜੀਵਾਂ ਨੂੰ ਮੇਰੇ ਤੋਂ ਕੁੱਝ ਵੀ ਦੁੱਖ ਹੋਇਆ ਹੋਵੇ, ਉਹ ਸਾਰੇ ਮੈਨੂੰ ਮਾਫ਼ ਕਰਨ।

**ਪ੍ਰਸ਼ਨ ਕਰਤਾ** : ਜੀਵਮਾਤਰ?

**ਦਾਦਾ ਸ਼੍ਰੀ** : ਜੀਵਮਾਤਰ ਨੂੰ।

**ਪ੍ਰਸ਼ਨ ਕਰਤਾ** : ਉਸ ਵਿੱਚ ਫਿਰ ਵਾਯੂਕਾਯ, ਤੇਊਕਾਯ ਸਾਰੇ ਜੀਵ ਆ ਜਾਣਗੇ?

**ਦਾਦਾ ਸ਼੍ਰੀ** : ਸਾਰੇ ਕਿਹਾ, ਇਸ ਲਈ ਉਸ ਵਿੱਚ ਸਾਰੇ ਆ ਜਾਣਗੇ।

**ਪ੍ਰਸ਼ਨ ਕਰਤਾ** : ਅਣਜਾਣੇ ਵਿੱਚ ਕਿਸੇ ਜੀਵ ਦੀ ਹਿੰਸਾ ਹੋ ਜਾਵੇ ਤਾਂ ਕੀ ਕਰੀਏ?

**ਦਾਦਾ ਸ਼੍ਰੀ** : ਅਣਜਾਣੇ ਵਿੱਚ ਹਿੰਸਾ ਹੋ ਜਾਵੇ ਪਰ ਪਤਾ ਚੱਲਣ ਤੇ ਤੁਹਾਨੂੰ ਤੁਰੰਤ ਹੀ ਪਛਤਾਵਾ ਹੋਣਾ ਚਾਹੀਦਾ ਹੈ ਕਿ ਏਦਾਂ ਨਾ ਹੋਵੇ। ਫਿਰ ਤੋਂ ਏਦਾਂ ਨਾ ਹੋਵੇ, ਉਸਦੇ ਲਈ ਜਾਗ੍ਰਿਤੀ ਰੱਖਣਾ, ਇਹੋ ਜਿਹਾ ਆਪਣਾ ਉਦੇਸ਼ ਰੱਖਣਾ। ਭਗਵਾਨ ਨੇ ਕਿਹਾ ਸੀ, ਕਿਸੇ ਨੂੰ ਮਾਰਨਾ ਨਹੀਂ ਹੈ ਇਹ ਦ੍ਰਿੜ ਭਾਵ ਰੱਖਣਾ। ਕਿਸੇ ਜੀਵ ਨੂੰ ਜ਼ਰਾ ਵੀ ਦੁੱਖ ਨਹੀਂ ਦੇਣਾ ਹੈ, ਇਹੋ ਜਿਹੀ ਹਰ ਰੋਜ਼ ਪੰਜ ਵਾਰੀ ਭਾਵਨਾ ਕਰਨਾ। 'ਮਨ, ਵਚਨ, ਕਾਇਆ ਤੋਂ ਕਿਸੇ ਵੀ ਜੀਵ ਨੂੰ ਕਿੰਚਿਤਮਾਤਰ ਦੁੱਖ ਨਾ ਹੋਵੇ' ਸਵੇਰੇ ਏਦਾਂ ਪੰਜ ਵਾਰੀ ਬੋਲ ਕੇ ਸੰਸਾਰੀ ਪ੍ਰਕਿਰਿਆ ਸ਼ੁਰੂ ਕਰਨਾ, ਤਾਂ ਜ਼ਿੰਮੇਦਾਰੀ ਘੱਟ ਹੋ ਜਾਵੇਗੀ। ਕਿਉਂਕਿ ਭਾਵ ਕਰਨ ਦਾ ਅਧਿਕਾਰ ਹੈ, ਕਿਰਿਆ ਆਪਣੀ ਸੱਤਾ ਵਿੱਚ ਨਹੀਂ ਹੈ।

**ਪ੍ਰਸ਼ਨ ਕਰਤਾ** : ਭੁੱਲ ਨਾਲ ਹੋ ਗਿਆ ਹੋਵੇ ਤਾਂ ਵੀ ਪਾਪ ਲੱਗੇਗਾ ਨਾ?

**ਦਾਦਾ ਸ਼੍ਰੀ** : ਭੁੱਲ ਨਾਲ ਅੰਗਾਰਿਆਂ ਤੇ ਹੱਥ ਰੱਖ ਦਿੱਤਾ ਤਾਂ ਕੀ ਹੋਵੇਗਾ?

**ਪ੍ਰਸ਼ਨ ਕਰਤਾ :** ਜਲ (ਸੜ) ਜਾਵੇਗਾ।

**ਦਾਦਾ ਸ਼੍ਰੀ :** ਛੋਟਾ ਬੱਚਾ ਨਹੀਂ ਜਲੇਗਾ (ਸੜੇਗਾ)?

**ਪ੍ਰਸ਼ਨ ਕਰਤਾ :** ਜਲੇਗਾ (ਸੜੇਗਾ)।

**ਦਾਦਾ ਸ਼੍ਰੀ :** ਉਹ ਵੀ ਜਲੇਗਾ (ਸੜੇਗਾ)? ਅਰਥਾਤ ਕੁੱਝ ਵੀ ਛੱਡੇਗਾ ਨਹੀ। ਅਣਜਾਣੇ ਵਿੱਚ ਕਰੋ ਜਾਂ ਜਾਣ ਬੁੱਝ ਕੇ ਕਰੋ, ਕੁੱਝ ਵੀ ਛੱਡੇਗਾ ਨਹੀ।

**ਪ੍ਰਸ਼ਨ ਕਰਤਾ :** ਕਿਸੇ ਮਹਾਤਮਾ ਨੂੰ ਗਿਆਨ ਤੋਂ ਬਾਅਦ ਰਾਤ ਨੂੰ ਮੱਛਰ ਕੱਟ ਰਹੇ ਹੋਣ ਅਤੇ ਉਹ ਰਾਤ ਨੂੰ ਜਾਗ ਕੇ ਮਾਰਨ ਲੱਗੇ, ਤਾਂ ਉਹ ਕੀ ਕਹਾਵੇਗਾ?

**ਦਾਦਾ ਸ਼੍ਰੀ :** ਉਹ ਭਾਵ ਵਿਗੜਿਆ ਕਹਾਵੇਗਾ। ਗਿਆਨ ਜਾਗ੍ਰਿਤੀ ਨਹੀਂ ਕਹਾਵੇਗੀ।

**ਪ੍ਰਸ਼ਨ ਕਰਤਾ :** ਉਹ ਹਿੰਸਕ ਭਾਵ ਕਹਾਵੇਗਾ?

**ਦਾਦਾ ਸ਼੍ਰੀ :** ਹਿੰਸਕ ਭਾਵ ਤਾਂ ਕੀ, ਪਰ ਜਿਵੇਂ ਦਾ ਸੀ ਉਸੇ ਤਰ੍ਹਾਂ ਦਾ ਹੋ ਗਿਆ। ਪਰ ਬਾਅਦ ਵਿੱਚ ਪ੍ਰਤੀਕ੍ਰਮਣ ਕਰਨ ਨਾਲ ਧੋਤਾ ਜਾਵੇਗਾ।

**ਪ੍ਰਸ਼ਨ ਕਰਤਾ :** ਦੂਸਰੇ ਦਿਨ ਫਿਰ ਤੋਂ ਏਦਾਂ ਹੀ ਕਰੇ ਤਾਂ?

**ਦਾਦਾ ਸ਼੍ਰੀ :** ਓਏ, ਸੌ ਵਾਰ ਕਰੇ ਤਾਂ ਵੀ ਪ੍ਰਤੀਕ੍ਰਮਣ ਨਾਲ ਧੋਤਾ ਜਾਵੇਗਾ।

ਮਾਰਨ ਦਾ ਤਾਂ ਸੋਚਣਾ ਵੀ ਨਹੀ। ਕੋਈ ਵੀ ਜੀਵ ਠੀਕ ਨਾ ਲੱਗੇ ਤਾਂ ਉਸਨੂੰ ਬਾਹਰ ਛੱਡ ਆਉਣਾ। ਤੀਰਥੰਕਰਾਂ ਨੇ 'ਮਾਰ' ਸ਼ਬਦ ਹੀ ਕੱਢ ਦੇਣ ਨੂੰ ਕਿਹਾ ਸੀ। 'ਮਾਰ' ਸ਼ਬਦ ਤਾਂ ਬੋਲਣਾ ਤੱਕ ਨਹੀ। 'ਮਾਰ' ਜੋਖ਼ਿਮ ਵਾਲਾ ਸ਼ਬਦ ਹੈ। ਇੰਨਾ ਜਿਆਦਾ ਅਹਿੰਸਾ ਵਾਲਾ, ਪਰਮਾਣੂ ਇੰਨੀ ਹੱਦ ਤੱਕ ਅਹਿੰਸਕ ਹੋਣੇ ਚਾਹੀਦੇ ਹਨ।

**ਪ੍ਰਸ਼ਨ ਕਰਤਾ :** ਭਾਵ ਹਿੰਸਾ ਅਤੇ ਦ੍ਰਵਯ ਹਿੰਸਾ ਦਾ ਫਲ ਇੱਕ ਹੀ ਤਰ੍ਹਾਂ ਦਾ ਆਉਂਦਾ ਹੈ?

**ਦਾਦਾ ਸ਼੍ਰੀ :** ਭਾਵ ਹਿੰਸਾ ਦੀ ਫੋਟੋ ਦੂਸਰਾ ਕੋਈ ਨਹੀਂ ਦੇਖ ਸਕਦਾ ਅਤੇ ਜੋ ਸਿਨੇਮਾ ਦੀ ਤਰ੍ਹਾਂ ਇਹ ਜੋ ਸਿਨੇਮਾ ਚੱਲਦਾ ਹੈ ਨਾ, ਉਸਨੂੰ ਅਸੀਂ ਦੇਖਦੇ ਹਾਂ, ਉਹ ਸਭ ਦ੍ਰਵਯ ਹਿੰਸਾ ਹੈ। ਭਾਵ ਹਿੰਸਾ ਸੂਖਮ ਵਿੱਚ ਰਹਿੰਦਾ ਹੈ ਅਤੇ ਦ੍ਰਵਯ ਹਿੰਸਾ ਤਾਂ ਦਿਖਾਈ ਦਿੰਦੀ ਹੈ। ਪ੍ਰਤੱਖ, ਮਨ-ਵਚਨ-ਕਾਇਆ ਨਾਲ ਜੋ ਜਗਤ ਵਿੱਚ ਦਿਖਾਈ ਦਿੰਦਾ ਹੈ, ਉਹ ਦ੍ਰਵਯ ਹਿੰਸਾ ਹੈ। ਤੁਸੀਂ ਕਹੋ ਕਿ ਜੀਵਾਂ ਨੂੰ ਬਚਾਉਣਾ ਚਾਹੀਦਾ ਹੈ। ਫਿਰ ਬਚਣ ਜਾਂ ਨਾ ਬਚਣ, ਉਸਦੇ ਜਿੰਮੇਦਾਰ ਤੁਸੀਂ ਨਹੀਂ ਹੋ! ਤੁਸੀਂ ਕਹੋ ਕਿ ਇਹਨਾਂ ਜੀਵਾਂ ਨੂੰ ਬਚਾਉਣਾ ਚਾਹੀਦਾ ਹੈ, ਤੁਹਾਨੂੰ ਸਿਰਫ ਇੰਨਾ ਹੀ ਕਰਨਾ ਹੈ। ਫਿਰ ਹਿੰਸਾ ਹੋ ਗਈ, ਉਸਦੇ ਜਿੰਮੇਦਾਰ ਤੁਸੀਂ ਨਹੀਂ ਹੋ! ਹਿੰਸਾ ਹੋ ਗਈ ਉਸਦਾ ਪਛਤਾਵਾ, ਉਸਦਾ ਪ੍ਰਤੀਕ੍ਰਮਣ ਕਰਨਾ, ਫਿਰ ਸਾਰੀ ਜਿੰਮੇਦਾਰੀ ਚਲੀ ਗਈ।

**ਪ੍ਰਸ਼ਨ ਕਰਤਾ :** ਤੁਹਾਡੀ ਕਿਤਾਬ ਵਿੱਚ ਪੜ੍ਹਿਆ ਹੈ ਕਿ, 'ਮਨ-ਵਚਨ-ਕਾਇਆ ਤੋਂ ਕਿਸੇ ਜੀਵ ਨੂੰ ਕਿੰਚਿਤਮਾਤਰ ਦੁੱਖ ਨਾ ਹੋਵੇ' ਪਰ ਅਸੀਂ ਤਾਂ ਕਿਸਾਨ ਹਾਂ, ਇਸ ਲਈ ਜਦੋਂ ਤੰਬਾਕੂ ਦੀ ਫ਼ਸਲ ਉਗਾਉਂਦੇ ਹਾਂ, ਤਾਂ ਸਾਨੂੰ ਹਰ ਬੂਟੇ ਦੀ ਕੋਂਪਲ (ਟੂਸਾ), ਯਾਨੀ ਉਸਦੀ ਗਰਦਣ ਤੋੜਨੀ ਹੀ ਪੈਂਦੀ ਹੈ। ਤਾਂ ਇਸ ਨਾਲ ਉਸਨੂੰ ਦੁੱਖ ਤਾਂ ਹੋਇਆ ਨਾ? ਉਸਦਾ ਪਾਪ ਤਾਂ ਲੱਗੇਗਾ ਹੀ ਨਾ? ਇਸ ਤਰ੍ਹਾਂ ਲੱਖਾਂ ਬੂਟਿਆਂ ਦੀਆਂ ਗਰਦਣਾਂ ਤੋੜ ਦਿੰਦੇ ਹਾਂ। ਤਾਂ ਇਸ ਪਾਪ ਦਾ ਨਿਵਾਰਣ ਕਿਸ ਤਰ੍ਹਾਂ ਕਰੀਏ?

**ਦਾਦਾ ਸ਼੍ਰੀ :** ਉਹ ਤਾਂ ਅੰਦਰ ਮਨ ਵਿੱਚ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਇਹੋ ਜਿਹਾ ਧੰਦਾ ਮੇਰੇ ਹਿੱਸੇ ਵਿੱਚ ਕਿੱਥੋਂ ਆਇਆ? ਬੱਸ ਇੰਨਾ ਹੀ। ਬੂਟੇ ਦੀ ਕੋਂਪਲ ਤੋੜ ਦੇਣਾ ਪਰ ਮਨ ਵਿੱਚ ਪਛਚਾਤਾਪ ਹੋਣਾ ਚਾਹੀਦਾ ਹੈ ਕਿ 'ਇਹੋ ਜਿਹਾ ਧੰਦਾ ਮੇਰੇ ਹਿੱਸੇ ਵਿੱਚ ਕਿੱਥੋਂ ਆਇਆ। ਏਦਾਂ ਨਹੀਂ ਕਰਨਾ ਚਾਹੀਦਾ', ਇਸ ਤਰ੍ਹਾਂ ਮਨ ਵਿੱਚ ਹੋਣਾ ਚਾਹੀਦਾ ਹੈ, ਬੱਸ।

**ਪ੍ਰਸ਼ਨ ਕਰਤਾ :** ਪਰ ਇਹ ਪਾਪ ਤਾਂ ਹੈ ਹੀ ਨਾ?

**ਦਾਦਾ ਸ਼੍ਰੀ :** ਉਹ ਤਾਂ ਹੈ ਹੀ। ਉਹ ਤੁਹਾਨੂੰ ਨਹੀਂ ਦੇਖਣਾ ਹੈ। ਜੋ ਹੋ ਰਿਹਾ ਹੈ, ਉਸ ਪਾਪ ਨੂੰ ਨਹੀਂ ਦੇਖਣਾ। 'ਇਹ ਨਹੀਂ ਹੋਣਾ ਚਾਹੀਦਾ', ਏਦਾਂ ਤੁਸੀਂ ਤੈਅ ਕਰਨਾ, ਨਿਸ਼ਚੈ ਕਰਨਾ। ਇਹ ਧੰਦਾ ਕਿਉਂ ਮਿਲਿਆ? ਦੂਸਰਾ ਚੰਗਾ ਕੰਮ ਮਿਲਿਆ ਹੁੰਦਾ ਤਾਂ ਤੁਸੀਂ ਏਦਾਂ ਨਹੀਂ ਕਰਦੇ। ਪਹਿਲਾਂ ਪਛਚਾਤਾਪ ਨਹੀਂ ਹੁੰਦਾ ਸੀ। ਜਦੋਂ ਤੱਕ ਇਹ ਜਾਣਿਆ ਨਹੀਂ ਸੀ, ਉਦੋਂ ਤੱਕ ਪਛਚਾਤਾਪ ਨਹੀਂ ਹੁੰਦਾ ਸੀ। ਖੁਸ਼ ਹੋ ਕੇ ਬੂਟੇ ਉਖਾੜ ਕੇ ਸੁੱਟ ਦਿੰਦੇ ਸਨ। ਤੁਹਾਨੂੰ ਸਮਝ ਵਿੱਚ ਆਉਂਦਾ ਹੈ? ਸਾਡੇ ਕਹੇ ਅਨੁਸਾਰ ਕਰਨਾ। ਤੁਹਾਡੀ ਸਾਰੀ ਜ਼ਿੰਮੇਦਾਰੀ ਸਾਡੀ। ਬੂਟਾ ਉਖਾੜ ਕੇ ਸੁੱਟ ਦੇਵੋ, ਉਸ ਵਿੱਚ ਹਰਜ਼ ਨਹੀਂ ਹੈ, ਪਛਚਾਤਾਪ ਹੋਣਾ ਚਾਹੀਦਾ ਹੈ ਕਿ ਇਹ ਮੇਰੇ ਹਿੱਸੇ ਵਿੱਚ ਕਿੱਥੋਂ ਆਇਆ?

ਖੇਤੀਬਾੜੀ ਵਿੱਚ ਜੀਵ-ਜੰਤੂ ਮਰਦੇ ਹਨ, ਉਸਦਾ ਦੋਸ਼ ਤਾਂ ਲੱਗੇਗਾ ਨਾ। ਇਸ ਲਈ ਖੇਤੀਬਾੜੀ ਵਾਲਿਆਂ ਨੂੰ ਹਰ ਰੋਜ਼ ਪੰਜ-ਦਸ ਮਿੰਟ ਭਗਵਾਨ ਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ 'ਇਹ ਦੋਸ਼ ਹੋਏ ਇਹਨਾਂ ਲਈ ਮਾਫ਼ੀ ਮੰਗਦਾ ਹਾਂ।' ਕਿਸਾਨ ਨੂੰ ਕਹਿੰਦੇ ਹਾਂ ਕਿ ਤੂੰ ਇਹ ਧੰਦਾ ਕਰਦਾ ਹੈ ਉਸ ਵਿੱਚ ਜੀਵ ਮਰਦੇ ਹਨ, ਉਸਦੇ ਲਈ ਇਸ ਤਰ੍ਹਾਂ ਪ੍ਰਤੀਕ੍ਰਮਣ ਕਰਨਾ। ਤੂੰ ਜੋ ਗਲਤ ਕਰ ਰਿਹਾ ਹੈ ਉਸ ਵਿਚ ਮੈਨੂੰ ਹਰਜ਼ ਨਹੀਂ ਹੈ। ਪਰ ਉਸਦੇ ਲਈ ਤੂੰ ਇਸ ਤਰ੍ਹਾਂ ਪ੍ਰਤੀਕ੍ਰਮਣ ਕਰ।

**ਪ੍ਰਸ਼ਨ ਕਰਤਾ :** ਤੁਸੀਂ ਉਹ ਵਚਨ ਕਿਹਾ ਸੀ ਨਾ ਕਿ 'ਕਿਸੇ ਵੀ ਜੀਵ ਨੂੰ ਮਨ, ਵਚਨ, ਕਾਇਆ ਤੋਂ ਦੁੱਖ ਨਾ ਹੋਵੇ।' ਸਵੇਰੇ ਇੰਨਾ ਬੋਲੀਏ ਤਾਂ ਚੱਲੇਗਾ ਜਾਂ ਨਹੀਂ ਚੱਲੇਗਾ?

**ਦਾਦਾ ਸ਼੍ਰੀ :** ਉਸ ਨੂੰ ਪੰਜ ਵਾਰ ਬੋਲੋ, ਪਰ ਉਹ ਇਸ ਤਰ੍ਹਾਂ ਬੋਲਣਾ ਚਾਹੀਦਾ ਹੈ ਕਿ ਪੈਸੇ ਗਿਣਦੇ ਸਮੇਂ ਜਿਸ ਤਰ੍ਹਾਂ ਦੀ ਸਥਿਤੀ ਹੁੰਦੀ ਹੈ, ਉਸ ਤਰ੍ਹਾਂ ਬੋਲਣਾ ਚਾਹੀਦਾ ਹੈ। ਰੁਪਏ ਗਿਣਦੇ ਸਮੇਂ ਜਿਸ ਤਰ੍ਹਾਂ ਚਿਤ ਹੁੰਦਾ ਹੈ, ਜਿਸ ਤਰ੍ਹਾਂ ਅੰਤ: ਕਰਣ ਹੁੰਦਾ ਹੈ, ਉਸ ਤਰ੍ਹਾਂ ਬੋਲਦੇ ਸਮੇਂ ਰੱਖਣਾ ਪਵੇਗਾ।

## 16. ਦੁੱਖਦਾਈ ਵੈਰ ਦੀ ਵਸੂਲੀ...

**ਪ੍ਰਸ਼ਨ ਕਰਤਾ :** ਅਸੀਂ ਪ੍ਰਤੀਕ੍ਰਮਣ ਨਾ ਕਰੀਏ ਤਾਂ ਫਿਰ ਕਦੇ ਸਾਹਮਣੇ ਵਾਲੇ ਦੇ ਕੋਲ ਚੁਕਤਾ ਕਰਨ ਲਈ ਜਾਣਾ ਪਵੇਗਾ ਨਾ?

**ਦਾਦਾ ਸ਼੍ਰੀ :** ਨਹੀ, ਉਸਨੂੰ ਚੁਕਤਾ ਨਹੀਂ ਕਰਨਾ ਹੈ। ਤੁਸੀਂ ਬੰਧਨ ਵਿੱਚ ਰਹੋਗੇ। ਸਾਹਮਣੇ ਵਾਲੇ ਤੋਂ ਤੁਹਾਨੂੰ ਕੁੱਝ ਲੈਣਾ-ਦੇਣਾ ਨਹੀਂ ਹੈ।

**ਪ੍ਰਸ਼ਨ ਕਰਤਾ :** ਪਰ ਸਾਨੂੰ ਚੁਕਾਉਣਾ ਪਵੇਗਾ ਨਾ?

**ਦਾਦਾ ਸ਼੍ਰੀ :** ਸੋ: ਤੁਸੀਂ ਹੀ ਬੰਧਨ ਵਿੱਚ ਹੋ, ਇਸ ਲਈ ਤੁਹਾਨੂੰ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ। ਪ੍ਰਤੀਕ੍ਰਮਣ ਨਾਲ ਮਿਟ ਜਾਵੇਗਾ। ਇਸ ਲਈ ਤਾਂ ਤੁਹਾਨੂੰ ਹਥਿਆਰ ਦਿੱਤਾ ਹੈ ਨਾ, ਪ੍ਰਤੀਕ੍ਰਮਣ!

**ਪ੍ਰਸ਼ਨ ਕਰਤਾ :** ਅਸੀਂ ਪ੍ਰਤੀਕ੍ਰਮਣ ਕਰੀਏ ਅਤੇ ਵੈਰ ਛੱਡ ਦੇਈਏ ਪਰ ਸਾਹਮਣੇ ਵਾਲਾ ਵੈਰ ਰੱਖੇ ਤਾਂ?

**ਦਾਦਾ ਸ਼੍ਰੀ :** ਭਗਵਾਨ ਮਹਾਵੀਰ ਤੇ ਕਿੰਨੇ ਸਾਰੇ ਲੋਕ ਰਾਗ ਕਰਦੇ ਸਨ ਅਤੇ ਦਵੇਸ਼ ਰੱਖਦੇ ਸਨ, ਉਸ ਵਿਚ ਮਹਾਵੀਰ ਨੂੰ ਕੀ? ਵੀਤਰਾਗ ਨੂੰ ਕੁੱਝ ਵੀ ਸਪਰਸ਼ ਨਹੀਂ ਕਰਦਾ। ਵੀਤਰਾਗ ਯਾਨੀ ਸ਼ਰੀਰ ਤੇ ਤੇਲ ਲਗਾਏ ਬਿਨਾਂ ਬਾਹਰ ਘੁੰਮਦੇ ਹਨ ਅਤੇ ਬਾਕੀ ਸਭ ਤੇਲ ਲਗਾ ਕੇ ਘੁੰਮਦੇ ਹਨ। ਤੇਲ ਵਾਲਿਆਂ ਤੇ ਧੂਲ-ਮਿੱਟੀ ਚਿਪਕਦੀ ਹੈ।

**ਪ੍ਰਸ਼ਨ ਕਰਤਾ :** ਦੋ ਆਦਮੀਆਂ ਦੇ ਵਿੱਚ ਜੋ ਵੈਰ ਪੈਂਦਾ ਹੈ, ਰਾਗ-ਦਵੇਸ਼ ਹੁੰਦਾ ਹੈ, ਹੁਣ ਉਸ ਵਿੱਚ ਮੈਂ ਖੁਦ ਪ੍ਰਤੀਕ੍ਰਮਣ ਕਰਕੇ ਮੁਕਤ ਹੋ ਜਾਵਾਂ, ਪਰ ਦੂਸਰਾ ਆਦਮੀ ਜੇ ਵੈਰ ਨਾ ਛੱਡੇ, ਤਾਂ ਫਿਰ ਤੋਂ ਅਗਲੇ ਜਨਮ ਵਿੱਚ ਆ ਕੇ ਉਸ ਰਾਗ-ਦਵੇਸ਼ ਦਾ ਹਿਸਾਬ ਪੂਰਾ ਕਰੇਗਾ? ਕਿਉਂਕਿ ਉਸਨੇ ਤਾਂ ਉਸਦਾ ਵੈਰ ਜਾਰੀ ਹੀ ਰੱਖਿਆ ਹੈ ਨਾ?

**ਦਾਦਾ ਸ਼੍ਰੀ :** ਪ੍ਰਤੀਕ੍ਰਮਣ ਨਾਲ ਉਸਦਾ ਵੈਰ ਘੱਟ ਹੋ ਜਾਵੇਗਾ। ਇੱਕ ਵਾਰ ਵਿੱਚ ਪਿਆਜ ਦੀ ਇੱਕ ਪਰਤ ਜਾਵੇਗੀ, ਦੂਸਰੀ ਪਰਤ, ਜਿੰਨੀਆਂ ਪਰਤਾਂ ਹੋਣਗੀਆਂ, ਉਨ੍ਹੀਆਂ ਜਾਣਗੀਆਂ। ਸਮਝ ਵਿੱਚ ਆਇਆ ਤੁਹਾਨੂੰ?

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਦੇ ਹਾਂ, ਉਸੇ ਸਮੇਂ ਅਤੀਕ੍ਰਮਣ ਹੋਣ ਲੱਗੇ ਤਾਂ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਫਿਰ ਥੋੜੀ ਦੇਰ ਬਾਅਦ ਕਰਨਾ। ਤੁਸੀਂ ਆਤਿਸ਼ਬਾਜੀ ਬੁਝਾਉਣ ਗਏ ਉਸੇ ਵਕਤ ਇੱਕ ਹੋਰ ਪਟਾਕਾ ਵੱਜਿਆ ਤਾਂ ਤੁਸੀਂ ਫਿਰ ਤੋਂ ਜਾਣਾ। ਫ਼ਿਰ ਥੋੜੀ ਦੇਰ ਬਾਅਦ ਬੁਝਾਉਣਾ। ਇਹ ਪਟਾਕੇ ਤਾਂ ਵੱਜਦੇ ਹੀ ਰਹਿਣਗੇ। ਉਸੇ ਨੂੰ ਸੰਸਾਰ ਕਹਿੰਦੇ ਹਨ।

ਉਹ ਕੁੱਝ ਉਲਟਾ ਕਰੇ, ਅਪਮਾਨ ਕਰੇ ਫਿਰ ਵੀ ਅਸੀਂ ਰੱਖਿਆ ਕਰਦੇ ਹਾਂ। ਇੱਕ ਭਾਈ ਮੇਰਾ ਵਿਰੋਧ ਕਰਨ ਲੱਗਿਆ ਸੀ। ਮੈਂ ਸਭ ਨੂੰ ਕਿਹਾ, ਇੱਕ ਅੱਖਰ ਵੀ ਉਲਟਾ ਨਹੀਂ ਸੋਚਣਾ। ਜੇ ਉਲਟਾ ਵਿਚਾਰ ਆਵੇ ਤਾਂ ਪ੍ਰਤੀਕ੍ਰਮਣ ਕਰਨਾ। ਉਹ ਚੰਗਾ ਆਦਮੀ ਹੈ ਪਰ ਉਹ ਲੋਕ ਕਿਸਦੇ ਅਧੀਨ ਹਨ? ਕਸ਼ਾਏ ਦੇ ਅਧੀਨ ਹਨ। ਉਹ ਆਤਮਾ ਦੇ ਅਧੀਨ ਨਹੀਂ ਹਨ। ਜੋ ਆਤਮਾ ਦੇ ਅਧੀਨ ਹੀ ਹੋਵੇ ਉਹ ਇਸ ਤਰ੍ਹਾਂ ਸਾਹਮਣੇ ਨਹੀਂ ਬੋਲੇਗਾ। ਸੋ: ਕਸ਼ਾਏ ਦੇ ਅਧੀਨ ਹੋ ਚੁੱਕਿਆ ਮਨੁੱਖ ਕਿਸੇ ਵੀ ਤਰ੍ਹਾਂ ਦਾ ਗੁਨਾਹ ਕਰੇ ਤਾਂ ਉਹ ਮਾਫ਼ ਕਰਨ ਯੋਗ ਹੈ। ਉਹ ਖੁਦ ਦੇ ਅਧੀਨ ਹੀ ਨਹੀਂ ਹੈ ਵਿਚਾਰਾ! ਉਹ ਕਸ਼ਾਏ ਕਰੇ ਉਸ ਸਮੇਂ ਤੁਹਾਨੂੰ ਡੋਰੀ ਢਿੱਲੀ ਛੱਡ ਦੇਣੀ ਚਾਹੀਦੀ ਹੈ। ਨਹੀਂ ਤਾਂ ਉਸ ਘੜੀ ਸਭ ਉਲਟਾ ਹੀ ਕਰ ਦੇਵੇਗਾ। ਕਸ਼ਾਏ ਦੇ ਅਧੀਨ ਯਾਨੀ ਉਦੈ ਕਰਮ ਦੇ ਅਧੀਨ। ਜਿਵੇਂ ਦਾ ਉਦੈ ਹੋਵੇਗਾ, ਉਸੇ ਤਰ੍ਹਾਂ ਘੁੰਮੇਗਾ।

## 17. ਵਾਰਣ, ਮੂਲ ਕਾਰਣ ਅਭਿਪ੍ਰਾਏ ਦੇ ਲਈ

ਸਾਹਮਣੇ ਵਾਲਾ ਕਿਹੋ ਜਿਹੇ ਵੀ, ਚੰਗੇ ਭਾਵ ਨਾਲ ਜਾਂ ਬੁਰੇ ਭਾਵ ਨਾਲ ਤੁਹਾਡੇ ਕੋਲ ਆਇਆ ਹੋਵੇ, ਪਰ ਉਸ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਨਾ ਹੈ ਇਹ ਤੁਸੀਂ ਦੇਖਣਾ ਹੈ। ਸਾਹਮਣੇ ਵਾਲੇ ਦੀ ਪ੍ਰਕ੍ਰਿਤੀ ਟੇਡੀ ਹੋਵੇ ਤਾਂ ਉਸ ਟੇਡੀ ਪ੍ਰਕ੍ਰਿਤੀ ਦੇ ਨਾਲ ਮੱਥਾ ਨਹੀਂ ਮਾਰਨਾ ਚਾਹੀਦਾ। ਪ੍ਰਕ੍ਰਿਤੀ ਤੋਂ ਹੀ ਜੇ ਉਹ ਚੋਰ ਹੋਵੇ, ਤੁਸੀਂ ਦਸ ਸਾਲਾਂ ਤੋਂ ਉਸਦੀ ਚੋਰੀ ਦੇਖ ਰਹੇ ਹੋ ਅਤੇ ਉਹ ਆ ਕੇ ਤੁਹਾਡੇ ਪੈਰ ਛੂਹਣ ਲੱਗੇ ਤਾਂ ਕੀ ਤੁਹਾਨੂੰ ਉਸ ਉੱਪਰ ਵਿਸ਼ਵਾਸ਼

ਰੱਖਣਾ ਚਾਹੀਦਾ ਹੈ? ਨਹੀ, ਚੋਰੀ ਕਰਨ ਵਾਲੇ ਨੂੰ ਤੁਸੀਂ ਮਾਫ਼ ਕਰ ਦੇਣਾ ਕਿ ਤੂੰ ਜਾ, ਤੈਨੂੰ ਛੱਡ ਦਿੱਤਾ, ਸਾਡੇ ਮਨ ਵਿੱਚ ਤੇਰੇ ਲਈ ਕੁੱਝ ਵੀ ਨਹੀਂ ਹੈ, ਪਰ ਉਸ ਉੱਪਰ ਵਿਸ਼ਵਾਸ ਨਹੀਂ ਰੱਖ ਸਕਦੇ ਅਤੇ ਉਸਦਾ ਫਿਰ ਸੰਗ ਵੀ ਨਹੀਂ ਰੱਖ ਸਕਦੇ। ਇਸਦੇ ਬਾਵਜੂਦ ਸੰਗ ਰੱਖਿਆ ਅਤੇ ਫਿਰ ਵਿਸ਼ਵਾਸ ਨਹੀਂ ਰੱਖੋਗੇ ਤਾਂ ਉਹ ਵੀ ਗੁਨਾਹ ਹੈ। ਅਸਲ ਵਿੱਚ ਸੰਗ ਰੱਖਣਾ ਹੀ ਨਹੀਂ ਅਤੇ ਰੱਖੋ ਤਾਂ ਉਸਦੇ ਲਈ ਪੂਰਵਾਗ੍ਰਹਿ ਨਹੀਂ ਰੱਖਣਾ ਚਾਹੀਦਾ। ਜੋ ਹੋਵੇਗਾ ਉਹ ਹੀ ਸਹੀ ਇਸ ਤਰ੍ਹਾਂ ਰੱਖਣਾ ਚਾਹੀਦਾ ਹੈ।

**ਪ੍ਰਸ਼ਨ ਕਰਤਾ :** ਫਿਰ ਵੀ ਉਲਟਾ ਅਭਿਪ੍ਰਾਏ ਬਣ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਹੋ ਜਾਵੇ ਤਾਂ ਮਾਫ਼ੀ ਮੰਗ ਲੈਣਾ। ਜਿਸਦੇ ਲਈ ਉਲਟਾ ਅਭਿਪ੍ਰਾਏ ਬਣ ਗਿਆ ਹੋਵੇ, ਉਸੇ ਤੋਂ ਮਾਫ਼ੀ ਮੰਗ ਲੈਣਾ।

**ਪ੍ਰਸ਼ਨ ਕਰਤਾ :** ਚੰਗਾ ਅਭਿਪ੍ਰਾਏ ਦੇਣਾ ਚਾਹੀਦਾ ਹੈ ਜਾਂ ਨਹੀ?

**ਦਾਦਾ ਸ਼੍ਰੀ :** ਕੋਈ ਵੀ ਅਭਿਪ੍ਰਾਏ ਨਾ ਦੇਣਾ। ਅਤੇ ਜੇ ਦੇ ਦਿੱਤਾ ਤਾਂ ਉਸਨੂੰ ਮਿਟਾ ਦੇਣਾ। ਮਿਟਾਉਣ ਦਾ ਸਾਧਨ ਹੈ ਤੁਹਾਡੇ ਕੋਲ। ਆਲੋਚਨਾ-ਪ੍ਰਤੀਕ੍ਰਮਣ-ਪ੍ਰਤਿਆਖਿਆਨ ਦਾ 'ਅਚੂਕ ਸ਼ਸ਼ਤਰ'।

**ਪ੍ਰਸ਼ਨ ਕਰਤਾ :** ਗਾੜੇ ਅਭਿਪ੍ਰਾਏ ਕਿਵੇਂ ਮਿਟਾਈਏ?

**ਦਾਦਾ ਸ਼੍ਰੀ :** ਜਦੋ ਤੋਂ ਤੈਅ ਕੀਤਾ ਕਿ ਮਿਟਾਉਣੇ ਹਨ, ਉਦੋਂ ਤੋ ਉਹ ਮਿਟਣੇ ਸ਼ੁਰੂ ਹੋ ਜਾਣਗੇ। ਜੋ ਬਹੁਤ ਗਾੜੇ ਹੋਣ ਉਹਨਾਂ ਨੂੰ ਹਰ-ਰੋਜ਼ ਦੋ-ਦੋ ਘੰਟੇ ਉਖਾੜਦੇ ਰਹੀਏ ਤਾਂ ਉਹ ਮਿਟ ਜਾਣਗੇ। ਆਤਮਾ ਪ੍ਰਾਪਤੀ ਤੋਂ ਬਾਅਦ ਪੁਰਸ਼ਾਰਥ ਧਰਮ ਪ੍ਰਾਪਤ ਹੁੰਦਾ ਹੈ ਅਤੇ ਪੁਰਸ਼ਾਰਥ ਧਰਮ ਪਰਾਕ੍ਰਮ ਤੱਕ ਪਹੁੰਚ ਸਕਦਾ ਹੈ, ਜੋ ਕਿਹੋ ਜਿਹੀ ਵੀ ਅਟਕਣ (ਜੋ ਬੰਧਨ ਰੂਪ ਹੋ ਜਾਵੇ, ਅੱਗੇ ਨਾ ਵੱਧਣ ਦੇਵੇ) ਨੂੰ ਉਖਾੜ ਕੇ ਸੁੱਟ ਸਕੇ। ਪਰ ਇੱਕ ਵਾਰ ਸਮਝ ਲੈਣਾ ਚਾਹੀਦਾ ਹੈ ਕਿ ਇਸ ਕਾਰਣ ਨਾਲ ਇਹ ਉਤਪੰਨ ਹੋਇਆ ਹੈ, ਫਿਰ ਉਸਦੇ ਪ੍ਰਤੀਕ੍ਰਮਣ ਕਰਨਾ।

ਅਭਿਪ੍ਰਾਏ ਨਾ ਬਣ ਜਾਵੇ, ਜ਼ਰਾ ਇੰਨਾ ਹੀ ਦੇਖਣਾ ਚਾਹੀਦਾ ਹੈ। ਸਭ ਤੋਂ ਜਿਆਦਾ ਸੰਭਲਣਾ ਹੈ ਅਭਿਪ੍ਰਾਏ ਦੇ ਲਈ। ਹੋਰ ਕੋਈ ਹਰਜ਼ ਨਹੀਂ ਹੈ। ਕਿਸੇ ਨੂੰ ਦੇਖਣ ਤੋਂ ਪਹਿਲਾਂ ਹੀ ਅਭਿਪ੍ਰਾਏ ਬਣ ਜਾਵੇ, ਇਹ ਸੰਸਾਰ ਜਾਗ੍ਰਿਤੀ ਇੰਨੀ ਜਿਆਦਾ ਹੈ ਕਿ ਅਭਿਪ੍ਰਾਏ ਬਣ ਜਾਂਦੇ ਹਨ। ਸੋ: ਅਭਿਪ੍ਰਾਏ ਬਣਦੇ ਹੀ ਉਸਨੂੰ ਮਿਟਾ ਦੇਣਾ। ਅਭਿਪ੍ਰਾਏ ਦੇ ਬਾਰੇ ਤਾਂ ਬਹੁਤ ਹੀ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਅਰਥਾਤ ਅਭਿਪ੍ਰਾਏ ਬਣਨਗੇ ਜ਼ਰੂਰ, ਪਰ ਤੁਰੰਤ ਤੁਹਾਨੂੰ ਮਿਟਾ ਦੇਣੇ ਚਾਹੀਦੇ ਹਨ। ਪ੍ਰਕ੍ਰਿਤੀ ਅਭਿਪ੍ਰਾਏ ਬਣਾਉਂਦੀ ਹੈ ਅਤੇ ਪ੍ਰਗਿਆ ਸ਼ਕਤੀ ਅਭਿਪ੍ਰਾਏ ਤੋਂ ਛੁਡਾਉਂਦੀ ਰਹਿੰਦੀ ਹੈ। ਪ੍ਰਕ੍ਰਿਤੀ ਅਭਿਪ੍ਰਾਏ ਬਣਾਉਂਦੀ ਰਹੇਗੀ, ਕੁੱਝ ਸਮੇਂ ਤੱਕ ਬਣਾਉਂਦੀ ਹੀ ਰਹੇਗੀ ਪਰ ਤੁਸੀਂ ਉਹਨਾਂ ਨੂੰ ਮਿਟਾਉਂਦੇ ਰਹਿਣਾ। ਅਭਿਪ੍ਰਾਏ ਬਣ ਗਏ ਉਸੇ ਦਾ ਤਾਂ ਇਹ ਸਭ ਝੰਜਟ ਹੈ।

**ਪ੍ਰਸ਼ਨ ਕਰਤਾ** : ਅਭਿਪ੍ਰਾਏ ਬਣ ਜਾਵੇ ਤਾਂ ਉਸ ਨੂੰ ਕਿਵੇਂ ਮਿਟਾਈਏ?

**ਦਾਦਾ ਸ਼੍ਰੀ** : ਅਭਿਪ੍ਰਾਏ ਮਿਟਾਉਣ ਦੇ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ ਕਿ, 'ਇਸ ਆਦਮੀ ਦੇ ਲਈ ਮੇਰਾ ਇਹ ਅਭਿਪ੍ਰਾਏ ਬਣ ਗਿਆ ਹੈ, ਇਹ ਗਲਤ ਹੈ, ਅਸੀਂ ਏਦਾਂ ਕਿਵੇਂ ਮੰਨ ਸਕਦੇ ਹਾਂ?' ਏਦਾਂ ਕਹਿਣ ਨਾਲ ਅਭਿਪ੍ਰਾਏ ਮਿਟ ਜਾਵੇਗਾ। ਤੁਸੀਂ ਜਾਹਿਰ ਕਰੋ ਕਿ 'ਇਹ ਅਭਿਪ੍ਰਾਏ ਗਲਤ ਹੈ।' ਇਸ ਆਦਮੀ ਦੇ ਲਈ ਕੀ ਭਲਾ ਇਹੋ ਜਿਹਾ ਅਭਿਪ੍ਰਾਏ ਰੱਖਣਾ ਚਾਹੀਦਾ ਹੈ? ਇਹ ਤੁਸੀਂ ਕੀ ਕਰ ਰਹੇ ਹੋ? ਇਸ ਤਰ੍ਹਾਂ ਉਸ ਅਭਿਪ੍ਰਾਏ ਨੂੰ ਗਲਤ ਕਰਾਰ ਦਿੱਤਾ, ਤਾਂ ਉਹ ਮਿਟ ਜਾਵੇਗਾ।

ਪ੍ਰਤੀਕ੍ਰਮਣ ਨਹੀਂ ਕਰੋਗੇ ਤਾਂ ਤੁਹਾਡਾ ਅਭਿਪ੍ਰਾਏ ਹਮੇਸ਼ਾ ਬਣਿਆ ਰਹੇਗਾ, ਜਿਸ ਨਾਲ ਤੁਸੀਂ ਬੰਧਨ ਵਿੱਚ ਰਹੋਗੇ। ਜੋ ਦੋਸ਼ ਹੋਇਆ ਉਸ ਵਿੱਚ ਤੁਹਾਡਾ ਅਭਿਪ੍ਰਾਏ ਰਿਹਾ। ਇਹ ਪ੍ਰਤੀਕ੍ਰਮਣ ਕਰੋਗੇ ਤਾਂ ਤੁਹਾਡਾ ਅਭਿਪ੍ਰਾਏ ਟੁੱਟ ਗਿਆ। ਅਭਿਪ੍ਰਾਇਆਂ ਤੋਂ ਹੀ ਮਨ ਉਤਪੰਨ ਹੋਇਆ ਹੈ। ਦੇਖੋ, ਮੈਨੂੰ ਕਿਸੇ ਮਨੁੱਖ ਦੇ ਲਈ ਕੋਈ ਵੀ ਅਭਿਪ੍ਰਾਏ ਨਹੀਂ ਹੈ, ਕਿਉਂਕਿ ਇੱਕ ਹੀ ਵਾਰ ਦੇਖ ਲੈਣ ਤੋਂ ਬਾਅਦ ਮੈਂ ਅਭਿਪ੍ਰਾਏ ਬਦਲਦਾ ਨਹੀਂ ਹਾਂ। ਕੋਈ ਮਨੁੱਖ

ਸੰਯੋਗ ਅਨੁਸਾਰ ਚੋਰੀ ਕਰੇ, ਅਤੇ ਮੈਂ ਖੁਦ ਦੇਖਾਂ ਤਾਂ ਵੀ ਮੈਂ ਉਸਨੂੰ ਚੋਰ ਨਹੀਂ ਕਹਾਂਗਾ, ਕਿਉਂਕਿ ਸੰਯੋਗ ਅਨੁਸਾਰ ਹੈ। ਜਗਤ ਦੇ ਲੋਕ ਕੀ ਕਹਿੰਦੇ ਹਨ ਕਿ ਜੋ ਫੜਿਆ ਗਿਆ ਉਸਨੂੰ ਚੋਰ ਕਹਿੰਦੇ ਹਨ। ਸੰਯੋਗ ਅਨੁਸਾਰ ਸੀ ਜਾਂ ਹਮੇਸ਼ਾ ਤੋਂ ਚੋਰ ਸੀ, ਲੋਕ ਏਦਾਂ ਕੁੱਝ ਪਰਵਾਹ ਨਹੀਂ ਕਰਦੇ। ਮੈਂ ਤਾਂ, ਜੋ ਹਮੇਸ਼ਾ ਤੋ ਚੋਰ ਹੈ, ਉਸਨੂੰ ਚੋਰ ਕਹਿੰਦਾ ਹਾਂ। ਅਤੇ ਸੰਯੋਗ ਅਨੁਸਾਰ ਵਾਲੇ ਨੂੰ ਮੈਂ ਚੋਰ ਨਹੀਂ ਕਹਿੰਦਾ। ਅਰਥਾਤ ਮੈਂ ਤਾਂ, ਜੇ ਇੱਕ ਅਭਿਪ੍ਰਾਏ ਬਣ ਜਾਵੇ, ਫਿਰ ਅਭਿਪ੍ਰਾਏ ਬਦਲਦਾ ਹੀ ਨਹੀ। ਕਿਸੇ ਵੀ ਆਦਮੀ ਦੇ ਲਈ ਮੈਂ ਅੱਜ ਤੱਕ ਅਭਿਪ੍ਰਾਏ ਬਦਲਿਆ ਹੀ ਨਹੀ।

ਤੁਸੀਂ ਸ਼ੁੱਧ ਹੋ ਗਏ ਅਤੇ ਚੰਦੂਭਾਈ ਨੂੰ ਸ਼ੁੱਧ ਕਰਨਾ, ਇਹ ਤੁਹਾਡਾ ਫਰਜ਼ ਹੈ। ਇਹ ਪੁਦਗਲ ਕੀ ਕਹਿੰਦਾ ਹੈ ਕਿ ਭਾਈ, ਅਸੀਂ ਸ਼ੁੱਧ ਹੀ ਸੀ। ਤੁਸੀਂ ਭਾਵ ਕਰਕੇ ਸਾਨੂੰ ਵਿਗਾੜਿਆ ਅਤੇ ਇਸ ਸਥਿਤੀ ਤੱਕ ਸਾਨੂੰ ਵਿਗਾੜਿਆ। ਨਹੀਂ ਤਾਂ ਸਾਡੇ ਵਿੱਚ ਲਹੂ, ਪੀਬ, ਹੱਡੀਆਂ ਕੁੱਝ ਵੀ ਨਹੀਂ ਸੀ। ਅਸੀਂ ਸ਼ੁੱਧ ਸੀ, ਤੁਸੀਂ ਸਾਨੂੰ ਵਿਗਾੜਿਆ। ਇਸ ਲਈ ਤੁਹਾਨੂੰ ਜੇ ਮੋਕਸ਼ ਵਿਚ ਜਾਣਾ ਹੋਵੇ ਤਾਂ ਸਿਰਫ ਤੁਸੀਂ ਹੀ ਸ਼ੁੱਧ ਹੋ ਗਏ ਉਸ ਨਾਲ ਨਹੀਂ ਚੱਲੇਗਾ। ਸਾਨੂੰ ਸ਼ੁੱਧ ਕਰੋਗੇ ਤਾਂ ਹੀ ਤੁਹਾਡਾ ਛੁੱਟਕਾਰਾ ਹੋਵੇਗਾ।

## 18. ਜੋ ਵਿਸ਼ੇ ਨੂੰ ਜਿੱਤ ਲਵੇ, ਉਹ ਰਾਜਿਆਂ ਦਾ ਰਾਜਾ

**ਪ੍ਰਸ਼ਨ ਕਰਤਾ :** ਇੱਕ ਵਾਰ ਵਿਸ਼ੇ ਦਾ ਬੀਜ ਪੈ ਗਿਆ ਹੋਵੇ, ਤਾਂ ਉਹ ਰੂਪਕ ਵਿੱਚ ਤਾਂ ਆਵੇਗਾ ਹੀ ਨਾ?

**ਦਾਦਾ ਸ਼੍ਰੀ :** ਬੀਜ ਪੈ ਹੀ ਜਾਂਦਾ ਹੈ। ਉਹ ਰੂਪਕ ਵਿੱਚ ਆਵੇਗਾ ਪਰ ਜਦੋ ਤੱਕ ਉਸ ਦੀਆਂ ਜੜ੍ਹਾਂ ਨਹੀਂ ਜੰਮੀਆਂ, ਉਦੋ ਤੱਕ ਘੱਟ-ਵੱਧ ਹੋ ਸਕਦਾ ਹੈ। ਯਾਨੀ ਮਰਨ ਤੋਂ ਪਹਿਲਾਂ ਉਹ ਸ਼ੁੱਧ ਹੋ ਸਕਦਾ ਹੈ।

ਇਸ ਲਈ ਅਸੀਂ ਵਿਸ਼ੇ ਦੇ ਦੋਸ਼ ਵਾਲਿਆਂ ਨੂੰ ਕਹਿੰਦੇ ਹਾਂ ਕਿ ਵਿਸ਼ੇ ਦੇ ਦੋਸ਼ ਹੋਏ ਹੋਣ, ਹੋਰ ਦੋਸ਼ ਹੋਏ ਹੋਣ, ਤਾਂ ਤੂੰ ਐਤਵਾਰ ਦੇ ਦਿਨ ਉਪਵਾਸ (ਵਰਤ) ਰੱਖਣਾ ਅਤੇ ਪੂਰੇ ਦਿਨ ਇਹੀ ਸੋਚ-ਵਿਚਾਰ ਕਰਕੇ ਉਸਨੂੰ

ਬਾਰ-ਬਾਰ ਧੋਂਦੇ ਰਹਿਣਾ। ਇਸ ਤਰ੍ਹਾਂ ਆਗਿਆ ਅਨੁਸਾਰ ਕਰੇ ਨਾ ਤਾਂ ਕੰਮ ਹੋ ਜਾਵੇਗਾ।

ਹੁਣ ਸਿਰਫ਼ ਅੱਖਾਂ ਨੂੰ ਸੰਭਾਲ ਲੈਣਾ। ਪਹਿਲਾਂ ਤਾਂ ਬਹੁਤ ਸਖ਼ਤ ਲੋਕ ਸਨ, ਅੱਖਾਂ ਫੋੜ ਦਿੰਦੇ ਸਨ। ਤੁਹਾਨੂੰ ਅੱਖਾਂ ਨਹੀਂ ਫੋੜਨੀਆਂ ਹਨ। ਉਹ ਮੂਰਖਤਾ ਹੈ। ਤੁਹਾਨੂੰ ਅੱਖਾਂ ਹਟਾ ਦੇਣੀਆਂ ਹਨ। ਉਸਦੇ ਬਾਵਜੂਦ ਦੇਖ ਲਿਆ ਤਾਂ ਪ੍ਰਤੀਕ੍ਰਮਣ ਕਰ ਲੈਣਾ। ਇੱਕ ਮਿੰਟ ਦੇ ਲਈ ਵੀ ਪ੍ਰਤੀਕ੍ਰਮਣ ਕਰਨਾ ਨਾ ਛੱਡਣਾ। ਖਾਣ-ਪੀਣ ਵਿੱਚ ਉਲਟਾ ਹੋ ਗਿਆ ਹੋਵੇਗਾ ਤਾਂ ਚੱਲੇਗਾ। ਸੰਸਾਰ ਦਾ ਸਭ ਤੋਂ ਵੱਡਾ ਰੋਗ ਹੀ ਇਹ ਹੈ। ਇਸੇ ਦੀ ਵਜ੍ਹਾ ਨਾਲ ਸੰਸਾਰ ਖੜ੍ਹਾ ਹੈ। ਇਸਦੀਆਂ ਜੜ੍ਹਾਂ ਤੇ ਸੰਸਾਰ ਖੜ੍ਹਾ ਹੈ। ਇਹੀ ਉਸਦੀ ਜੜ੍ਹ ਹੈ।

ਹੱਕ ਦਾ ਖਾਏ ਤਾਂ ਮਨੁੱਖ ਵਿੱਚ ਆਵੇਗਾ, ਅਣਹੱਕ ਦਾ ਖਾਏ ਤਾਂ ਜਾਨਵਰ ਵਿੱਚ ਜਾਵੇਗਾ।

**ਪ੍ਰਸ਼ਨ ਕਰਤਾ :** ਅਸੀਂ ਅਣਹੱਕ ਦਾ ਤਾਂ ਖਾਧਾ ਹੈ।

**ਦਾਦਾ ਸ਼੍ਰੀ :** ਖਾਧਾ ਹੈ ਤਾਂ ਹੁਣ ਪ੍ਰਤੀਕ੍ਰਮਣ ਕਰੋ, ਹਾਲੇ ਵੀ ਭਗਵਾਨ ਬਚਾ ਲੈਣਗੇ। ਹਾਲੇ ਵੀ ਮੰਦਿਰ ਜਾ ਕੇ ਪਛਚਾਤਾਪ ਕਰੋ। ਅਣਹੱਕ ਦਾ ਖਾ ਲਿਆ ਹੋਵੇ ਤਾਂ ਹੁਣ ਪਛਚਾਤਾਪ ਕਰੋ, ਹਾਲੇ ਜਿੰਦਾ ਹੋ। ਇਸ ਦੇਹ ਵਿੱਚ ਹੋ ਉਦੋ ਤੱਕ ਪਛਚਾਤਾਪ ਕਰੋ।

**ਪ੍ਰਸ਼ਨ ਕਰਤਾ :** ਇੱਕ ਡਰ ਲੱਗ ਰਿਹਾ ਹੈ, ਹੁਣੇ ਤੁਸੀਂ ਕਿਹਾ ਕਿ ਸੱਤਰ ਪ੍ਰਤੀਸ਼ਤ ਲੋਕ ਵਾਪਸ ਚਾਰ ਪੈਰ ਵਿੱਚ ਜਾਣ ਵਾਲੇ ਹਨ ਤਾਂ ਹੁਣ ਸਾਡੇ ਕੋਲ ਟਾਈਮ ਹੈ ਜਾਂ ਨਹੀ?

**ਦਾਦਾ ਸ਼੍ਰੀ :** ਨਹੀਂ, ਨਹੀਂ। ਟਾਈਮ ਨਹੀਂ ਰਿਹਾ, ਇਸ ਲਈ ਹੁਣ ਕੁੱਝ ਸਾਵਧਾਨੀ ਰੱਖੋ.....

**ਪ੍ਰਸ਼ਨ ਕਰਤਾ :** ਮਹਾਤਮਾਵਾਂ ਦੀ ਗੱਲ ਕਰ ਰਹੇ ਹਾਂ।

**ਦਾਦਾ ਸ਼੍ਰੀ :** ਮਹਾਤਮਾ, ਜੇ ਮੇਰੀ ਆਗਿਆ ਵਿੱਚ ਰਹਿਣ ਤਾਂ ਉਹਨਾਂ ਦਾ ਕੋਈ ਨਾਮ ਦੇਣਵਾਲਾ ਨਹੀਂ ਹੈ ਇਸ ਦੁਨੀਆ ਵਿੱਚ।

ਇਸ ਲਈ ਲੋਕਾਂ ਨੂੰ ਕੀ ਕਹਿੰਦਾ ਹਾਂ ਕਿ ਹਾਲੇ ਵੀ ਸਾਵਧਾਨ ਹੋ ਸਕੋ ਤਾਂ ਹੋ ਜਾਓ। ਹਾਲੇ ਵੀ ਮਾਫ਼ੀ ਮੰਗ ਲਓਗੇ ਤਾਂ ਮਾਫ਼ੀ ਮੰਗਣ ਦਾ ਰਸਤਾ ਹੈ।

ਕਿਸੇ ਰਿਸ਼ਤੇਦਾਰ ਨੂੰ ਅਸੀਂ ਇੰਨੀ ਲੰਬੀ ਚਿੱਠੀ ਲਿਖੀ ਹੋਵੇ, ਅਤੇ ਅੰਦਰ ਬਹੁਤ ਸਾਰੀਆਂ ਗਾਲ੍ਹਾ ਲਿਖੀਆਂ ਹੋਣ, ਪੂਰੀ ਚਿੱਠੀ ਸਿਰਫ਼ ਗਾਲ੍ਹਾਂ ਨਾਲ ਹੀ ਭਰੀ ਹੋਵੇ, ਅਤੇ ਫਿਰ ਹੇਠਾਂ ਲਿਖੇ ਕਿ ਅੱਜ ਘਰਵਾਲੀ ਦੇ ਨਾਲ ਝਗੜਾ ਹੋ ਗਿਆ ਸੀ, ਇਸ ਲਈ ਤੁਹਾਨੂੰ ਇਸ ਤਰ੍ਹਾਂ ਲਿਖ ਦਿੱਤਾ ਪਰ ਮੈਨੂੰ ਮਾਫ਼ ਕਰ ਦੇਣਾ। ਤਾਂ ਸਾਰੀਆਂ ਗਾਲ੍ਹਾਂ ਮਿਟ ਜਾਣਗੀਆਂ ਜਾਂ ਨਹੀਂ ਮਿਟ ਜਾਣਗੀਆਂ? ਅਰਥਾਤ ਪੜ੍ਹਨ ਵਾਲਾ ਸਾਰੀਆ ਗਾਲ੍ਹਾ ਪੜ੍ਹੇਗਾ, ਖੁਦ ਗਾਲ੍ਹਾਂ ਸਵੀਕਾਰ ਵੀ ਕਰੇਗਾ ਅਤੇ ਫਿਰ ਮਾਫ਼ ਵੀ ਕਰੇਗਾ! ਯਾਨੀ ਇਹੋ ਜਿਹੀ ਇਹ ਦੁਨੀਆ ਹੈ। ਇਸ ਲਈ ਅਸੀਂ ਤਾਂ ਕਹਿੰਦੇ ਹਾਂ ਕਿ ਮਾਫ਼ੀ ਮੰਗ ਲੈਣਾ, ਤੁਹਾਡੇ ਇਸ਼ਟਦੇਵ ਤੋਂ ਮੰਗ ਲੈਣਾ। ਅਤੇ ਨਹੀਂ ਤਾਂ ਮੈਥੋਂ ਮੰਗ ਲੈਣਾ। ਮੈ ਤੁਹਾਨੂੰ ਮਾਫ਼ ਕਰਵਾ ਦੇਵਾਂਗਾ। ਪਰ ਬਹੁਤ ਵਿਚਿੱਤਰ ਕਾਲ ਆ ਰਿਹਾ ਹੈ ਅਤੇ ਉਸ ਵਿੱਚ ਚੰਦੂਭਾਈ ਵੀ ਆਪਣੀ ਮਨਮਾਨੀ ਕਰਦੇ ਹਨ। ਉਸਦਾ ਅਰਥ ਹੀ ਨਹੀਂ ਹੈ ਨਾ! ਜਿੰਮੇਦਾਰੀ ਨਾਲ ਭਰਿਆ ਹੋਇਆ ਜੀਵਨ! ਇਸ ਲਈ ਸੱਤਰ ਪ੍ਰਤੀਸ਼ਤ ਤਾਂ ਮੈਂ ਡਰਦੇ-ਡਰਦੇ ਕਹਿੰਦਾ ਹਾਂ। ਹਾਲੇ ਵੀ ਸਾਵਧਾਨ ਹੋਣਾ ਹੋਵੇ ਤਾਂ ਹੋ ਜਾਣਾ। ਤੁਹਾਨੂੰ ਇਹ ਆਖਰੀ ਭਰੋਸਾ ਦੇ ਰਹੇ ਹਾਂ। ਭਿਅੰਕਰ ਦੁੱਖ! ਹਾਲੇ ਵੀ ਪ੍ਰਤੀਕ੍ਰਮਣ ਰੂਪੀ ਹਥਿਆਰ ਦੇ ਰਹੇ ਹਾਂ। ਪ੍ਰਤੀਕ੍ਰਮਣ ਕਰੋਗੇ ਤਾਂ ਹਾਲੇ ਵੀ ਬਚਣ ਦਾ ਕੁੱਝ ਅਵਕਾਸ਼ (ਟਾਈਮ) ਹੈ ਅਤੇ ਸਾਡੀ ਆਗਿਆ ਨਾਲ ਕਰੋਗੇ ਤਾਂ ਤੁਹਾਡਾ ਤੁਰੰਤ ਕਲਿਆਣ ਹੋ ਜਾਵੇਗਾ। ਪਾਪ ਭੁਗਤਣੇ ਪੈਣਗੇ ਪਰ ਇੰਨੇ ਸਾਰੇ ਨਹੀ।

ਹਜਾਰਾਂ ਲੋਕਾਂ ਦੀ ਹਾਜਰੀ ਵਿੱਚ ਕੋਈ ਕਹੇ ਕਿ, 'ਚੰਦੂਭਾਈ ਵਿੱਚ ਅਕਲ ਨਹੀਂ ਹੈ।' ਉਦੋਂ ਤੁਹਾਨੂੰ ਆਸ਼ੀਰਵਾਦ ਦੇਣ ਦਾ ਮਨ ਹੋਵੇ ਕਿ

'ਓ...ਹੋ...ਹੋ! ਮੈਨੂੰ ਪਤਾ ਸੀ ਕਿ ਚੰਦੂਭਾਈ ਵਿੱਚ ਅਕਲ ਨਹੀਂ ਹੈ ਪਰ ਇਹ ਤਾਂ ਉਹ ਵੀ ਜਾਣਦੇ ਹਨ,' ਤਾਂ ਜੁਦਾਪਨ ਰਹੇਗਾ!

ਇਸ ਚੰਦੂਭਾਈ ਨੂੰ ਅਸੀਂ ਰੋਜ਼ ਬੁਲਾਉਂਦੇ ਹਾਂ ਕਿ 'ਆਓ ਚੰਦੂਭਾਈ, ਆਓ!' ਅਤੇ ਫਿਰ ਇੱਕ ਦਿਨ ਨਹੀਂ ਬੁਲਾਉਂਦੇ, ਉਸਦਾ ਕੀ ਕਾਰਣ ਹੈ? ਉਹਨਾਂ ਨੂੰ ਵਿਚਾਰ ਆਵੇਗਾ ਕਿ ਅੱਜ ਮੈਨੂੰ ਅੱਗੇ ਨਹੀਂ ਬੁਲਾਇਆ। ਅਸੀਂ ਉਸਨੂੰ ਚੜ੍ਹਾਉਂਦੇ ਹਾਂ, ਗਿਰਾਉਂਦੇ ਹਾਂ, ਚੜ੍ਹਾਉਂਦੇ ਹਾਂ ਅਤੇ ਗਿਰਾਉਂਦੇ ਹਾਂ, ਇਸ ਤਰ੍ਹਾਂ ਕਰਦੇ-ਕਰਦੇ ਉਹ ਗਿਆਨ ਪ੍ਰਾਪਤ ਕਰਦਾ ਹੈ। ਸਾਡੀਆਂ ਸਾਰੀਆਂ ਕਿਰਿਆਵਾਂ ਗਿਆਨ ਪ੍ਰਾਪਤ ਕਰਨ ਦੇ ਲਈ ਹਨ। ਹਰ ਇੱਕ ਦੇ ਨਾਲ ਅਲੱਗ-ਅਲੱਗ ਰਹਿੰਦੀਆ ਹਨ, ਉਸਦੀ ਪ੍ਰਕ੍ਰਿਤੀ ਨਿਕਲ ਹੀ ਜਾਣੀ ਚਾਹੀਦੀ ਹੈ ਨਾ! ਪ੍ਰਕ੍ਰਿਤੀ ਤਾਂ ਖ਼ਤਮ ਕਰਨੀ ਹੀ ਪਵੇਗੀ। ਪਰਾਈ ਚੀਜ਼ ਕਦੋਂ ਤੱਕ ਸਾਡੇ ਕੋਲ ਰਹੇਗੀ?

**ਪ੍ਰਸ਼ਨ ਕਰਤਾ :** ਸੱਚੀ ਗੱਲ ਹੈ, ਪ੍ਰਕ੍ਰਿਤੀ ਖਤਮ ਕੀਤੇ ਬਿਨਾਂ ਛੁਟਕਾਰਾ ਹੀ ਨਹੀਂ ਹੈ।

**ਦਾਦਾ ਸ਼੍ਰੀ :** ਹੂੰ। ਸਾਡੀ ਤਾਂ ਕੁਦਰਤ ਨੇ ਖਤਮ ਕਰ ਦਿੱਤੀ, ਸਾਡੀ ਤਾਂ ਗਿਆਨ ਨਾਲ ਖਤਮ ਹੋਈ। ਅਤੇ ਤੁਹਾਡੀ ਤਾਂ ਅਸੀਂ ਖਤਮ ਕਰ ਦੇਵਾਂਗੇ, ਨਿਮਿਤ ਹਾਂ ਨਾ!

## 19. ਝੂਠ ਦੇ ਆਦੀ ਨੂੰ

**ਪ੍ਰਸ਼ਨ ਕਰਤਾ :** ਅਸੀਂ ਜੇ ਝੂਠ ਬੋਲਿਆ ਹੋਵੇ ਤਾਂ ਉਹ ਵੀ ਕਰਮ ਬੰਨਿਆ ਕਹਾਵੇਗਾ ਨਾ?

**ਦਾਦਾ ਸ਼੍ਰੀ :** ਬਿਲਕੁਲ! ਪਰ ਝੂਠ ਬੋਲਿਆ ਹੋਵੇ, ਉਸਦੇ ਬਜਾਏ ਝੂਠ ਬੋਲਣ ਦਾ ਭਾਵ ਕਰਦੇ ਹੋ, ਉਹ ਭਾਰੀ ਕਰਮ ਕਹਾਵੇਗਾ। ਝੂਠ ਬੋਲਣਾ ਉਹ ਤਾਂ ਕਰਮ ਫਲ਼ ਹੈ। ਝੂਠ ਬੋਲਣ ਦਾ ਭਾਵ, ਝੂਠ ਬੋਲਣ ਦਾ ਸਾਡਾ ਨਿਸ਼ਚੈ, ਉਹ ਹੀ ਕਰਮ ਬੰਨਦਾ ਹੈ। ਤੁਹਾਡੀ ਸਮਝ ਵਿੱਚ ਆਇਆ? ਇਹ ਵਾਕ ਤੁਹਾਡੀ ਕੁੱਝ ਹੈਲਪ ਕਰੇਗਾ? ਕੀ ਹੈਲਪ ਕਰੇਗਾ?

**ਪ੍ਰਸ਼ਨ ਕਰਤਾ :** ਝੂਠ ਬੋਲਣ ਤੋਂ ਰੁਕਣਾ ਚਾਹੀਦਾ ਹੈ।

**ਦਾਦਾ ਸ਼੍ਰੀ :** ਨਹੀ, ਝੂਠ ਬੋਲਣ ਦਾ ਅਭਿਪ੍ਰਾਏ ਹੀ ਛੱਡ ਦੇਣਾ ਚਾਹੀਦਾ ਹੈ। ਅਤੇ ਝੂਠ ਬੋਲ ਦਿੱਤਾ ਤਾਂ ਪਛਚਾਤਾਪ ਕਰਨਾ ਚਾਹੀਦਾ ਹੈ ਕਿ 'ਕੀ ਕਰਾਂ? ਇਸ ਤਰ੍ਹਾਂ ਝੂਠ ਨਹੀਂ ਬੋਲਣਾ ਚਾਹੀਦਾ।' ਪਰ ਝੂਠ ਬੋਲਣਾ ਬੰਦ ਨਹੀਂ ਹੋਵੇਗਾ, ਪਰ ਉਹ ਅਭਿਪ੍ਰਾਏ ਬੰਦ ਹੋ ਜਾਵੇਗਾ। 'ਹੁਣ ਅੱਜ ਤੋਂ ਝੂਠ ਨਹੀਂ ਬੋਲਾਂਗਾ, ਝੂਠ ਬੋਲਣਾ ਉਹ ਮਹਾਂਪਾਪ ਹੈ, ਮਹਾਂ ਦੁਖਦਾਈ ਹੈ, ਅਤੇ ਝੂਠ ਬੋਲਣਾ ਉਹੀ ਬੰਧਨ ਹੈ।' ਇਹ ਅਭਿਪ੍ਰਾਏ ਜੇ ਤੁਹਾਡਾ ਹੋ ਗਿਆ ਤਾਂ ਤੁਹਾਡੇ ਝੂਠ ਬੋਲਣ ਨਾਲ ਸਬੰਧਿਤ ਸਾਰੇ ਪਾਪ ਬੰਦ ਹੋ ਜਾਣਗੇ।

ਰਿਲੇਟਿਵ ਧਰਮ ਕਿਹੋ ਜਿਹਾ ਹੋਣਾ ਚਾਹੀਦਾ ਹੈ? ਕਿ ਝੂਠ ਬੋਲ ਦਿੱਤਾ ਤਾਂ ਬੋਲੋ, ਪਰ ਉਸਦਾ ਪ੍ਰਤੀਕ੍ਰਮਣ ਕਰੋ।

## 20. ਜਾਗ੍ਰਿਤੀ, ਬਾਣੀ ਨਿਕਲੇ ਉਦੋਂ...

ਮਨ ਦੀ ਓਨੀ ਪਰੇਸ਼ਾਨੀ ਨਹੀਂ ਹੈ, ਬਾਣੀ ਦੀ ਪਰੇਸ਼ਾਨੀ ਹੈ। ਕਿਉਂਕਿ ਮਨ ਤਾਂ ਗੁਪਤ ਤਰੀਕੇ ਨਾਲ ਚੱਲਦਾ ਹੈ, ਪਰ ਬਾਣੀ ਤਾਂ ਸਾਹਮਣੇ ਵਾਲੇ ਦੀ ਛਾਤੀ ਤੇ ਜ਼ਖਮ ਕਰਦੀ ਹੈ। ਇਸ ਲਈ ਇਸ ਬਾਣੀ ਨਾਲ ਜਿਹੜੇ-ਜਿਹੜੇ ਲੋਕਾਂ ਨੂੰ ਦੁੱਖ ਹੋਇਆ ਹੋਵੇ ਉਹਨਾਂ ਸਭ ਦੀ ਮਾਫ਼ੀ ਮੰਗਦਾ ਹਾਂ, ਇਸ ਤਰ੍ਹਾਂ ਪ੍ਰਤੀਕ੍ਰਮਣ ਕਰ ਸਕਦੇ ਹੋ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਨਾਲ ਬਾਣੀ ਦੇ ਸਾਰੇ ਦੋਸ਼ ਮਾਫ਼ ਹੋ ਜਾਣਗੇ ਨਾ?

**ਦਾਦਾ ਸ਼੍ਰੀ :** ਦੋਸ਼ਾਂ ਦਾ ਵਜੂਦ ਰਹੇਗਾ, ਪਰ ਜਲ਼ੀ ਹੋਈ ਰੱਸੀ ਦੀ ਤਰ੍ਹਾਂ ਰਹੇਗਾ। ਯਾਨੀ ਅਗਲੇ ਜਨਮ ਵਿੱਚ ਏਦਾਂ ਕੀਤਾ ਕਿ ਸਭ ਝੜ ਜਾਣਗੇ, ਪ੍ਰਤੀਕ੍ਰਮਣ ਨਾਲ। ਉਸ ਵਿੱਚੋਂ ਸਤਵ ਉਡ ਜਾਵੇਗਾ ਸਾਰਾ।

ਕਰਤਾ ਦਾ ਆਧਾਰ ਰਹੇਗਾ ਤਾਂ ਕਰਮ ਬੰਨੇ ਜਾਣਗੇ। ਹੁਣ ਤੁਸੀਂ ਕਰਤਾ ਨਹੀਂ ਹੋ, ਹੁਣ ਪਿਛਲੇ ਕਰਮ ਜੋ ਸੀ, ਉਹ ਫਲ਼ ਦੇ ਕੇ ਜਾਣਗੇ। ਨਵੇਂ ਕਰਮ ਨਹੀਂ ਬੰਨੇ ਜਾਣਗੇ।

**ਪ੍ਰਸ਼ਨ ਕਰਤਾ :** ਮਨੁੱਖ ਚਿੜ ਕੇ ਬੋਲੇ ਉਹ ਅਤੀਕ੍ਰਮਣ ਨਹੀਂ ਹੋਇਆ?

**ਦਾਦਾ ਸ਼੍ਰੀ :** ਅਤੀਕ੍ਰਮਣ ਹੀ ਕਹਾਵੇਗਾ।

**ਪ੍ਰਸ਼ਨ ਕਰਤਾ :** ਕਿਸੇ ਨੂੰ ਦੁੱਖ ਹੋਵੇ ਇਹੋ ਜਿਹੀ ਬਾਣੀ ਨਿਕਲ ਗਈ ਅਤੇ ਉਸਦਾ ਪ੍ਰਤੀਕ੍ਰਮਣ ਨਹੀਂ ਕੀਤਾ ਤਾਂ ਕੀ ਹੋਵੇਗਾ?

**ਦਾਦਾ ਸ਼੍ਰੀ :** ਇਹੋ ਜਿਹੀ ਬਾਣੀ ਨਿਕਲ ਗਈ, ਤਾਂ ਉਸ ਨਾਲ ਤਾਂ ਸਾਹਮਣੇ ਵਾਲੇ ਨੂੰ ਦੁੱਖ ਲੱਗੇਗਾ, ਇਸ ਨਾਲ ਉਸ ਨੂੰ ਦੁੱਖ ਹੋਵੇਗਾ। ਸਾਹਮਣੇ ਵਾਲੇ ਨੂੰ ਦੁੱਖ ਹੋਵੇ ਉਹ ਤੁਹਾਨੂੰ ਕਿਵੇਂ ਚੰਗਾ ਲੱਗੇਗਾ?

**ਪ੍ਰਸ਼ਨ ਕਰਤਾ :** ਉਸ ਨਾਲ ਬੰਧਨ ਹੋਵੇਗਾ?

**ਦਾਦਾ ਸ਼੍ਰੀ :** ਇਹ ਨਿਯਮ ਦੇ ਵਿਰੁੱਧ ਕਹਾਵੇਗਾ ਨਾ? ਨਿਯਮ ਦੇ ਵਿਰੁੱਧ ਹੈ ਨਾ? ਨਿਯਮ ਦੇ ਵਿਰੁੱਧ ਤਾਂ ਹੋਣਾ ਹੀ ਨਹੀਂ ਚਾਹੀਦਾ ਨਾ? ਸਾਡੀ ਆਗਿਆ ਦਾ ਪਾਲਣ ਕਰੋ, ਉਹ ਧਰਮ ਕਹਾਵੇਗਾ। ਅਤੇ ਪ੍ਰਤੀਕ੍ਰਮਣ ਕਰਨ ਵਿੱਚ ਨੁਕਸਾਨ ਕੀ ਹੈ ਤੁਹਾਨੂੰ? ਮਾਫ਼ੀ ਮੰਗ ਲਓ ਅਤੇ ਫਿਰ ਤੋਂ ਇਹੋ ਜਿਹਾ ਨਹੀਂ ਕਰਾਂਗਾ, ਇਹੋ ਜਿਹੇ ਭਾਵ ਵੀ ਰੱਖਣੇ ਹਨ। ਬੱਸ ਇੰਨਾ ਹੀ। ਸੰਖੇਪ ਵਿੱਚ ਕਰ ਦੇਣਾ ਹੈ। ਉਸ ਵਿੱਚ ਭਗਵਾਨ ਕੀ ਕਰੇ? ਉਸ ਵਿੱਚ ਨਿਆਂ ਕਿੱਥੇ ਦੇਖਣਾ ਹੁੰਦਾ ਹੈ? ਜੇ ਵਿਹਾਰ ਨੂੰ ਵਿਹਾਰ ਸਮਝਿਆ, ਤਾਂ ਨਿਆਂ ਸਮਝ ਗਿਆ! ਗੁਆਂਢੀ ਉਲਟਾ ਕਿਉਂ ਬੋਲ ਗਏ? ਕਿਉਂਕਿ ਤੁਹਾਡਾ ਵਿਹਾਰ ਇਹੋ ਜਿਹਾ ਸੀ ਇਸ ਲਈ। ਅਤੇ ਤੁਹਾਡੇ ਤੋਂ ਉਲਟੀ ਬਾਣੀ ਨਿਕਲ ਜਾਵੇ ਤਾਂ ਉਹ ਸਾਹਮਣੇ ਵਾਲੇ ਦੇ ਵਿਹਾਰ ਦੇ ਅਧੀਨ ਹੈ। ਪਰ ਸਾਨੂੰ ਤਾਂ ਮੋਕਸ਼ ਚਾਹੀਦਾ ਹੈ, ਇਸ ਲਈ ਉਸਦਾ ਪ੍ਰਤੀਕ੍ਰਮਣ ਕਰ ਲੈਣਾ ਚਾਹੀਦਾ ਹੈ।

**ਪ੍ਰਸ਼ਨ ਕਰਤਾ :** ਸਾਹਮਣੇ ਵਾਲਾ ਉਲਟਾ ਬੋਲੇ ਉਦੋਂ ਤੁਹਾਡੇ ਗਿਆਨ ਨਾਲ ਸਮਾਧਾਨ ਰਹਿੰਦਾ ਹੈ, ਪਰ ਮੁੱਖ ਸਵਾਲ ਇਹ ਹੈ ਕਿ, ਸਾਡੇ ਤੋਂ ਕੌੜਾ ਨਿਕਲਦਾ ਹੈ, ਉਸ ਸਮੇਂ ਅਸੀਂ 'ਬਾਣੀ ਪਰ ਹੈ ਅਤੇ ਪਰਾਧੀਨ ਹੈ' ਇਸ ਵਾਕ ਦਾ ਆਧਾਰ ਲਈਏ ਤਾਂ ਸਾਨੂੰ ਉਲਟਾ ਲਾਇਸੰਸ ਮਿਲ ਜਾਂਦਾ ਹੈ।

**ਦਾਦਾ ਸ਼੍ਰੀ :** ਇਸ ਵਾਕ ਦਾ ਆਧਾਰ ਲੈ ਹੀ ਨਹੀਂ ਸਕਦੇ। ਉਸ ਸਮੇਂ ਤਾਂ ਤੁਹਾਨੂੰ ਪ੍ਰਤੀਕ੍ਰਮਣ ਦਾ ਆਧਾਰ ਦਿੱਤਾ ਹੈ। ਸਾਹਮਣੇ ਵਾਲੇ ਨੂੰ ਦੁੱਖ ਹੋਵੇ ਇਹੋ ਜਿਹਾ ਬੋਲ ਦਿੱਤਾ ਹੋਵੇ ਤਾਂ ਪ੍ਰਤੀਕ੍ਰਮਣ ਕਰ ਲੈਣਾ।

ਅਤੇ ਜਦੋ ਸਾਹਮਣੇ ਵਾਲਾ ਕੁੱਝ ਵੀ ਬੋਲੇ, ਤਾਂ ਬਾਣੀ ਪਰ ਹੈ ਅਤੇ ਪਰਾਧੀਨ ਹੈ, ਉਸਨੂੰ ਸਵੀਕਾਰ ਕੀਤਾ, ਤਾਂ ਤੁਹਾਨੂੰ ਸਾਹਮਣੇ ਵਾਲੇ ਦਾ ਦੁੱਖ ਰਿਹਾ ਹੀ ਨਹੀਂ ਨਾ?

**ਪ੍ਰਸ਼ਨ ਕਰਤਾ :** ਪਰਮਾਰਥ ਲਈ ਥੋੜਾ ਝੂਠ ਬੋਲੀਏ ਤਾਂ ਉਸਦਾ ਦੋਸ਼ ਲੱਗੇਗਾ?

**ਦਾਦਾ ਸ਼੍ਰੀ :** ਪਰਮਾਰਥ ਅਰਥਾਤ ਆਤਮਾ ਦੇ ਲਈ ਜੋ ਕੁੱਝ ਵੀ ਕਰਦੇ ਹਾਂ, ਉਸ ਵਿੱਚ ਦੋਸ਼ ਨਹੀਂ ਲੱਗੇਗਾ ਅਤੇ ਦੇਹ ਦੇ ਲਈ ਜੋ ਕੁੱਝ ਵੀ ਕਰਦੇ ਹਾਂ, ਗਲਤ ਕੀਤਾ ਤਾਂ ਦੋਸ਼ ਲੱਗੇਗਾ ਅਤੇ ਚੰਗਾ ਕੀਤਾ ਤਾਂ ਗੁਣ ਲੱਗੇਗਾ। ਆਤਮਾ ਦੇ ਲਈ ਜੋ ਕੁੱਝ ਵੀ ਕੀਤਾ ਜਾਵੇ ਉਸ ਵਿੱਚ ਪਰੇਸ਼ਾਨੀ ਨਹੀਂ ਹੈ। ਹਾਂ, ਆਤਮ ਹੇਤੂ ਹੋਵੇ, ਉਸ ਨਾਲ ਸਬੰਧਿਤ ਜੋ-ਜੋ ਕੰਮ ਹੋਣ, ਉਸ ਵਿੱਚ ਕੋਈ ਦੋਸ਼ ਨਹੀਂ ਹੈ। ਸਾਹਮਣੇ ਵਾਲੇ ਨੂੰ ਤੁਹਾਡੇ ਨਿਮਿਤ ਨਾਲ ਦੁੱਖ ਪਹੁੰਚੇ ਤਾਂ ਦੋਸ਼ ਲੱਗਦਾ ਹੈ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਦਾ ਅਸਰ ਨਾ ਹੋਣ ਦਾ ਕੀ ਕਾਰਣ ਹੈ? ਅਸੀਂ ਪੂਰੇ ਭਾਵ ਨਾਲ ਨਹੀਂ ਕੀਤਾ ਜਾਂ ਸਾਹਮਣੇ ਵਾਲੇ ਵਿਅਕਤੀ ਦੇ ਆਵਰਣ ਹਨ?

**ਦਾਦਾ ਸ਼੍ਰੀ :** ਤੁਹਾਨੂੰ ਸਾਹਮਣੇ ਵਾਲੇ ਵਿਅਕਤੀ ਦਾ ਨਹੀਂ ਦੇਖਣਾ। ਉਹ ਤਾਂ ਸ਼ਾਇਦ ਪਾਗਲ ਵੀ ਹੋਵੇ। ਤੁਹਾਡੇ ਨਿਮਿਤ ਤੋਂ ਉਸ ਨੂੰ ਦੁੱਖ ਨਹੀਂ ਹੋਣਾ ਚਾਹੀਦਾ, ਬੱਸ!

**ਪ੍ਰਸ਼ਨ ਕਰਤਾ :** ਅਰਥਾਤ ਕਿਸੇ ਵੀ ਤਰ੍ਹਾਂ ਉਸ ਨੂੰ ਦੁੱਖ ਹੋ ਜਾਵੇ ਤਾਂ ਸਾਨੂੰ ਉਸਦਾ ਸਮਾਧਾਨ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

**ਦਾਦਾ ਸ਼੍ਰੀ :** ਉਸਨੂੰ ਦੁੱਖ ਹੋ ਜਾਵੇ ਤਾਂ ਸਮਾਧਾਨ ਤਾਂ ਜਰੂਰ ਕਰਨਾ ਚਾਹੀਦਾ ਹੈ। ਉਹ ਸਾਡੀ ਰਿਸਪੋਂਸਿਬਿਲਟੀ ਹੈ। ਹਾਂ, ਦੁੱਖ ਨਾ ਹੋਵੇ ਉਸਦੇ ਲਈ ਤਾਂ ਸਾਡੀ ਲਾਈਫ ਹੈ।

**ਪ੍ਰਸ਼ਨ ਕਰਤਾ :** ਪਰ ਮੰਨ ਲਓ ਕਿ ਇਹੋ ਜਿਹਾ ਕਰਨ ਤੇ ਵੀ ਸਾਹਮਣੇ ਵਾਲੇ ਦਾ ਸਮਾਧਾਨ ਨਾ ਹੁੰਦਾ ਹੋਵੇ, ਤਾਂ ਫਿਰ ਖੁਦ ਦੀ ਜਿੰਮੇਦਾਰੀ ਕਿੰਨੀ?

**ਦਾਦਾ ਸ਼੍ਰੀ :** ਜੇ ਹੋ ਸਕੇ ਤਾਂ ਰੂਬਰੂ ਜਾ ਕੇ ਅੱਖਾਂ ਵਿੱਚ ਨਰਮੀ ਦਿਖਾਉਣਾ। ਫਿਰ ਵੀ ਇਸ ਤਰ੍ਹਾਂ ਮਾਫ਼ੀ ਮੰਗਣ ਤੇ ਜੇ ਉੱਪਰ ਤੋਂ ਸਿਰ ਚੜੇ ਤਾਂ ਸਮਝ ਜਾਣਾ ਕਿ ਇਹ ਹਲਕੀ ਜਾਤ ਹੈ। ਫਿਰ ਵੀ ਨਿਕਾਲ ਕਰਨਾ ਹੈ। ਮਾਫ਼ੀ ਮੰਗਣ ਤੇ ਜੇ ਥੱਪੜ ਮਾਰੇ ਤਾਂ ਸਮਝਣਾ ਕਿ ਇਸਦੇ ਨਾਲ ਗਲਤੀ ਤਾਂ ਹੋਈ ਹੈ, ਪਰ ਆਦਮੀ ਹੈ ਹਲਕੀ ਜਾਤ ਦਾ ਇਸ ਲਈ ਝੁਕਣਾ ਬੰਦ ਕਰ ਦਿਓ।

**ਪ੍ਰਸ਼ਨ ਕਰਤਾ :** ਹੇਤੂ ਚੰਗਾ ਹੋਵੇ ਤਾਂ ਫਿਰ ਪ੍ਰਤੀਕ੍ਰਮਣ ਕਿਉਂ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਪ੍ਰਤੀਕ੍ਰਮਣ ਤਾਂ ਕਰਨਾ ਪਵੇਗਾ, ਉਸਨੂੰ ਦੁੱਖ ਹੁੰਦਾ ਹੈ ਨਾ। ਅਤੇ ਵਿਹਾਰ ਵਿੱਚ ਲੋਕ ਕਹਿਣਗੇ ਕਿ 'ਦੇਖੋ ਇਹ ਭੈਣ ਆਪਣੇ ਪਤੀ ਨੂੰ ਕਿਵੇਂ ਧਮਕਾ ਰਹੀ ਹੈ।' ਫਿਰ ਪ੍ਰਤੀਕ੍ਰਮਣ ਕਰਨਾ ਪਵੇਗਾ। ਜੋ ਅੱਖਾਂ ਨਾਲ ਦਿਖਾਈ ਦੇਵੇ ਉਸਦਾ ਪ੍ਰਤੀਕ੍ਰਮਣ ਕਰਨਾ ਹੈ। ਅੰਦਰ ਤੁਹਾਡਾ ਹੇਤੂ ਸੋਨੇ ਵਰਗਾ ਹੋਵੇ, ਪਰ ਕਿਸ ਕੰਮ ਦਾ? ਨਹੀਂ ਚੱਲੇਗਾ ਉਹ ਹੇਤੂ। ਹੇਤੂ ਬਿਲਕੁਲ ਸੋਨੇ ਵਰਗਾ ਹੋਵੇ ਫਿਰ ਵੀ ਸਾਨੂੰ ਪ੍ਰਤੀਕ੍ਰਮਣ ਕਰਨਾ ਪਵੇਗਾ। ਗਲਤੀ ਹੁੰਦੇ ਹੀ ਪ੍ਰਤੀਕ੍ਰਮਣ ਕਰਨਾ ਪਵੇਗਾ। ਇਹ ਸਾਰੇ ਮਹਾਤਮਾਵਾਂ ਦੀ ਇੱਛਾ ਹੈ। ਹੁਣ ਜਗਤ ਕਲਿਆਣ ਕਰਨ ਦੀ ਭਾਵਨਾ ਹੈ। ਹੇਤੂ ਚੰਗਾ ਹੈ ਫਿਰ ਵੀ ਨਹੀਂ ਚੱਲੇਗਾ। ਪ੍ਰਤੀਕ੍ਰਮਣ ਤਾਂ ਪਹਿਲਾ ਕਰਨਾ ਪਵੇਗਾ। ਕੱਪੜਿਆਂ ਤੇ ਦਾਗ ਲੱਗਦਾ ਹੈ ਤਾਂ ਧੋ ਦਿੰਦੇ ਹੋ ਨਾ? ਉਸੇ ਤਰ੍ਹਾਂ ਇਹ ਵੀ ਕੱਪੜਿਆਂ ਤੇ ਲੱਗੇ ਹੋਏ ਦਾਗ ਹਨ।

**ਪ੍ਰਸ਼ਨ ਕਰਤਾ :** ਵਿਹਾਰ ਵਿੱਚ ਕੋਈ ਗਲਤੀ ਕਰ ਰਿਹਾ ਹੋਵੇ ਤਾਂ ਉਸਨੂੰ ਟੋਕਣਾ ਪੈਂਦਾ ਹੈ। ਇਸ ਨਾਲ ਉਸਨੂੰ ਦੁੱਖ ਹੁੰਦਾ ਹੈ, ਤਾਂ ਕਿਵੇਂ ਉਸਦਾ ਨਿਕਾਲ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਵਿਹਾਰ ਵਿੱਚ ਟੋਕਣਾ ਪੈਂਦਾ ਹੈ, ਪਰ ਉਸ ਵਿੱਚ ਅਹੰਕਾਰ ਸਹਿਤ ਹੁੰਦਾ ਹੈ ਇਸ ਲਈ ਉਸਦਾ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ।

**ਪ੍ਰਸ਼ਨ ਕਰਤਾ :** ਟੋਕਾਂਗੇ ਨਹੀਂ ਤਾਂ ਉਹ ਸਿਰ ਤੇ ਚੜ ਜਾਣਗੇ?

ਦਾਦਾ ਸ਼੍ਰੀ: ਟੋਕਣਾ ਤਾਂ ਪਵੇਗਾ, ਪਰ ਕਹਿਣਾ ਆਉਣਾ ਚਾਹੀਦਾ ਹੈ। ਕਹਿਣਾ ਨਹੀਂ ਆਉਂਦਾ, ਵਿਹਾਰ ਨਹੀਂ ਆਉਂਦਾ, ਇਸ ਲਈ ਅਹੰਕਾਰ ਸਹਿਤ ਟੋਕ ਦਿੰਦੇ ਹਨ। ਇਸ ਲਈ ਬਾਅਦ ਵਿੱਚ ਉਸਦਾ ਪ੍ਰਤੀਕ੍ਰਮਣ ਕਰਨਾ ਹੈ। ਤੁਸੀਂ ਸਾਹਮਣੇ ਵਾਲੇ ਨੂੰ ਟੋਕੋਗੇ ਤਾਂ ਇਸ ਨਾਲ ਉਸ ਨੂੰ ਬੁਰਾ ਤਾਂ ਲੱਗੇਗਾ, ਪਰ ਬਾਰ-ਬਾਰ ਉਸਦਾ ਪ੍ਰਤੀਕ੍ਰਮਣ ਕਰੋਗੇ ਤਾਂ ਛੇ ਮਹੀਨੇ, ਬਾਰਾਂ ਮਹੀਨੇ ਵਿੱਚ ਬਾਣੀ ਇਹੋ ਜਿਹੀ ਨਿਕਲੇਗੀ ਕਿ ਸਾਹਮਣੇ ਵਾਲੇ ਨੂੰ ਮਿੱਠੀ ਲੱਗੇਗੀ।

ਹੁਣ ਅਸੀਂ ਵੀ ਕਿਸੇ ਦਾ ਮਜ਼ਾਕ ਕਰਦੇ ਹਾਂ ਤਾਂ ਉਸਦੇ ਵੀ ਸਾਨੂੰ ਪ੍ਰਤੀਕ੍ਰਮਣ ਕਰਨੇ ਪੈਂਦੇ ਹਨ। ਸਾਡਾ ਇਸ ਤਰ੍ਹਾਂ ਨਹੀਂ ਚੱਲ ਸਕਦਾ।

**ਪ੍ਰਸ਼ਨ ਕਰਤਾ :** ਉਹ ਤਾਂ ਮਨੋਰੰਜਨ ਹੈ। ਇਸ ਤਰ੍ਹਾਂ ਤਾਂ ਹੁੰਦਾ ਰਹਿੰਦਾ ਹੈ।

**ਦਾਦਾ ਸ਼੍ਰੀ :** ਨਹੀ, ਪਰ ਫਿਰ ਵੀ ਸਾਨੂੰ ਪ੍ਰਤੀਕ੍ਰਮਣ ਕਰਨੇ ਪੈਂਦੇ ਹਨ। ਤੁਸੀਂ ਨਹੀਂ ਕਰੋਗੇ ਤਾਂ ਚੱਲੇਗਾ। ਪਰ ਸਾਨੂੰ ਤਾਂ ਕਰਨੇ ਪੈਣਗੇ। ਨਹੀਂ ਤਾਂ ਸਾਡਾ ਇਹ ਗਿਆਨ, ਇਹ ਟੇਪਰਿਕਾਰਡ ਵੱਜਦਾ ਹੈ (ਜੋ ਬਾਣੀ ਨਿਕਲਦੀ ਹੈ) ਨਾ, ਉਹ ਫਿਰ ਧੁੰਦਲਾ ਨਿਕਲੇਗਾ।

ਬਾਕੀ, ਮੈਂ ਹਰ ਤਰ੍ਹਾਂ ਦੇ ਮਜ਼ਾਕ ਕੀਤੇ ਸਨ। ਹਮੇਸ਼ਾ ਹਰ ਤਰ੍ਹਾਂ ਦਾ ਮਜ਼ਾਕ ਕੌਣ ਕਰ ਸਕਦਾ ਹੈ? ਬਹੁਤ ਟਾਈਟ ਬ੍ਰੇਨ (ਤੇਜ਼ ਦਿਮਾਗ) ਹੋਵੇ, ਉਹ ਕਰ ਸਕਦਾ ਹੈ। ਮੈਂ ਤਾਂ ਮੌਜ਼ ਵਿੱਚ ਆ ਕੇ ਸਭ ਦਾ ਮਜ਼ਾਕ ਕਰਿਆ ਕਰਦਾ

ਸੀ। ਚੰਗੇ-ਚੰਗੇ ਲੋਕਾਂ ਦਾ, ਬੜੇ-ਬੜੇ ਵਕੀਲਾਂ ਦਾ, ਡਾਕਟਰਾਂ ਦਾ ਮਜ਼ਾਕ ਉਡਾਉਂਦਾ ਸੀ। ਹੁਣ, ਉਹ ਸਾਰਾ ਅਹੰਕਾਰ ਤਾਂ ਗਲਤ ਹੀ ਸੀ ਨਾ! ਉਹ ਸਾਡੀ ਬੁੱਧੀ ਦਾ ਦੁਰ-ਉਪਯੋਗ ਕੀਤਾ ਨਾ! ਮਜ਼ਾਕ ਉਡਾਉਣਾ ਉਹ ਬੁੱਧੀ ਦੀ ਨਿਸ਼ਾਨੀ ਹੈ।

**ਪ੍ਰਸ਼ਨ ਕਰਤਾ :** ਮਜ਼ਾਕ ਉਡਾਉਣ ਵਿੱਚ ਕੀ-ਕੀ ਜ਼ੋਖਿਮ ਹੈ? ਕਿਸ ਤਰ੍ਹਾਂ ਦੇ ਜੋਖਿਮ ਹਨ?

**ਦਾਦਾ ਸ਼੍ਰੀ :** ਇਸ ਤਰ੍ਹਾਂ ਹੈ ਕਿ ਕਿਸੇ ਨੂੰ ਥੱਪੜ ਮਾਰਿਆ ਹੋਵੇ ਅਤੇ ਇਸ ਨਾਲ ਜੋ ਜੋਖਿਮ ਆਵੇ ਉਸ ਨਾਲੋਂ ਅਨੇਕ ਗੁਣਾ ਜੋਖਿਮ ਮਜ਼ਾਕ ਉਡਾਉਣ ਵਿੱਚ ਹੈ। ਉਸਦੀ ਬੁੱਧੀ ਨਹੀਂ ਪਹੁੰਚ ਰਹੀ ਸੀ, ਇਸ ਲਈ ਤੁਸੀਂ ਉਸਨੂੰ ਆਪਣੀ ਬੁੱਧੀ ਦੀ ਲਾਈਟ ਨਾਲ ਖੁਦ ਦੇ ਕਬਜੇ ਵਿੱਚ ਕੀਤਾ।

**ਪ੍ਰਸ਼ਨ ਕਰਤਾ :** ਜਿਸਨੂੰ ਨਵਾਂ ਟੇਪ ਨਾ ਕਰਨਾ ਹੋਵੇ, ਉਸਦੇ ਲਈ ਕਿਹੜਾ ਰਸਤਾ ਹੈ?

**ਦਾਦਾ ਸ਼੍ਰੀ :** ਕੋਈ ਵੀ ਸਪੰਦਨ ਨਾ ਹੋਣ ਦੇਣਾ। ਸਭ ਕੁੱਝ ਦੇਖਦੇ ਹੀ ਰਹਿਣਾ। ਪਰ ਇਸ ਤਰ੍ਹਾਂ ਹੁੰਦਾ ਨਹੀਂ ਹੈ ਨਾ! ਇਹ ਵੀ ਮਸ਼ੀਨ ਹੀ ਹੈ ਅਤੇ ਪਰਾਧੀਨ ਵੀ ਹੈ। ਇਸ ਲਈ ਅਸੀਂ ਦੂਸਰਾ ਰਸਤਾ ਦਿਖਾਉਂਦੇ ਹਾਂ ਕਿ ਟੇਪ ਹੋ ਜਾਵੇ ਤਾਂ ਤੁਰੰਤ ਮਿਟਾ ਦੇਵੋਗੇ ਤਾਂ ਚੱਲੇਗਾ। ਇਹ ਪ੍ਰਤੀਕ੍ਰਮਣ ਤਾਂ ਮਿਟਾਉਣ ਦਾ ਸਾਧਨ ਹੈ। ਇਸ ਨਾਲ ਇੱਕ-ਅੱਧ ਜਨਮ ਵਿੱਚ ਪਰਿਵਰਤਨ ਹੋਣ ਤੋਂ ਬਾਅਦ ਇਸ ਤਰ੍ਹਾਂ ਸਭ ਬੋਲਣਾ ਬੰਦ ਹੋ ਜਾਵੇਗਾ।

**ਪ੍ਰਸ਼ਨ ਕਰਤਾ :** ਸ਼ੁੱਧ ਆਤਮਾ ਦਾ ਲਕਸ਼ ਹੋਣ ਤੋਂ ਬਾਅਦ ਲਗਾਤਾਰ ਪ੍ਰਤੀਕ੍ਰਮਣ ਚੱਲਦੇ ਹੀ ਰਹਿੰਦੇ ਹਨ।

ਦਾਾਦ ਸ਼੍ਰੀ: ਇਸ ਲਈ ਤੁਹਾਡੀ ਜਿੰਮੇਦਾਰੀ ਨਹੀਂ ਰਹੇਗੀ। ਜੋ ਕੁੱਝ ਬੋਲੋਗੇ ਉਸਦਾ ਪ੍ਰਤੀਕ੍ਰਮਣ ਕਰੋਗੇ ਤਾਂ ਜਿੰਮੇਦਾਰੀ ਨਹੀਂ ਰਹੇਗੀ। ਕੌੜਾ ਬੋਲਣਾ ਪਰ ਰਾਗ-ਦਵੇਸ਼ ਰਹਿਤ ਬੋਲਣਾ। ਕੌੜਾ ਬੋਲ ਦਿੱਤਾ ਗਿਆ ਤਾਂ ਤੁਰੰਤ ਪ੍ਰਤੀਕ੍ਰਮਣ ਕਰ ਲੈਣਾ।

ਮਨ-ਬਚਨ-ਕਾਇਆ ਦਾ ਯੋਗ, ਭਾਵਕਰਮ-ਦ੍ਰਵਕਰਮ-ਨੋਕਰਮ, ਚੰਦੂਭਾਈ ਅਤੇ ਚੰਦੂਭਾਈ ਦੇ ਨਾਮ ਦੀ ਸਰਵ ਮਾਇਆ ਤੋਂ ਅਲੱਗ ਇਹੋ ਜਿਹੇ ਸ਼ੁੱਧ ਆਤਮਾ ਨੂੰ ਯਾਦ ਕਰਕੇ ਕਹਿਣਾ, 'ਹੇ ਸ਼ੁੱਧ ਆਤਮਾ ਭਗਵਾਨ! ਮੈ ਉੱਚੀ ਆਵਾਜ਼ ਵਿੱਚ ਬੋਲ ਦਿੱਤਾ, ਇਹ ਭੁੱਲ ਹੋ ਗਈ। ਇਸ ਲਈ ਉਸਦੀ ਮਾਫ਼ੀ ਮੰਗਦਾ ਹਾਂ। ਅਤੇ ਉਹ ਭੁੱਲ ਹੁਣ ਫਿਰ ਤੋਂ ਨਹੀਂ ਕਰਾਂਗਾ ਇਹ ਨਿਸ਼ਚੈ ਕਰਦਾ ਹਾਂ। ਇਹੋ ਜਿਹੀ ਭੁੱਲ ਨਾ ਕਰਨ ਦੀ ਸ਼ਕਤੀ ਦਿਓ।' ਸ਼ੁੱਧ ਆਤਮਾ ਨੂੰ ਯਾਦ ਕੀਤਾ ਜਾਂ ਦਾਦਾ ਨੂੰ ਯਾਦ ਕੀਤਾ ਅਤੇ ਕਿਹਾ ਕਿ, ਇਹ ਭੁੱਲ ਹੋ ਗਈ ਇਹ ਆਲੋਚਨਾ ਅਤੇ ਉਸ ਭੁੱਲ ਨੂੰ ਧੋ ਦੇਣਾ ਉਹ ਪ੍ਰਤੀਕ੍ਰਮਣ ਅਤੇ ਇਹੋ ਜਿਹੀ ਭੁੱਲ ਫਿਰ ਤੋਂ ਨਹੀਂ ਕਰਾਂਗਾ ਇਹ ਨਿਸ਼ਚੈ ਕਰਨਾ, ਉਹ ਪ੍ਰਤਿਆਖਿਆਨ ਹੈ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਨ ਤੋਂ ਬਾਅਦ ਸਾਡੀ ਬਾਣੀ ਬਹੁਤ ਚੰਗੀ ਹੋ ਜਾਵੇਗੀ, ਇਸੇ ਜਨਮ ਵਿੱਚ?

**ਦਾਦਾ ਸ਼੍ਰੀ :** ਉਸਦੇ ਬਾਅਦ ਤਾਂ, ਕੁੱਝ ਹੋਰ ਹੀ ਤਰ੍ਹਾਂ ਦੀ ਹੋਵੇਗੀ। ਸਾਡੀ ਬਾਣੀ ਸੱਭ ਤੋਂ ਉੱਚ ਪ੍ਰਕਾਰ ਦੀ ਨਿਕਲਦੀ ਹੈ, ਉਸਦਾ ਕਾਰਣ ਪ੍ਰਤੀਕ੍ਰਮਣ ਹੀ ਹੈ ਅਤੇ ਨਿਰਵਿਵਾਦੀ ਹੈ, ਉਸਦਾ ਕਾਰਣ ਵੀ ਪ੍ਰਤੀਕ੍ਰਮਣ ਹੀ ਹੈ। ਨਹੀਂ ਤਾਂ ਵਿਵਾਦ ਹੀ ਹੁੰਦਾ ਹੈ। ਹਰ ਜਗ੍ਹਾ ਵਿਵਾਦ ਵਾਲੀ ਬਾਣੀ ਹੀ ਹੁੰਦੀ ਹੈ। ਵਿਹਾਰ ਸ਼ੁੱਧੀ ਤੋਂ ਬਿਨ੍ਹਾਂ ਸਿਆਦਵਾਦ ਬਾਣੀ ਨਿਕਲੇਗੀ ਹੀ ਨਹੀ। ਪਹਿਲਾਂ ਵਿਹਾਰ ਸ਼ੁੱਧੀ ਹੋਣੀ ਚਾਹੀਦੀ ਹੈ।

## 21. ਛੁੱਟਣ ਪ੍ਰਕ੍ਰਿਤੀ ਦੋਸ਼ ਇਸ ਤਰ੍ਹਾਂ....

ਇਸ ਸਤਿਸੰਗ ਦਾ ਪੋਇਜ਼ਨ ਪੀਣਾ ਚੰਗਾ ਹੈ ਪਰ ਬਾਹਰ ਦਾ ਅੰਮ੍ਰਿਤ ਪੀਣਾ ਗਲਤ ਹੈ। ਕਿਉਂਕਿ ਇਹ ਪੋਇਜ਼ਨ ਪ੍ਰਤੀਕ੍ਰਮਣ ਵਾਲਾ ਹੈ। ਅਸੀਂ ਜ਼ਹਿਰ ਦੇ ਸਾਰੇ ਪਿਆਲੇ ਪੀ ਕੇ ਮਹਾਂਦੇਵ ਜੀ ਬਣੇ ਹਾਂ।

**ਪ੍ਰਸ਼ਨ ਕਰਤਾ :** ਤੁਹਾਡੇ ਕੋਲ ਆਉਣ ਦੀ ਬਹੁਤ ਸੋਚਦੇ ਹਾਂ ਪਰ ਆ ਨਹੀਂ ਪਾਉਂਦੇ।

**ਦਾਦਾ ਸ਼੍ਰੀ :** ਤੁਹਾਡੇ ਹੱਥ ਵਿੱਚ ਸੱਤਾ ਕੀ ਹੈ? ਆਉਣ ਦੀ ਸੋਚਦੇ ਹੋ, ਪਰ ਆ ਨਹੀਂ ਸਕਦੇ ਤਾਂ ਉਸਦੇ ਲਈ ਮਨ ਵਿੱਚ ਖੇਦ ਰਹਿਣਾ ਚਾਹੀਦਾ ਹੈ। ਤੁਸੀਂ ਉਸਨੂੰ ਕਹਿਣਾ ਕਿ ਚੰਦੂਭਾਈ ਪ੍ਰਤੀਕ੍ਰਮਣ ਕਰੋ, ਜਲਦੀ ਹੱਲ ਨਿਕਲੇਗਾ। ਨਹੀਂ ਜਾ ਸਕਦੇ ਉਸਦੇ ਲਈ ਪ੍ਰਤੀਕ੍ਰਮਣ ਕਰੋ। ਪ੍ਰਤਿਆਖਿਆਨ ਕਰੋ ਕਿ ਇਸ ਤਰ੍ਹਾਂ ਦੀ ਭੁੱਲ-ਚੁੱਕ ਹੋਈ। ਹੁਣ ਫਿਰ ਤੋਂ ਭੁੱਲ-ਚੁੱਕ ਨਹੀਂ ਕਰਾਂਗਾ।

ਅਤੇ ਹੁਣ ਜੋ ਭਾਵ ਆਉਂਦੇ ਹਨ ਉਹ ਭਾਵ ਕਿਉਂ ਜਿਆਦਾ ਆਉਂਦੇ ਹਨ? ਅਤੇ ਕੰਮ ਕਿਉਂ ਨਹੀਂ ਹੁੰਦਾ। ਭਾਵ ਆਉਣ ਦੀ ਵਜ੍ਹਾ ਇਹ ਹੈ ਕਿ ਕੰਮਿਗ ਇਵੇਂਟਸ ਕਾਸਟ ਦੇਅਰ ਸ਼ੈਡੋਜ਼ ਬਿਫੋਰ। ਇਹ ਸਾਰੀਆਂ ਗੱਲਾਂ ਹੋਣ ਵਾਲੀਆਂ ਹਨ।

**ਪ੍ਰਸ਼ਨ ਕਰਤਾ :** ਚਿੰਤਾ ਹੋ ਜਾਂਦੀ ਹੈ। ਉਸਦਾ ਪ੍ਰਤੀਕ੍ਰਮਣ ਕਿਵੇਂ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** 'ਮੇਰੇ ਅਹੰਕਾਰ ਦੇ ਕਾਰਣ ਚਿੰਤਾ ਹੁੰਦੀ ਹੈ। ਮੈ ਉਸਦਾ ਕਰਤਾ ਥੋੜੇ ਹੀ ਹਾਂ? ਇਸ ਲਈ ਦਾਦਾ ਭਗਵਾਨ! ਮਾਫ਼ ਕਰਨਾ।' ਇਹੋ ਜਿਹਾ ਕੁੱਝ ਤਾਂ ਕਰਨਾ ਪਵੇਗਾ ਨਾ? ਕੀ ਉਸਦੇ ਬਿਨਾਂ ਚੱਲ ਸਕਦਾ ਹੈ?

**ਪ੍ਰਸ਼ਨ ਕਰਤਾ :** 'ਬਹੁਤ ਠੰਡ ਪੈ ਰਹੀ ਹੈ, ਬਹੁਤ ਠੰਡ ਪੈ ਰਹੀ ਹੈ' ਅਸੀਂ ਜੇ ਇਸ ਤਰ੍ਹਾਂ ਕਹੀਏ ਤਾਂ ਉਹ ਕੁਦਰਤ ਦੇ ਵਿਰੁੱਧ ਬੋਲੇ ਤਾਂ ਕੀ ਉਸਦਾ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਨਹੀ, ਪ੍ਰਤੀਕ੍ਰਮਣ ਤਾਂ ਜਿੱਥੇ ਰਾਗ-ਦਵੇਸ਼ ਹੋ ਰਹੇ ਹੋਣ, 'ਫਾਈਲ' ਹੋਵੇ ਉਥੇ ਕਰਨੇ ਹਨ। ਕੜੀ ਖੱਟੀ ਹੋਵੇ ਤਾਂ ਉਸਦਾ ਪ੍ਰਤੀਕ੍ਰਮਣ ਨਹੀਂ ਕਰਨਾ ਹੈ, ਪਰ ਜਿਸਨੇ ਖੱਟੀ ਬਣਾਈ, ਉਸਦਾ ਪ੍ਰਤੀਕ੍ਰਮਣ ਕਰਨਾ ਹੈ। ਪ੍ਰਤੀਕ੍ਰਮਣ ਨਾਲ ਸਾਹਮਣੇ ਵਾਲੇ ਦੀ ਪਰਣਿਤੀ ਬਦਲਦੀ ਹੈ।

ਕਿਤੇ ਪੇਸ਼ਾਬ ਕਰਨ ਗਿਆ ਉਥੇ ਇੱਕ ਕੀੜੀ ਰੁੜ ਗਈ ਤਾਂ ਮੈਂ ਪ੍ਰਤੀਕ੍ਰਮਣ ਕਰਦਾ ਹਾਂ। ਅਸੀਂ ਉਪਯੋਗ ਨਹੀਂ ਛੱਡਦੇ। ਰੁੜ ਗਈ ਉਹ

'ਡਿਸਚਾਰਜ' ਰੂਪ ਹੈ ਪਰ ਉਸ ਸਮੇਂ ਅਤੀਕ੍ਰਮਣ ਦੋਸ਼ ਕਿਉਂ ਹੋਇਆ? ਜਾਗ੍ਰਿਤੀ ਮੰਦ ਕਿਉਂ ਹੋਈ? ਉਸਦਾ ਦੋਸ਼ ਲੱਗਦਾ ਹੈ।

ਪੜ੍ਹਦੇ ਸਮੇਂ ਕਿਤਾਬ ਨੂੰ ਨਮਸਕਾਰ ਕਰ ਕੇ ਕਹਿਣਾ ਕਿ, 'ਦਾਦਾ ਜੀ, ਮੈਨੂੰ ਪੜ੍ਹਨ ਦੀ ਸ਼ਕਤੀ ਦਿਓ।' ਅਤੇ ਜੇ ਕਦੇ ਭੁੱਲ ਗਏ ਤਾਂ ਉਪਾਅ ਕਰਨਾ। ਦੋ ਵਾਰ ਨਮਸਕਾਰ ਕਰਨਾ ਅਤੇ ਕਹਿਣਾ ਕਿ 'ਦਾਦਾ ਭਗਵਾਨ, ਮੇਰੀ ਇੱਛਾ ਨਹੀਂ ਸੀ, ਫਿਰ ਵੀ ਭੁੱਲ ਗਿਆ, ਇਸ ਲਈ ਉਸਦੀ ਮਾਫ਼ੀ ਮੰਗਦਾ ਹਾਂ। ਹੁਣ ਫਿਰ ਤੋਂ ਇਸ ਤਰ੍ਹਾਂ ਨਹੀਂ ਕਰਾਂਗਾ।'

ਸਮੇਂ ਤੇ ਵਿਧੀ ਕਰਨਾ ਭੁੱਲ ਜਾਓ ਅਤੇ ਬਾਅਦ ਵਿੱਚ ਯਾਦ ਆਵੇ ਤਾਂ ਪ੍ਰਤੀਕ੍ਰਮਣ ਕਰਕੇ ਬਾਅਦ ਵਿੱਚ ਕਰਨਾ।

'ਡਿਸਚਾਰਜ' ਵਿੱਚ ਜੋ ਅਤੀਕ੍ਰਮਣ ਹੋਏ ਹਨ, ਉਸਦੇ ਲਈ ਅਸੀਂ ਪ੍ਰਤੀਕ੍ਰਮਣ ਕਰਦੇ ਹਾਂ। ਸਾਹਮਣੇ ਵਾਲੇ ਨੂੰ ਦੁੱਖ ਪਹੁੰਚੇ ਇਹੋ ਜਿਹੇ 'ਡਿਸਚਾਰਜ' ਦੇ ਪ੍ਰਤੀਕ੍ਰਮਣ ਕਰਨੇ ਹਨ। ਜਿੱਥੇ ਮਹਾਤਮਾਵਾਂ ਦਾ ਜਾਂ ਦਾਦਾ ਜੀ ਦਾ ਕੁੱਝ ਭਲਾ ਕੀਤਾ ਹੋਵੇ ਤਾਂ ਉਸਦੇ ਪ੍ਰਤੀਕ੍ਰਮਣ ਨਹੀਂ ਕਰਨੇ ਹਨ। ਪਰ ਬਾਹਰ ਕਿਸੇ ਹੋਰ ਦਾ ਭਲਾ ਕੀਤਾ ਹੋਵੇ ਤਾਂ ਉਸਦਾ ਪ੍ਰਤੀਕ੍ਰਮਣ ਕਰਨਾ ਪਵੇਗਾ ਕਿਉਂਕਿ ਉਪਯੋਗ ਭੁੱਲ ਗਏ, ਉਸਦਾ ਪ੍ਰਤੀਕ੍ਰਮਣ ਕਰਨਾ ਪਵੇਗਾ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਦੇ ਹਾਂ ਤਾਂ ਉਹ ਸਾਹਮਣੇ ਵਾਲੇ ਨੂੰ ਪਹੁੰਚਦਾ ਹੈ?

**ਦਾਦਾ ਸ਼੍ਰੀ :** ਸਾਹਮਣੇ ਵਾਲੇ ਨੂੰ ਪਹੁੰਚਦਾ ਹੈ, ਉਹ ਨਰਮ ਹੁੰਦਾ ਜਾਵੇਗਾ। ਉਸਨੂੰ ਪਤਾ ਚੱਲੇ ਜਾਂ ਨਾ ਵੀ ਚੱਲੇ। ਸਾਡੇ ਪ੍ਰਤੀ ਉਸਦਾ ਭਾਵ ਨਰਮ ਹੁੰਦਾ ਜਾਵੇਗਾ। ਸਾਡੇ ਪ੍ਰਤੀਕ੍ਰਮਣ ਵਿੱਚ ਤਾਂ ਬਹੁਤ ਅਸਰ ਹੈ। ਜੇ ਇੱਕ ਘੰਟਾ ਸਹੀ ਢੰਗ ਨਾਲ ਹੋਏ ਹੋਣ ਤਾਂ ਸਾਹਮਣੇ ਵਾਲੇ ਵਿੱਚ ਪਰਿਵਰਤਨ ਆ ਜਾਂਦਾ ਹੈ। ਜਿਨ੍ਹਾਂ ਦਾ ਅਸੀਂ ਪ੍ਰਤੀਕ੍ਰਮਣ ਕਰਦੇ ਹਾਂ, ਉਹ ਆਪਣੇ ਦੋਸ਼ ਤਾਂ ਨਹੀਂ ਦੇਖੇਗਾ ਪਰ ਉਸਨੂੰ ਆਪਣੇ ਲਈ ਸਨਮਾਨ ਉਤਪੰਨ ਹੋਵੇਗਾ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਦੇ ਹਾਂ ਤਾਂ ਨਵਾਂ 'ਚਾਰਜ' ਨਹੀਂ ਕਰਦੇ?

**ਦਾਦਾ ਸ਼੍ਰੀ :** ਆਤਮਾ ਕਰਤਾ ਹੋਵੇਗਾ ਤਾਂ ਕਰਮ ਬੰਧੇਗਾ। ਪ੍ਰਤੀਕ੍ਰਮਣ ਆਤਮਾ ਨਹੀਂ ਕਰਦਾ ਹੈ। ਚੰਦੂਭਾਈ ਕਰਦੇ ਹਨ ਅਤੇ ਤੁਸੀਂ ਉਸਦੇ ਗਿਆਤਾ-ਦ੍ਰਿਸ਼ਟਾ ਰਹੋ।

ਨਿੱਜ ਸਵਰੂਪ ਦੀ ਪ੍ਰਾਪਤੀ ਤੋਂ ਬਾਅਦ ਸਹੀ ਪ੍ਰਤੀਕ੍ਰਮਣ ਹੋਣਗੇ। ਪ੍ਰਤੀਕ੍ਰਮਣ ਕਰਨ ਵਾਲਾ ਹੋਣਾ ਚਾਹੀਦਾ ਹੈ, ਪ੍ਰਤੀਕ੍ਰਮਣ ਕਰਵਾਉਣ ਵਾਲਾ ਹੋਣਾ ਚਾਹੀਦਾ ਹੈ।

ਸਾਡਾ ਪ੍ਰਤੀਕ੍ਰਮਣ ਯਾਨੀ ਕੀ? ਕਿ ਗਡਾਰੀ ਖੇਡਦੇ ਸਮੇਂ ਜਿੰਨੇ ਵੀ ਟੁਕੜੇ ਹੋਣ, ਉਹਨਾਂ ਨੂੰ ਜੋੜ ਕੇ ਸਾਫ਼ ਕਰ ਦੇਵੇ, ਉਹੀ ਸਾਡਾ ਪ੍ਰਤੀਕ੍ਰਮਣ ਹੈ।

**ਪ੍ਰਸ਼ਨ ਕਰਤਾ :** ਨੀਂਦ ਵਿੱਚੋਂ ਜਾਗਦੇ ਹੀ ਪ੍ਰਤੀਕ੍ਰਮਣ ਸ਼ੁਰੂ ਹੋ ਜਾਂਦੇ ਹਨ।

**ਦਾਦਾ ਸ਼੍ਰੀ :** ਇਹ 'ਪ੍ਰਤੀਕ੍ਰਮਣ ਆਤਮਾ' ਹੋਇਆ। ਸ਼ੁੱਧ ਆਤਮਾ ਤਾਂ ਹੈ ਪਰ ਇਹ ਪ੍ਰਤਿਸ਼ਠਿਤ ਆਤਮਾ, 'ਪ੍ਰਤੀਕ੍ਰਮਣ ਆਤਮਾ' ਬਣ ਗਿਆ। ਲੋਕਾਂ ਨੂੰ ਕਸ਼ਾਈ ਆਤਮਾ ਹੈ। ਇਸ ਵਰਲਡ ਵਿੱਚ ਕੋਈ ਇੱਕ ਵੀ ਪ੍ਰਤੀਕ੍ਰਮਣ ਕਰ ਸਕੇ, ਇਹੋ ਜਿਹਾ ਨਹੀਂ ਹੈ।

ਜਿਵੇਂ-ਜਿਵੇਂ ਨਕਦ ਪ੍ਰਤੀਕ੍ਰਮਣ ਹੁੰਦਾ ਜਾਵੇਗਾ, ਉਵੇਂ-ਉਵੇਂ ਸ਼ੁੱਧ ਹੁੰਦਾ ਜਾਵੇਗਾ। ਅਤੀਕ੍ਰਮਣ ਦੇ ਸਾਹਮਣੇ ਤੁਸੀਂ ਨਕਦ ਪ੍ਰਤੀਕ੍ਰਮਣ ਕਰੋਗੇ ਤਾਂ ਮਨ ਅਤੇ ਬਾਣੀ ਸ਼ੁੱਧ ਹੁੰਦੇ ਜਾਣਗੇ।

ਪ੍ਰਤੀਕ੍ਰਮਣ ਯਾਨੀ ਬੀਜ ਨੂੰ ਭੁੰਨ ਕੇ ਬੀਜਣਾ।

ਆਲੋਚਨਾ-ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ ਯਾਨੀ ਪ੍ਰਤੀਦਿਨ ਦਾ ਲੇਖਾ-ਜੋਖਾ ਕੱਢਣਾ।

ਜਿੰਨੇ ਦੋਸ਼ ਦਿਖਾਈ ਦਿੱਤੇ ਉੱਨਾ ਕਮਾਏ। ਉੰਨੇ ਪ੍ਰਤੀਕ੍ਰਮਣ ਕਰਨੇ ਹਨ।

**ਪ੍ਰਸ਼ਨ ਕਰਤਾ :** ਇਹ ਜੋ ਪ੍ਰਤੀਕ੍ਰਮਣ ਨਹੀਂ ਹੋ ਪਾਉਂਦੇ, ਉਹ ਪ੍ਰਕ੍ਰਿਤੀ ਦੋਸ਼ ਹੈ ਜਾਂ ਉਹ ਅੰਤਰਾਏ ਕਰਮ ਹੈ?

**ਦਾਦਾ ਸ਼੍ਰੀ :** ਉਹ ਪ੍ਰਕ੍ਰਿਤੀ ਦੋਸ਼ ਹੈ ਅਤੇ ਇਹ ਪ੍ਰਕ੍ਰਿਤੀ ਦੋਸ਼ ਹਰ ਜਗ੍ਹਾ ਨਹੀਂ ਹੁੰਦਾ। ਕੁੱਝ ਜਗ੍ਹਾ ਦੋਸ਼ ਹੁੰਦਾ ਹੈ ਅਤੇ ਕੁੱਝ ਜਗ੍ਹਾ ਨਹੀਂ ਹੁੰਦਾ। ਪ੍ਰਕ੍ਰਿਤੀ ਦੋਸ਼ ਵਿੱਚ ਪ੍ਰਤੀਕ੍ਰਮਣ ਨਾ ਹੋਵੇ, ਤਾਂ ਉਸ ਵਿੱਚ ਹਰਜ਼ ਨਹੀਂ ਹੈ। ਤੁਹਾਨੂੰ ਤਾਂ ਇਹੀ ਦੇਖਣਾ ਹੈ ਕਿ ਤੁਹਾਡਾ ਭਾਵ ਕੀ ਹੈ? ਤੁਹਾਨੂੰ ਹੋਰ ਕੁੱਝ ਨਹੀਂ ਦੇਖਣਾ ਹੈ। ਤੁਹਾਡੀ ਇੱਛਾ ਪ੍ਰਤੀਕ੍ਰਮਣ ਕਰਨ ਦੀ ਹੈ ਨਾ?

**ਪ੍ਰਸ਼ਨ ਕਰਤਾ :** ਹਾਂ, ਪੂਰੀ ਤਰ੍ਹਾਂ ਹੈ।

**ਦਾਦਾ ਸ਼੍ਰੀ :** ਇਸਦੇ ਬਾਵਜੂਦ ਵੀ ਜੇ ਪ੍ਰਤੀਕ੍ਰਮਣ ਨਹੀਂ ਹੋ ਪਾਉਂਦਾ, ਤਾਂ ਉਹ ਪ੍ਰਕ੍ਰਿਤੀ ਦੋਸ਼ ਹੈ। ਪ੍ਰਕ੍ਰਿਤੀ ਦੋਸ਼ ਦੇ ਲਈ ਤੁਸੀਂ ਜਿੰਮੇਦਾਰ ਨਹੀਂ ਹੋ। ਕਦੇ-ਕਦੇ ਪ੍ਰਕ੍ਰਿਤੀ ਬੋਲਦੀ ਵੀ ਹੈ ਅਤੇ ਨਹੀਂ ਵੀ ਬੋਲਦੀ। ਇਹ ਤਾਂ ਬਾਜੇ ਵਰਗੀ ਹੈ, ਵੱਜੇ ਤਾਂ ਵੱਜੇ, ਨਹੀਂ ਤਾਂ ਨਾ ਵੀ ਵੱਜੇ। ਇਸ ਨੂੰ ਅੰਤਰਾਏ ਨਹੀਂ ਕਹਿੰਦੇ।

**ਪ੍ਰਸ਼ਨ ਕਰਤਾ :** 'ਸਮਭਾਵ ਨਾਲ ਨਿਕਾਲ' ਕਰਨ ਦਾ ਦ੍ਰਿੜ ਨਿਸ਼ਚੈ ਹੋਣ ਦੇ ਬਾਵਜੂਦ ਝਗੜਾ ਹੋ ਜਾਂਦਾ ਹੈ, ਏਦਾਂ ਕਿਉਂ?

**ਦਾਦਾ ਸ਼੍ਰੀ :** ਕਿੰਨੀਆ ਜਗ੍ਹਾਂ ਤੇ ਇਸ ਤਰ੍ਹਾਂ ਹੁੰਦਾ ਹੈ? ਸੌ - ਇੱਕ ਜਗ੍ਹਾ ਤੇ?

**ਪ੍ਰਸ਼ਨ ਕਰਤਾ :** ਇੱਕ ਹੀ ਜਗ੍ਹਾ ਤੇ ਹੁੰਦਾ ਹੈ।

**ਦਾਦਾ ਸ਼੍ਰੀ :** ਤਾਂ ਉਹ ਨਿਕਾਚਿਤ ਕਰਮ ਹੈ। ਉਹ ਨਿਕਾਚਿਤ ਕਰਮ ਧੁਲੇਗਾ ਕਿਵੇਂ? ਆਲੋਚਨਾ, ਪ੍ਰਤੀਕ੍ਰਮਣ ਅਤੇ ਪ੍ਰਤਿਆਖਿਆਨ ਨਾਲ। ਉਸ ਨਾਲ ਕਰਮ ਹਲਕਾ ਹੋ ਜਾਵੇਗਾ। ਉਸ ਤੋਂ ਬਾਅਦ ਗਿਆਤਾ-ਦ੍ਰਿਸ਼ਟਾ ਰਿਹਾ ਜਾ ਸਕੇਗਾ। ਉਸਦੇ ਲਈ ਤਾਂ ਪ੍ਰਤੀਕ੍ਰਮਣ ਨਿਰੰਤਰ ਕਰਨੇ ਪੈਣਗੇ। ਜਿੰਨੇ ਫੋਰਸ ਨਾਲ ਨਿਕਾਚਿਤ ਹੋਇਆ ਹੋਵੇ, ਉਨੇ ਹੀ ਫੋਰਸ ਵਾਲੇ ਪ੍ਰਤੀਕ੍ਰਮਣ ਨਾਲ ਉਹ ਧੋਤਾ ਜਾਵੇਗਾ।

**ਪ੍ਰਸ਼ਨ ਕਰਤਾ :** ਜੇ ਅਸੀਂ ਨਿਸ਼ਚੈ ਕਰੀਏ ਕਿ ਭਵਿੱਖ ਵਿੱਚ ਏਦਾਂ ਕਰਨਾ ਹੀ ਨਹੀਂ ਹੈ। ਇਹੋ ਜਿਹੀ ਭੁੱਲ ਫਿਰ ਤੋਂ ਕਰਨੀ ਹੀ ਨਹੀਂ ਹੈ, ਇਸ ਤਰ੍ਹਾਂ ਹੰਡਰਡ ਪਰਸੈਂਟ ਭਾਵ ਸਹਿਤ ਤੈਅ ਕਰੀਏ ਇਸਦੇ ਬਾਵਜੂਦ ਵੀ

ਵਾਪਸ ਉਸੇ ਤਰ੍ਹਾਂ ਦੀ ਭੁੱਲ ਦਾ ਹੋਣਾ ਜਾਂ ਨਾ ਹੋਣਾ, ਕੀ ਉਹ ਖੁਦ ਦੇ ਹੱਥ ਵਿੱਚ ਹੈ?

**ਦਾਦਾ ਸ਼੍ਰੀ :** ਉਹ ਤਾਂ ਹੋ ਸਕਦੀ ਹੈ ਨਾ ਫਿਰ ਤੋ। ਏਦਾਂ ਹੈ ਨਾ, ਤੁਸੀਂ ਇੱਕ ਗੇਂਦ ਇੱਥੇ ਲਿਆਏ ਅਤੇ ਮੈਨੂੰ ਦਿੱਤੀ। ਮੈਂ ਇੱਥੋਂ ਸੁੱਟਾਂ। ਮੈਂ ਤਾਂ ਇੱਕ ਹੀ ਵਾਰ ਕੰਮ ਕੀਤਾ। ਮੈਂ ਤਾਂ ਇੱਕ ਹੀ ਵਾਰ ਗੇਂਦ ਸੁੱਟੀ। ਹੁਣ ਮੈਂ ਕਹਾਂ ਕਿ ਹੁਣ ਮੇਰੀ ਇੱਛਾ ਨਹੀਂ ਹੈ, ਤੂੰ ਬੰਦ ਹੋ ਜਾ, ਤਾਂ ਉਹ ਬੰਦ ਹੋ ਜਾਵੇਗੀ?

**ਪ੍ਰਸ਼ਨ ਕਰਤਾ : ਨਹੀਂ** ਹੋਵੇਗੀ।

**ਦਾਦਾ ਸ਼੍ਰੀ :** ਤਾਂ ਕੀ ਹੋਵੇਗਾ?

**ਪ੍ਰਸ਼ਨ ਕਰਤਾ :** ਉਹ ਤਾਂ ਤਿੰਨ-ਚਾਰ-ਪੰਜ ਵਾਰੀ ਉਛਲੇਗੀ।

**ਦਾਦਾ ਸ਼੍ਰੀ :** ਅਰਥਾਤ ਆਪਣੇ ਹੱਥ ਵਿੱਚੋਂ ਫਿਰ ਨੇਚਰ ਦੇ ਹੱਥ ਵਿੱਚ ਗਈ। ਹੁਣ ਨੇਚਰ ਜਦੋਂ ਬੰਦ ਕਰੇਗੀ ਉਦੋਂ। ਇਸ ਤਰ੍ਹਾਂ ਹੈ ਇਹ ਸਭ। ਸਾਡੀਆਂ ਜੋ ਗਲਤੀਆਂ ਹਨ, ਉਹ ਨੇਚਰ ਦੇ ਹੱਥ ਵਿੱਚ ਚਲੀਆਂ ਜਾਦੀਆਂ ਹਨ।

**ਪ੍ਰਸ਼ਨ ਕਰਤਾ :** ਨੇਚਰ ਦੇ ਹੱਥ ਵਿੱਚ ਗਿਆ, ਤਾਂ ਫਿਰ ਪ੍ਰਤੀਕ੍ਰਮਣ ਕਰਨ ਨਾਲ ਕੀ ਫਾਇਦਾ ਹੁੰਦਾ ਹੈ?

**ਦਾਦਾ ਸ਼੍ਰੀ :** ਬਹੁਤ ਅਸਰ ਹੁੰਦਾ ਹੈ। ਪ੍ਰਤੀਕ੍ਰਮਣ ਨਾਲ ਤਾਂ ਸਾਹਮਣੇ ਵਾਲੇ ਤੇ ਬਹੁਤ ਅਸਰ ਹੁੰਦਾ ਹੈ। ਜੇ ਇੱਥੇ ਘੰਟਾ ਇੱਕ ਆਦਮੀ ਦਾ ਪ੍ਰਤੀਕ੍ਰਮਣ ਕਰੋਗੇ ਤਾਂ ਉਸ ਆਦਮੀ ਦੇ ਅੰਦਰ ਕੁੱਝ ਨਵੀਂ ਹੀ ਤਰ੍ਹਾਂ ਦਾ, ਬਹੁਤ ਜਬਰਦਸਤ ਪਰਿਵਰਤਨ ਹੋਵੇਗਾ। ਪ੍ਰਤੀਕ੍ਰਮਣ ਕਰਨ ਵਾਲਾ ਇਹ ਗਿਆਨ ਪ੍ਰਾਪਤੀ ਵਾਲਾ ਹੋਣਾ ਚਾਹੀਦਾ ਹੈ। ਸ਼ੁੱਧ ਹੋਇਆ, 'ਮੈ ਸ਼ੁੱਧ ਆਤਮਾ ਹਾਂ' ਇਹੋ ਜਿਹੀ ਸਮਝ ਵਾਲਾ, ਤਾਂ ਉਸਦੇ ਪ੍ਰਤੀਕ੍ਰਮਣ ਦਾ ਬਹੁਤ ਅਸਰ ਹੋਵੇਗਾ। ਪ੍ਰਤੀਕ੍ਰਮਣ ਤਾਂ ਸਾਡਾ ਸਭ ਤੋਂ ਵੱਡਾ ਹਥਿਆਰ ਹੈ।

ਜੇ 'ਗਿਆਨ' ਨਾ ਲਿਆ ਹੋਵੇ ਤਾਂ ਪ੍ਰਕ੍ਰਿਤੀ ਪੂਰਾ ਦਿਨ ਉਲਟੀ ਹੀ ਚੱਲਦੀ ਰਹੇਗੀ ਜਦੋਂ ਕਿ ਹੁਣ ਤਾਂ ਸੁਲਟੀ ਹੀ ਚੱਲਦੀ ਰਹਿੰਦੀ ਹੈ। ਤੂੰ ਸਾਹਮਣੇ ਵਾਲੇ ਨੂੰ ਸੁਣਾ ਦੇਵੇਗਾ, ਪਰ ਅੰਦਰ ਕਹੇਗਾ ਕਿ, 'ਨਹੀ, ਨਹੀ, ਏਦਾਂ ਨਹੀਂ ਕਰਨਾ ਚਾਹੀਦਾ। ਸੁਣਾ ਦੇਣ ਦਾ ਵਿਚਾਰ ਆਇਆ ਉਸਦਾ ਪ੍ਰਤੀਕ੍ਰਮਣ ਕਰੋ।' ਅਤੇ ਗਿਆਨ ਲੈਣ ਤੋਂ ਪਹਿਲਾਂ ਤਾਂ ਸੁਣਾ ਹੀ ਦਿੰਦਾ ਸੀ ਅਤੇ ਉੱਪਰ ਤੋਂ ਕਹਿੰਦਾ ਸੀ ਕਿ 'ਹੋਰ ਸੁਣਾਉਂਣਾ ਚਾਹੀਦਾ ਹੈ।'

ਮਨੁੱਖਾਂ ਦਾ ਸੁਭਾਅ ਕਿਹੋ ਜਿਹਾ ਹੈ ਕਿ ਜਿਵੇਂ ਦੀ ਪ੍ਰਕ੍ਰਿਤੀ, ਖੁਦ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਜਦੋਂ ਪ੍ਰਕ੍ਰਿਤੀ ਵਿੱਚ ਸੁਧਾਰ ਨਹੀਂ ਹੁੰਦਾ ਤਾਂ ਕਹਿੰਦਾ ਹੈ, 'ਛੱਡੋ ਨਾ'! ਓਏ, ਬਾਹਰ ਸੁਧਾਰ ਨਹੀਂ ਹੁੰਦਾ ਤਾਂ ਕੋਈ ਹਰਜ਼ ਨਹੀ, ਤੂੰ ਅੰਦਰ ਸੁਧਾਰ! ਫਿਰ ਸਾਡੀ ਰਿਸਪੋਂਸਿਬਿਲਟੀ ਨਹੀਂ ਹੈ!! ਇੰਨਾ ਹੈ ਇਹ 'ਸਾਇੰਸ'!!! ਬਾਹਰ ਕੁੱਝ ਵੀ ਹੋਵੇ ਉਸਦੀ ਰਿਸਪੋਂਸਿਬਿਲਟੀ ਹੀ ਨਹੀਂ ਹੈ। ਇੰਨਾ ਸਮਝ ਲਵੇ ਤਾਂ ਹੱਲ ਆ ਜਾਵੇਗਾ।

## 22. ਨਿਕਾਲ, ਚਿਕਣੀਆਂ ਫਾਈਲਾਂ ਦਾ

ਕਈ ਲੋਕ ਮੈਨੂੰ ਕਹਿੰਦੇ ਹਨ ਕਿ, 'ਦਾਦਾ ਜੀ, ਸਮਭਾਵ ਨਾਲ ਨਿਕਾਲ ਕਰਨ ਜਾਂਦਾ ਹਾਂ, ਪਰ ਹੁੰਦਾ ਨਹੀਂ ਹੈ!' ਤਾਂ ਮੈਂ ਕਹਿੰਦਾ ਹਾਂ, ਓਏ ਭਾਈ, ਨਿਕਾਲ ਕਰਨਾ ਨਹੀਂ ਹੈ! ਤੂੰ ਸਮਭਾਵ ਨਾਲ ਨਿਕਾਲ ਕਰਨ ਦਾ ਭਾਵ ਹੀ ਰੱਖਣਾ ਹੈ। ਸਮਭਾਵ ਨਾਲ ਨਿਕਾਲ ਹੋਵੇ ਜਾਂ ਨਾ ਵੀ ਹੋਵੇ, ਉਹ ਤੇਰੇ ਅਧੀਨ ਨਹੀਂ ਹੈ। ਤੂੰ ਮੇਰੀ ਆਗਿਆ ਵਿੱਚ ਰਹਿ ਨਾ! ਉਸ ਨਾਲ ਤੇਰਾ ਬਹੁਤ ਜ਼ਿਆਦਾ ਕੰਮ ਹੋ ਜਾਵੇਗਾ ਅਤੇ ਨਾ ਹੋਵੇ ਤਾਂ ਉਹ ਨੇਚਰ ਦੇ ਅਧੀਨ ਹੈ।

ਸਾਹਮਣੇ ਵਾਲੇ ਦੇ ਦੋਸ਼ ਦਿਖਾਈ ਦੇਣੇ ਬੰਦ ਹੋ ਜਾਣਗੇ ਤਾਂ ਸੰਸਾਰ ਛੁੱਟ ਜਾਵੇਗਾ। ਤੁਹਾਨੂੰ ਗਾਲ੍ਹਾਂ ਕੱਢੇ, ਨੁਕਸਾਨ ਕਰੇ, ਕੁੱਟੇ ਫਿਰ ਵੀ ਦੋਸ਼ ਨਾ ਦਿਖਾਈ ਦੇਵੇ, ਉਦੋਂ ਸੰਸਾਰ ਛੁੱਟ ਜਾਵੇਗਾ। ਨਹੀਂ ਤਾਂ ਸੰਸਾਰ ਛੁੱਟੇਗਾ ਨਹੀ।

ਹੁਣ ਲੋਕਾਂ ਦੇ ਦੋਸ਼ ਦਿਖਾਈ ਦੇਣਾ ਬੰਦ ਹੋ ਗਏ?

**ਪ੍ਰਸ਼ਨ ਕਰਤਾ :** ਹਾਂ, ਦਾਦਾ। ਕਦੇ ਦਿਖਾਈ ਦੇਣ ਤਾਂ ਪ੍ਰਤੀਕ੍ਰਮਣ ਕਰ ਲੈਂਦਾ ਹਾਂ।

**ਦਾਦਾ ਸ਼੍ਰੀ :** ਰਸਤਾ ਇਹ ਹੈ ਕਿ ਦਾਦਾ ਜੀ ਦੀ ਆਗਿਆ ਵਿੱਚ ਰਹਿਣਾ ਹੈ, ਇਹ ਨਿਸ਼ਚੈ ਕਰਕੇ ਦੂਸਰੇ ਦਿਨ ਤੋਂ ਸ਼ੁਰੂ ਕਰ ਦੇਣਾ। ਅਤੇ ਜਿੰਨਾ ਆਗਿਆ ਵਿੱਚ ਨਾ ਰਹਿ ਸਕੇ, ਉਨਾ ਪ੍ਰਤੀਕ੍ਰਮਣ ਕਰਨਾ ਹੈ। ਅਤੇ ਘਰ ਦੇ ਹਰ ਇੱਕ ਮੈਂਬਰ ਨੂੰ ਸੰਤੁਸ਼ਟ ਕਰਨਾ, ਸਮਭਾਵ ਨਾਲ ਨਿਕਾਲ ਕਰਕੇ। ਫਿਰ ਵੀ ਘਰ ਦੇ ਸਾਰੇ ਲੋਕ ਉੱਛਲ ਕੁੱਦ ਕਰਨ ਤਾਂ ਤੁਸੀਂ ਦੇਖਦੇ ਰਹਿਣਾ। ਤੁਹਾਡਾ ਪਿਛਲਾ ਹਿਸਾਬ ਹੈ ਇਸ ਲਈ ਉੱਛਲ ਕੁੱਦ ਕਰਨਗੇ। ਇਹ ਤਾਂ ਅੱਜ ਹੀ ਤੈਅ ਕੀਤਾ ਹੈ। ਸੋ: ਘਰ ਵਿੱਚ ਸਭ ਨੂੰ ਪ੍ਰੇਮ ਨਾਲ ਜਿੱਤੋ। ਉਹ ਤਾਂ ਫਿਰ ਖੁਦ ਤੁਹਾਨੂੰ ਹੀ ਪਤਾ ਚੱਲੇਗਾ ਕਿ ਹੁਣ ਸਭ ਟਿਕਾਣੇ ਤੇ ਆ ਰਿਹਾ ਹੈ। ਫਿਰ ਵੀ, ਜਦੋਂ ਘਰ ਦੇ ਲੋਕ ਅਭਿਪ੍ਰਾਏ ਦੇਣ, ਉਦੋਂ ਹੀ ਮੰਨਣ ਯੋਗ ਹੈ। ਆਖ਼ਿਰ ਵਿੱਚ ਤਾਂ ਉਸਦੇ ਪੱਖ ਵਿੱਚ ਹੀ ਹੋਣਗੇ, ਘਰ ਦੇ ਲੋਕ।

**ਪ੍ਰਸ਼ਨ ਕਰਤਾ :** ਅਸੀਂ ਜੋ ਪ੍ਰਤੀਕ੍ਰਮਣ ਕਰਦੇ ਹਾਂ ਉਸ ਪ੍ਰਤੀਕ੍ਰਮਣ ਦਾ ਪਰਿਣਾਮ ਇਸ ਮੂਲ ਸਿਧਾਂਤ ਤੇ ਹੈ ਕਿ, ਅਸੀਂ ਸਾਹਮਣੇ ਵਾਲੇ ਦੇ ਸ਼ੁੱਧ ਆਤਮਾ ਨੂੰ ਦੇਖਦੇ ਹਾਂ ਤਾਂ ਉਸਦੇ ਪ੍ਰਤੀ ਜੋ ਭਾਵ ਹਨ, ਬੁਰੇ ਭਾਵ ਹਨ, ਉਹ ਘੱਟ ਹੋ ਜਾਣਗੇ ਨਾ?

**ਦਾਦਾ ਸ਼੍ਰੀ :** ਆਪਣੇ ਬੁਰੇ ਭਾਵ ਟੁੱਟ ਜਾਣਗੇ। ਆਪਣੇ ਖੁਦ ਦੇ ਲਈ ਹੀ ਹੈ ਇਹ ਸਭ। ਸਾਹਮਣੇ ਵਾਲੇ ਨੂੰ ਲੈਣਾ-ਦੇਣਾ ਨਹੀਂ ਹੈ। ਸਾਹਮਣੇ ਵਾਲੇ ਨੂੰ ਸ਼ੁੱਧ ਆਤਮਾ ਦੇਖਣ ਦਾ ਹੇਤੂ ਇੰਨਾ ਹੀ ਹੈ ਕਿ ਅਸੀਂ ਸ਼ੁੱਧ ਦਸ਼ਾ ਵਿੱਚ, ਜਾਗ੍ਰਿਤ ਦਸ਼ਾ ਵਿੱਚ ਹਾਂ।

**ਪ੍ਰਸ਼ਨ ਕਰਤਾ :** ਤਾਂ ਉਸਨੂੰ ਸਾਡੇ ਪ੍ਰਤੀ ਜੋ ਬੁਰਾ ਭਾਵ ਹੋਵੇਗਾ, ਉਹ ਘੱਟ ਹੋ ਜਾਵੇਗਾ ਨਾ?

**ਦਾਦਾ ਸ਼੍ਰੀ :** ਨਹੀ, ਘੱਟ ਨਹੀਂ ਹੋਵੇਗਾ। ਤੁਸੀਂ ਪ੍ਰਤੀਕ੍ਰਮਣ ਕਰੋਗੇ ਤਾਂ ਹੋ ਜਾਵੇਗਾ। ਸ਼ੁੱਧ ਆਤਮਾ ਦੇਖਣ ਨਾਲ ਨਹੀਂ ਹੋਵੇਗਾ, ਪਰ ਪ੍ਰਤੀਕ੍ਰਮਣ ਕਰੋਗੇ ਤਾਂ ਹੋ ਜਾਵੇਗਾ।

**ਪ੍ਰਸ਼ਨ ਕਰਤਾ :** ਅਸੀਂ ਪ੍ਰਤੀਕ੍ਰਮਣ ਕਰੀਏ ਤਾਂ ਉਸ ਆਤਮਾ ਤੇ ਅਸਰ ਹੁੰਦਾ ਹੈ ਜਾਂ ਨਹੀ?

**ਦਾਦਾ ਸ਼੍ਰੀ :** ਹੁੰਦਾ ਹੈ, ਅਸਰ ਹੁੰਦਾ ਹੈ। ਸ਼ੁੱਧ ਆਤਮਾ ਦੇਖਣ ਨਾਲ ਵੀ ਫਾਇਦਾ ਹੁੰਦਾ ਹੈ ਪਰ ਤੁਰੰਤ ਫਾਇਦਾ ਨਹੀਂ ਹੁੰਦਾ। ਬਾਅਦ ਵਿੱਚ ਹੌਲੀ, ਹੌਲੀ, ਹੌਲੀ! ਕਿਉਂਕਿ ਸ਼ੁੱਧ ਆਤਮਾ ਰੂਪ ਨਾਲ ਕਿਸੇ ਨੇ ਦੇਖਿਆ ਹੀ ਨਹੀਂ ਹੈ। ਚੰਗਾ ਆਦਮੀ ਅਤੇ ਬੁਰਾ ਆਦਮੀ ਇਸ ਰੂਪ ਨਾਲ ਹੀ ਦੇਖਿਆ ਹੈ। ਬਾਕੀ ਸ਼ੁੱਧ ਆਤਮਾ ਰੂਪ ਨਾਲ ਕਿਸੇ ਨੇ ਦੇਖਿਆ ਨਹੀਂ ਹੈ।

ਜੇ ਸ਼ੇਰ ਦੇ ਪ੍ਰਤੀਕ੍ਰਮਣ ਕਰੀਏ ਤਾਂ ਸ਼ੇਰ ਵੀ ਸਾਡੇ ਕਹੇ ਅਨੁਸਾਰ ਕੰਮ ਕਰੇ। ਸ਼ੇਰ ਵਿੱਚ ਅਤੇ ਮਨੁੱਖ ਵਿੱਚ ਕੋਈ ਫ਼ਰਕ ਨਹੀਂ ਹੈ। ਫ਼ਰਕ ਤਾਂ ਤੁਹਾਡੇ ਸਪੰਦਨਾ ਦਾ ਹੈ, ਜਿਸਦਾ ਉਸ ਉੱਪਰ ਅਸਰ ਹੁੰਦਾ ਹੈ। ਜਦੋਂ ਤੱਕ ਤੁਹਾਡੇ ਧਿਆਨ ਵਿੱਚ ਇਹ ਹੋਵੇਗਾ ਕਿ ਸ਼ੇਰ ਹਿੰਸਕ ਹੈ, ਉਦੋਂ ਤੱਕ ਉਹ ਖੁਦ ਹਿੰਸਕ ਹੀ ਰਹੇਗਾ ਅਤੇ ਸ਼ੇਰ ਸ਼ੁੱਧ ਆਤਮਾ ਹੈ ਇਹ ਧਿਆਨ ਵਿੱਚ ਰਹੇਗਾ ਤਾਂ ਉਹ ਸ਼ੁੱਧ ਆਤਮਾ ਹੀ ਹੈ ਅਤੇ ਅਹਿੰਸਕ ਰਹੇਗਾ। ਸਭ ਕੁੱਝ ਹੋ ਸਕਦਾ ਹੈ, ਏਦਾਂ ਹੈ।

ਇੱਕ ਵਾਰ ਅੰਬ ਦੇ ਦਰਖਤ ਤੇ ਬਾਂਦਰ ਆ ਜਾਵੇ ਅਤੇ ਅੰਬ ਤੋੜ ਦੇਵੇ ਤਾਂ ਪਰਿਣਾਮ ਕਿੱਥੇ ਤੱਕ ਵਿਗੜ ਜਾਂਦੇ ਹਨ? ਕਿ ਇਹ ਅੰਬ ਦਾ ਦਰਖ਼ਤ ਵੱਢ ਦਿੱਤਾ ਹੁੰਦਾ ਤਾਂ ਚੰਗਾ ਸੀ। ਏਦਾਂ ਸੋਚ ਲੈਂਦਾ ਹੈ। ਹੁਣ ਭਗਵਾਨ ਦੀ ਸਾਕਸ਼ੀ ਵਿੱਚ ਨਿਕਲੀ ਹੋਈ ਬਾਣੀ ਵਿਅਰਥ ਥੋੜੇ ਹੀ ਜਾਵੇਗੀ? ਪਰਿਣਾਮ ਨਹੀਂ ਵਿਗੜੇਗਾ ਤਾਂ ਕੁੱਝ ਵੀ ਨਹੀਂ ਹੋਵੇਗਾ। ਸਭ ਕੁੱਝ ਸ਼ਾਂਤ ਹੋ ਜਾਵੇਗਾ, ਬੰਦ ਹੋ ਜਾਵੇਗਾ। ਇਹ ਸਾਰੇ ਆਪਣੇ ਹੀ ਪਰਿਣਾਮ ਹਨ। ਅੱਜ ਤੋਂ ਕਿਸੇ ਦੇ ਲਈ ਸਪੰਦਨ ਕਰਨਾ, ਕਿੰਚਿਤਮਾਤਰ (ਥੋੜਾ ਜਿਹਾ ਵੀ) ਵੀ ਕਿਸੇ ਦੇ ਲਈ ਸੋਚਣਾ ਬੰਦ ਕਰ ਦਿਓ, ਵਿਚਾਰ ਆਵੇ ਤਾਂ ਪ੍ਰਤੀਕ੍ਰਮਣ

ਕਰਕੇ ਧੋ ਦੇਣਾ ਤਾਂ ਪੂਰਾ ਦਿਨ ਬਿਨਾਂ ਕਿਸੇ ਸਪੰਦਨ ਦੇ ਗੁਜਰੇਗਾ! ਇਸ ਤਰ੍ਹਾਂ ਦਿਨ ਗੁਜਰਿਆ ਤਾਂ ਬਹੁਤ ਹੋ ਗਿਆ, ਇਹੀ ਪੁਰਸ਼ਾਰਥ ਹੈ।

ਇਸ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਨਵੇਂ ਪਰਿਆਏ ਅਸ਼ੁੱਧ ਨਹੀਂ ਹੁੰਦੇ, ਪੁਰਾਣੇ ਪਰਿਆਇਆਂ ਨੂੰ ਸ਼ੁੱਧ ਕਰਨਾ ਹੈ ਅਤੇ ਸਮਤਾ ਰੱਖਣੀ ਹੈ। ਸਮਤਾ ਯਾਨੀ ਵੀਤਰਾਗਤਾ। ਨਵੇਂ ਪਰਿਆਏ ਨਹੀਂ ਵਿਗੜਨਗੇ, ਨਵੇਂ ਪਰਿਆਏ ਸ਼ੁੱਧ ਹੀ ਰਹਿਣਗੇ। ਪੁਰਾਣੇ ਪਰਿਆਏ ਅਸ਼ੁੱਧ ਹੋਏ ਹਨ, ਉਹਨਾਂ ਦਾ ਸ਼ੁੱਧੀਕਰਣ ਕਰਨਾ ਹੈ। ਸਾਡੀ ਆਗਿਆ ਵਿੱਚ ਰਹਿਣ ਨਾਲ ਉਸਦਾ ਸ਼ੁੱਧੀਕਰਣ ਹੋਵੇਗਾ ਅਤੇ ਸਮਤਾ ਵਿੱਚ ਰਹਿਣਾ ਹੈ।

**ਪ੍ਰਸ਼ਨ ਕਰਤਾ :** ਦਾਦਾ, ਗਿਆਨ ਪ੍ਰਾਪਤੀ ਤੋਂ ਪਹਿਲਾਂ ਦੇ ਇਸ ਜੀਵਨ ਦੇ ਜੋ ਪਰਿਆਏ ਬਣ ਚੁੱਕੇ ਹਨ, ਉਸਦਾ ਨਿਰਾਕਰਣ ਕਿਵੇਂ ਆਵੇਗਾ?

**ਦਾਦਾ ਸ਼੍ਰੀ :** ਜਦੋਂ ਤੱਕ ਜੀ ਰਹੇ ਹਾਂ, ਉਦੋਂ ਤੱਕ ਪਛਚਾਤਾਪ ਕਰਕੇ ਉਹਨਾਂ ਨੂੰ ਧੋ ਦੇਣਾ ਹੈ, ਪਰ ਉਹ ਕੁੱਝ ਹੀ। ਪੂਰਾ ਨਿਰਾਕਰਣ ਨਹੀਂ ਹੋਵੇਗਾ, ਪਰ ਢਿੱਲਾ ਤਾਂ ਹੋ ਹੀ ਜਾਵੇਗਾ। ਢਿੱਲਾ ਪੈਣ ਤੇ ਅਗਲੇ ਜਨਮ ਵਿੱਚ ਹੱਥ ਲਗਾਇਆ ਕਿ ਤੁਰੰਤ ਗੱਠ ਛੁੱਟ ਜਾਵੇਗੀ।

**ਪ੍ਰਸ਼ਨ ਕਰਤਾ :** ਤੁਹਾਡਾ ਗਿਆਨ ਪ੍ਰਾਪਤ ਹੋਣ ਤੋਂ ਪਹਿਲਾਂ ਨਰਕ ਦਾ ਬੰਧ ਪੈ ਗਿਆ ਹੋਵੇ ਤਾਂ ਨਰਕ ਵਿੱਚ ਜਾਣਾ ਪਵੇਗਾ?

**ਦਾਦਾ ਸ਼੍ਰੀ :** ਏਦਾਂ ਹੈ ਕਿ ਇਹ ਗਿਆਨ ਹੀ ਇਹੋ ਜਿਹਾ ਹੈ ਕਿ ਸਾਰੇ ਪਾਪ ਭਸਮੀਭੂਤ ਹੋ ਜਾਂਦੇ ਹਨ, ਬੰਧ ਛੁੱਟ ਜਾਂਦੇ ਹਨ। ਕੋਈ ਜੇ ਨਰਕ ਵਿੱਚ ਜਾਣ ਵਾਲਾ ਹੋਵੇ, ਪਰ ਜਦੋਂ ਤੱਕ ਜੀ ਰਹੇ ਹਾਂ ਉਨੇ ਸਮੇਂ ਵਿੱਚ, ਉਹ ਪ੍ਰਤੀਕ੍ਰਮਣ ਕਰੇ, ਤਾਂ ਉਸਦਾ ਧੋਤਾ ਜਾਵੇਗਾ। ਚਿੱਠੀ ਪੋਸਟ ਵਿੱਚ ਪਾਉਣ ਤੋਂ ਪਹਿਲਾਂ ਤੁਸੀਂ ਲਿਖ ਦੇਵੋ ਕਿ ਉਕਤ ਵਾਕ ਲਿਖਦੇ ਸਮੇਂ ਮਨ ਦਾ ਠਿਕਾਣਾ ਨਹੀਂ ਸੀ ਤਾਂ ਉਹ ਮਿੱਟ ਜਾਵੇਗਾ।

**ਪ੍ਰਸ਼ਨ ਕਰਤਾ :** ਪਛਚਾਤਾਪ ਨਾਲ ਬੰਧ ਛੁੱਟ ਜਾਣਗੇ?

**ਦਾਦਾ ਸ਼੍ਰੀ :** ਹਾਂ, ਛੁੱਟ ਜਾਂਦੇ ਹਨ। ਕੁੱਝ ਹੀ ਪ੍ਰਕਾਰ ਦੇ ਬੰਧ ਹਨ ਕਿ, ਜੋ ਕਰਮਾਂ ਦਾ ਪਛਚਾਤਾਪ ਕਰਨ ਨਾਲ ਦੂਹਰੀ ਗੱਠ ਵਿੱਚੋਂ ਢਿੱਲੇ ਹੋ ਜਾਣਗੇ। ਆਪਣੇ ਪ੍ਰਤੀਕ੍ਰਮਣ ਵਿੱਚ ਬਹੁਤ ਸ਼ਕਤੀ ਹੈ। ਦਾਦਾ ਨੂੰ ਹਾਜਰ ਰੱਖ ਕੇ ਕਰੋਗੇ ਤਾਂ ਕੰਮ ਹੋ ਜਾਵੇਗਾ।

ਕਰਮ ਦੇ ਧੱਕੇ ਨਾਲ ਜਿੰਨੇ ਜਨਮ ਹੋਣੇ ਹੋਣਗੇ ਉਹ ਹੋਣਗੇ, ਸ਼ਾਇਦ ਇੱਕ-ਦੋ ਜਨਮ, ਪਰ ਉਸ ਤੋਂ ਬਾਅਦ ਸੀਮੰਧਰ ਸੁਆਮੀ ਦੇ ਕੋਲ ਹੀ ਜਾਣਾ ਹੈ। ਇਹ ਇੱਥੇ ਦਾ ਧੱਕਾ, ਪਹਿਲਾਂ ਦੇ ਬੰਨੇ ਹੋਏ ਹਿਸਾਬ ਅਨੁਸਾਰ, ਕੁੱਝ ਚਿਕਣਾ ਹੋ ਗਿਆ ਹੋਵੇਗਾ, ਉਹ ਪੂਰਾ ਹੋ ਜਾਵੇਗਾ। ਉਸ ਵਿੱਚ ਕੋਈ ਚਾਰਾ ਹੀ ਨਹੀਂ ਹੈ! ਇਹ ਤਾਂ ਰਘਾ ਸੁਨਾਰ ਦਾ ਤਰਾਜੂ ਹੈ। ਨਿਆਂ, ਜਬਰਦਸਤ ਨਿਆਂ! ਸ਼ੁੱਧ ਨਿਆਂ! ਪਿਓਰ ਨਿਆਂ! ਇਸ ਵਿੱਚ ਨਹੀਂ ਚੱਲਦੀ ਪੋਲਮਪੋਲ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਨ ਨਾਲ ਕਰਮ ਦੇ ਧੱਕੇ ਘੱਟ ਹੋ ਜਾਂਦੇ ਹਨ?

**ਦਾਦਾ ਸ਼੍ਰੀ :** ਘੱਟ ਹੁੰਦੇ ਹਨ ਨਾ! ਅਤੇ ਜਲਦੀ ਹੱਲ ਆ ਜਾਂਦਾ ਹੈ।

**ਪ੍ਰਸ਼ਨ ਕਰਤਾ :** ਜਿਸ ਤੋਂ ਮਾਫ਼ੀ ਮੰਗਣੀ ਹੈ, ਜੇ ਉਸ ਵਿਅਕਤੀ ਦਾ ਦੇਹ ਵਿਲਯ ਹੋ ਗਿਆ ਹੋਵੇ ਤਾਂ ਕਿਵੇਂ ਕਰਨਾ ਚਾਹੀਦਾ ਹੈ?

**ਦਾਦਾ ਸ਼੍ਰੀ :** ਦੇਹ ਵਿਲਯ ਹੋ ਚੁੱਕਿਆ ਹੋਵੇ, ਫਿਰ ਵੀ ਤੁਹਾਡੇ ਕੋਲ ਉਸਦੀ ਫੋਟੋ ਹੋਵੇ, ਉਸਦਾ ਚਿਹਰਾ ਯਾਦ ਹੋਵੇ, ਤਾਂ ਕਰ ਸਕਦੇ ਹਾਂ। ਚਿਹਰਾ ਜ਼ਰਾ ਵੀ ਯਾਦ ਨਾ ਹੋਵੇ ਅਤੇ ਨਾਮ ਪਤਾ ਹੋਵੇ ਤਾਂ ਨਾਮ ਲੈ ਕੇ ਵੀ ਕਰ ਸਕਦੇ ਹਾਂ, ਤਾਂ ਸਭ ਉਸ ਨੂੰ ਪਹੁੰਚ ਜਾਵੇਗਾ।

## 23. ਮਨ ਮਨਾਏ ਮਾਤਮ ਤਾਂ.....

ਮਹਾਤਮਾਵਾਂ ਨੂੰ ਭਾਵ-ਅਭਾਵ ਹੁੰਦਾ ਹੈ ਪਰ ਉਹ ਨਿਕਾਲੀ ਕਰਮ ਹੈ। ਭਾਵ ਕਰਮ ਨਹੀਂ ਹੈ। ਕ੍ਰੋਧ-ਮਾਨ-ਮਾਇਆ-ਲੋਭ-ਰਾਗ-ਦਵੇਸ਼ ਅਤੇ ਭਾਵਾਭਾਵ, ਉਹ ਸਾਰੇ ਨਿਕਾਲੀ ਕਰਮ ਹਨ। ਉਹਨਾਂ ਦਾ ਸਮਭਾਵ ਨਾਲ

ਨਿਕਾਲ ਕਰਨਾ ਹੈ। ਇਹਨਾਂ ਕਰਮਾ ਦਾ ਨਿਕਾਲ ਪ੍ਰਤੀਕ੍ਰਮਣ ਸਹਿਤ ਹੋਵੇਗਾ, ਐਵੇਂ ਹੀ ਨਿਕਾਲ ਨਹੀਂ ਹੋਵੇਗਾ।

**ਪ੍ਰਸ਼ਨ ਕਰਤਾ :** ਜੇ ਕਦੇ ਕੋਈ ਸਾਡਾ ਅਪਮਾਨ ਕਰ ਦੇਵੇ ਤਾਂ ਓਦੋਂ ਮਨ ਤੋਂ ਪ੍ਰਤੀਕਾਰ ਜਾਰੀ ਰਹਿੰਦਾ ਹੈ ਅਤੇ ਬਾਣੀ ਤੋਂ ਪ੍ਰਤੀਕਾਰ ਸ਼ਾਇਦ ਨਹੀਂ ਵੀ ਹੁੰਦਾ।

**ਦਾਦਾ ਸ਼੍ਰੀ :** ਸਾਨੂੰ ਤਾਂ ਇਸ ਵਿੱਚ ਹਰਜ਼ ਨਹੀਂ ਹੈ ਕਿ ਉਸ ਸਮੇਂ ਕੀ ਹੋਇਆ। ਓਏ, ਦੇਹ ਤੋਂ ਵੀ ਪ੍ਰਤੀਕਾਰ ਹੋ ਜਾਵੇ। ਫਿਰ ਵੀ ਉਹ ਜਿੰਨੀ-ਜਿੰਨੀ ਸ਼ਕਤੀ ਹੁੰਦੀ ਹੈ, ਉਸਦੇ ਅਨੁਸਾਰ ਵਿਹਾਰ ਹੁੰਦਾ ਹੈ। ਜਿਸਦੀ ਸੰਪੂਰਣ ਸ਼ਕਤੀ ਉਤਪੰਨ ਹੋ ਚੁੱਕੀ ਹੋਵੇ, ਉਸਦੇ ਮਨ ਦਾ ਪ੍ਰਤੀਕਾਰ ਵੀ ਬੰਦ ਹੋ ਜਾਂਦਾ ਹੈ। ਫਿਰ ਵੀ ਅਸੀਂ ਕੀ ਕਹਿੰਦੇ ਹਾਂ? ਮਨ ਤੋਂ ਪ੍ਰਤੀਕਾਰ ਜਾਰੀ ਰਹੇ, ਬਾਣੀ ਤੋਂ ਪ੍ਰਤੀਕਾਰ ਹੋ ਜਾਵੇ, ਓਏ! ਦੇਹ ਤੋਂ ਵੀ ਪ੍ਰਤੀਕਾਰ ਹੋ ਜਾਵੇ ਜਾਂ ਤਿੰਨੇ ਤਰ੍ਹਾਂ ਦੀ ਨਿਰਬਲਤਾ ਉਤਪੰਨ ਹੋ ਜਾਵੇ, ਤਾਂ ਉੱਥੇ ਤਿੰਨੇ ਤਰ੍ਹਾਂ ਦਾ ਪ੍ਰਤੀਕ੍ਰਮਣ ਕਰਨਾ ਹੋਵੇਗਾ।

**ਪ੍ਰਸ਼ਨ ਕਰਤਾ :** ਵਿਚਾਰ ਦੇ ਪ੍ਰਤੀਕ੍ਰਮਣ ਕਰਨੇ ਪੈਂਦੇ ਹਨ?

**ਦਾਦਾ ਸ਼੍ਰੀ :** ਵਿਚਾਰਾਂ ਨੂੰ ਦੇਖਣਾ ਹੈ। ਉਸਦੇ ਪ੍ਰਤੀਕ੍ਰਮਣ ਨਹੀਂ ਹੁੰਦੇ। ਜੇ ਕਿਸੇ ਦੇ ਲਈ ਬਹੁਤ ਬੁਰੇ ਵਿਚਾਰ ਹੋਣ ਤਾਂ ਉਸਦੇ ਪ੍ਰਤੀਕ੍ਰਮਣ ਕਰਨੇ ਹੋਣਗੇ। ਪਰ ਕਿਸੇ ਦਾ ਨੁਕਸਾਨ ਕਰਨ ਵਾਲੀ ਚੀਜ ਹੋਵੇ, ਉਦੋਂ ਹੀ। ਐਵੇ ਹੀ ਆਵੇ, ਕੁੱਝ ਵੀ ਆਵੇ, ਗਾਂ, ਮੱਝ ਦੇ, ਸਭ ਤਰ੍ਹਾਂ ਦੇ ਵਿਚਾਰ ਆਉਣ, ਉਹ ਤਾਂ ਗਿਆਨ ਹਾਜ਼ਰ ਕਰਕੇ ਦੇਖਣ ਨਾਲ ਉੱਡ ਜਾਣਗੇ। ਉਸਨੂੰ ਸਿਰਫ਼ ਦੇਖਣਾ ਹੈ। ਉਸਦੇ ਪ੍ਰਤੀਕ੍ਰਮਣ ਨਹੀਂ ਕਰਨੇ ਹੁੰਦੇ। ਪ੍ਰਤੀਕ੍ਰਮਣ ਤਾਂ ਜੇਕਰ ਸਾਡਾ ਤੀਰ ਕਿਸੇ ਨੂੰ ਲੱਗ ਜਾਵੇ ਉਦੋਂ ਹੀ ਕਰਨੇ ਹਨ।

ਤੁਸੀਂ ਇੱਥੇ ਸਤਿਸੰਗ ਵਿੱਚ ਆਏ ਅਤੇ ਇੱਥੇ ਕੁੱਝ ਲੋਕ ਖੜੇ ਹੋਣ ਤਾਂ ਜੇ ਮਨ ਵਿੱਚ ਹੋਵੇ ਕਿ ਇਹ ਸਭ ਕਿਉਂ ਖੜੇ ਹਨ? ਇਸ ਤਰ੍ਹਾਂ ਮਨ ਦੇ ਭਾਵ ਵਿਗੜ ਜਾਣ, ਉਸ ਭੁੱਲ ਦੇ ਲਈ ਉਸਦਾ ਤੁਰੰਤ ਹੀ ਪ੍ਰਤੀਕ੍ਰਮਣ ਕਰਨਾ ਪਵੇਗਾ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਮ ਫ਼ਲ ਦੇ ਕਰਨੇ ਹਨ ਜਾਂ ਸੂਖਮ ਦੇ ਕਰਨੇ ਹਨ?

**ਦਾਦਾ ਸ਼੍ਰੀ :** ਸੂਖਮ ਦੇ ਹੁੰਦੇ ਹਨ।

**ਪ੍ਰਸ਼ਨ ਕਰਤਾ :** ਵਿਚਾਰ ਦੇ ਜਾਂ ਭਾਵ ਦੇ?

**ਦਾਦਾ ਸ਼੍ਰੀ :** ਭਾਵ ਦੇ। ਵਿਚਾਰ ਦੇ ਪਿੱਛੇ ਭਾਵ ਹੁੰਦੇ ਹੀ ਹਨ। ਅਤੀਕ੍ਰਮਣ ਹੋਇਆ ਤਾਂ ਉਸਦਾ ਪ੍ਰਤੀਕ੍ਰਮਣ ਕਰਨਾ ਹੀ ਚਾਹੀਦਾ ਹੈ। ਅਤੀਕ੍ਰਮਣ ਤਾਂ ਮਨ ਵਿੱਚ ਬੁਰਾ ਵਿਚਾਰ ਆਵੇ, ਇਸ ਭੈਣ ਦੇ ਲਈ ਬੁਰਾ ਵਿਚਾਰ ਆਇਆ, ਤਾਂ 'ਵਿਚਾਰ ਚੰਗਾ ਹੋਣਾ ਚਾਹੀਦਾ ਹੈ।' ਏਦਾਂ ਕਹਿ ਕੇ ਉਸਨੂੰ ਬਦਲ ਦੇਣਾ ਚਾਹੀਦਾ ਹੈ। ਮਨ ਵਿੱਚ ਇਸ ਤਰ੍ਹਾਂ ਲੱਗੇ ਕਿ ਇਹ ਨਲਾਇਕ ਹੈ, ਤਾਂ ਇਹ ਵਿਚਾਰ ਕਿਉਂ ਆਇਆ? ਤੁਹਾਨੂੰ ਉਸਦੀ ਲਾਇਕੀ-ਨਲਾਇਕੀ ਦੇਖਣ ਦਾ ਰਾਈਟ (ਅਧਿਕਾਰ) ਨਹੀਂ ਹੈ। ਅਤੇ ਅਸਪਸ਼ਟ ਰੂਪ ਵਿੱਚ ਕਹਿਣਾ ਹੋਵੇ ਤਾਂ ਕਹਿਣਾ ਕਿ 'ਸਾਰੇ ਚੰਗੇ ਹਨ, ਚੰਗੇ ਹਨ' ਕਹਾਂਗੇ ਤਾਂ ਕਰਮ ਦੋਸ਼ ਨਹੀਂ ਲੱਗੇਗਾ, ਪਰ ਜੇ ਨਲਾਇਕ ਕਹੋਗੇ ਤਾਂ ਉਹ ਅਤੀਕ੍ਰਮਣ ਕਹਾਵੇਗਾ, ਇਸ ਲਈ ਉਸਦਾ ਪ੍ਰਤੀਕ੍ਰਮਣ ਜਰੂਰ ਕਰਨਾ ਪਵੇਗਾ। ਨਾਪਸੰਦ ਚੀਜ਼ ਸਾਫ਼ ਮਨ ਨਾਲ ਸਹਿਨ ਹੋ ਸਕੇਗੀ, ਉਦੋਂ ਵੀਤਰਾਗ ਬਣੋਗੇ।

**ਪ੍ਰਸ਼ਨ ਕਰਤਾ :** ਸਾਫ਼ ਮਨ ਯਾਨੀ ਕੀ?

**ਦਾਦਾ ਸ਼੍ਰੀ :** ਸਾਫ਼ ਮਨ ਯਾਨੀ ਸਾਹਮਣੇ ਵਾਲੇ ਦੇ ਲਈ ਬੁਰਾ ਵਿਚਾਰ ਨਾ ਆਉਣਾ। ਯਾਨੀ ਕੀ ਕਿ ਨਿਮਿਤ ਨੂੰ ਕੱਟਣਾ ਨਹੀ। ਸ਼ਾਇਦ ਸਾਹਮਣੇ ਵਾਲੇ ਦੇ ਲਈ ਬੁਰਾ ਵਿਚਾਰ ਆਵੇ ਤਾਂ ਤੁਰੰਤ ਹੀ ਪ੍ਰਤੀਕ੍ਰਮਣ ਕਰੇ ਅਤੇ ਉਸਨੂੰ ਧੋ ਦੇਵੇ।

**ਪ੍ਰਸ਼ਨ ਕਰਤਾ :** ਮਨ ਸਾਫ਼ ਹੋ ਜਾਵੇ ਉਹ ਤਾਂ ਆਖਿਰੀ ਸਟੇਜ਼ ਦੀ ਗੱਲ ਹੈ ਨਾ? ਅਤੇ ਜਦੋਂ ਤੱਕ ਪੂਰੀ ਤਰ੍ਹਾਂ ਸਾਫ਼ ਨਹੀਂ ਹੋਇਆ, ਉਦੋਂ ਤੱਕ ਪ੍ਰਤੀਕ੍ਰਮਣ ਕਰਨੇ ਪੈਣਗੇ ਨਾ?

**ਦਾਦਾ ਸ਼੍ਰੀ :** ਹਾਂ। ਉਹ ਸਹੀ ਹੈ, ਪਰ ਕੁੱਝ ਚੀਜ਼ਾਂ ਵਿੱਚ ਸਾਫ਼ ਹੋ ਗਿਆ ਹੋਵੇ ਅਤੇ ਕੁੱਝ ਚੀਜਾਂ ਵਿੱਚ ਨਾ ਹੋਇਆ ਹੋਵੇ, ਉਹ ਸਾਰੇ ਸਟੈਪਿੰਗ ਹਨ। ਜਿੱਥੇ ਸਾਫ਼ ਨਾ ਹੋਇਆ ਹੋਵੇ ਉੱਥੇ ਪ੍ਰਤੀਕ੍ਰਮਣ ਕਰਨਾ ਹੋਵੇਗਾ।

ਅਸੀਂ ਸ਼ੁੱਧ ਆਤਮਾ ਦਾ ਬਹੀਖ਼ਾਤਾ ਸਾਫ਼ ਰੱਖਣਾ ਹੈ। ਸੋ: ਚੰਦੂਭਾਈ ਨੂੰ ਰਾਤ ਨੂੰ ਕਹਿਣਾ ਕਿ ਜਿਨ੍ਹਾਂ-ਜਿਨ੍ਹਾਂ ਦੇ ਦੋਸ਼ ਦੇਖੇ ਹੋਣ, ਉਹਨਾਂ ਦੇ ਨਾਲ ਦਾ ਬਹੀਖਾਤਾ ਸਾਫ਼ ਕਰ ਦੇਵੋ। ਮਨ ਦੇ ਭਾਵ ਵਿਗੜ ਜਾਣ ਤਾਂ ਪ੍ਰਤੀਕ੍ਰਮਣ ਨਾਲ ਸਭ ਸਵੱਛ, ਸਾਫ਼ ਕਰ ਲੈਣਾ ਚਾਹੀਦਾ ਹੈ, ਹੋਰ ਕੋਈ ਉਪਾਅ ਨਹੀਂ ਹੈ। ਇੰਨਕਮਟੈਕਸ ਵਾਲਾ ਵੀ ਦੋਸ਼ਿਤ ਨਹੀਂ ਦਿਖੇ ਏਦਾਂ ਪ੍ਰਤੀਕ੍ਰਮਣ ਕਰਕੇ ਰਾਤ ਨੂੰ ਸੌਂ ਜਾਣਾ। ਪੂਰੇ ਜਗਤ ਨੂੰ ਨਿਰਦੋਸ਼ ਦੇਖ ਕੇ ਫਿਰ ਚੰਦੂਭਾਈ ਨੂੰ ਸੌਣ ਲਈ ਕਹਿਣਾ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਪ੍ਰਤੱਖ ਹੋਣਾ ਚਾਹੀਦਾ ਹੈ ਨਾ?

**ਦਾਦਾ ਸ਼੍ਰੀ :** ਪ੍ਰਤੀਕ੍ਰਮਣ ਬਾਅਦ ਵਿੱਚ ਵੀ ਹੋਵੇ ਤਾਂ ਵੀ ਹਰਜ਼ ਨਹੀਂ ਹੈ।

**ਪ੍ਰਸ਼ਨ ਕਰਤਾ :** ਮੈਂ ਤੁਹਾਡੀ ਉਲੰਘਣਾ ਕੀਤੀ ਹੋਵੇ, ਅਸ਼ਾਤਨਾ (ਵਿਰਾਧਨਾ) ਕੀਤੀ ਹੋਵੇ ਤਾਂ ਮੈਨੂੰ ਤੁਹਾਡੇ ਸਨਮੁੱਖ ਆ ਕੇ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ ਨਾ?

**ਦਾਦਾ ਸ਼੍ਰੀ :** ਜੇ ਸਨਮੁੱਖ ਆ ਕੇ ਕਰੋ ਤਾਂ ਚੰਗੀ ਗੱਲ ਹੈ। ਉਹ ਨਾ ਹੋ ਸਕੇ ਅਤੇ ਬਾਅਦ ਵਿੱਚ ਕਰੋ ਤਾਂ ਵੀ ਉਹੀ ਫ਼ਲ ਮਿਲੇਗਾ।

ਅਸੀਂ ਕੀ ਕਹਿੰਦੇ ਹਾਂ, ਤੁਹਾਨੂੰ ਦਾਦਾ ਦੇ ਲਈ ਇਹੋ ਜਿਹੇ ਉਲਟੇ ਵਿਚਾਰ ਆਉਂਦੇ ਹਨ, ਇਸ ਲਈ ਤੁਸੀਂ ਉਸਦੇ ਪ੍ਰਤੀਕ੍ਰਮਣ ਕਰਦੇ ਰਹੋ। ਕਿਉਂਕਿ ਉਸ ਵਿਚਾਰੇ ਦਾ ਕੀ ਦੋਸ਼? ਵਿਰਾਧਕ ਸੁਭਾਅ ਹੈ। ਅੱਜ ਦੇ ਸਭ ਮਨੁੱਖਾਂ ਦਾ ਸੁਭਾਅ ਹੀ ਵਿਰਾਧਕ ਹੈ। ਦੂਸ਼ਮਕਾਲ ਵਿੱਚ ਵਿਰਾਧਕ ਜੀਵ ਹੀ ਹੁੰਦੇ ਹਨ। ਆਰਾਧਕ ਜੀਵ ਸਾਰੇ ਚਲੇ ਗਏ। ਇਹ ਜੋ ਬਚੇ ਹਨ, ਉਹਨਾਂ ਵਿੱਚੋਂ ਸੁਧਾਰ ਹੋ ਸਕੇ, ਇਹੋ ਜਿਹੇ ਵੀ ਕਈ ਜੀਵ ਹਨ, ਬਹੁਤ ਉੱਚੀਆਂ ਆਤਮਾਵਾਂ ਹਨ ਹਾਲੇ ਵੀ ਇਹਨਾਂ ਵਿੱਚ!

ਸਾਡੇ ਲਈ ਉਲਟਾ ਵਿਚਾਰ ਆਵੇ ਤਾਂ ਪ੍ਰਤੀਕ੍ਰਮਣ ਕਰ ਲੈਣਾ। ਮਨ ਤਾਂ 'ਗਿਆਨੀ ਪੁਰਖ' ਦੇ ਲਈ ਵੀ ਉਲਟਾ ਸੋਚ ਸਕਦਾ ਹੈ। ਮਨ ਕੀ ਨਹੀਂ ਕਰ ਸਕਦਾ? ਜਲ਼ਿਆ ਹੋਇਆ ਮਨ ਸਾਹਮਣੇ ਵਾਲੇ ਨੂੰ ਜਲਾਉਂਦਾ ਹੈ। ਜਲਿਆ ਹੋਇਆ ਮਨ ਤਾਂ ਭਗਵਾਨ ਮਹਾਵੀਰ ਨੂੰ ਵੀ ਜਲਾ ਦੇਵੇ।

**ਪ੍ਰਸ਼ਨ ਕਰਤਾ :** 'ਜੋ ਗਏ ਉਹ ਕਿਸੇ ਦਾ ਕੁੱਝ ਭਲਾ ਨਹੀਂ ਕਰ ਸਕਦੇ' ਤਾਂ ਫਿਰ ਕੀ ਮਹਾਵੀਰ ਦਾ ਅਵਰਣਵਾਦ ਉਹਨਾਂ ਤੱਕ ਪਹੁੰਚਦਾ ਹੈ?

**ਦਾਦਾ ਸ਼੍ਰੀ :** ਨਹੀ, ਉਹ ਸਵੀਕਾਰ ਨਹੀਂ ਕਰਦੇ। ਇਸ ਲਈ ਰਿਟਰਨ ਵਿਦ ਥੈਂਕਸ ਡਬਲ ਹੋ ਕੇ ਆਵੇਗਾ। ਇਸ ਲਈ ਖੁਦ, ਆਪਣੇ ਲਈ ਬਾਰ-ਬਾਰ ਮਾਫ਼ੀ ਮੰਗਦੇ ਰਹਿਣਾ। ਤੁਹਾਨੂੰ ਜਦੋਂ ਤੱਕ ਉਹ ਸ਼ਬਦ ਯਾਦ ਨਹੀਂ ਆਉਂਦਾ, ਉਦੋਂ ਤੱਕ ਬਾਰ-ਬਾਰ ਮਾਫ਼ੀ ਮੰਗਦੇ ਰਹਿਣਾ। ਮਹਾਵੀਰ ਦਾ ਅਵਰਣਵਾਦ ਕੀਤਾ ਹੋਵੇ ਤਾਂ ਬਾਰ-ਬਾਰ ਮਾਫ਼ੀ ਮੰਗਦੇ ਰਹਿਣਾ, ਤਾਂ ਤੁਰੰਤ ਮਿਟ ਜਾਵੇਗਾ, ਬੱਸ। ਉਹਨਾਂ ਨੂੰ ਪਹੁੰਚਦਾ ਜ਼ਰੂਰ ਹੈ, ਪਰ ਉਹ ਸਵੀਕਾਰ ਨਹੀਂ ਕਰਦੇ। ਛੱਡਿਆ ਹੋਇਆ ਤੀਰ ਪਹੁੰਚਦਾ ਜ਼ਰੂਰ ਹੈ ਪਰ ਉਹ ਸਵੀਕਾਰ ਨਹੀਂ ਕਰਦੇ।

## 24. ਅਜੀਵਨ ਬਹਾਵ ਵਿੱਚ ਡੁੱਬਦੇ ਹੋਏ ਨੂੰ ਪਾਰ ਉਤਾਰੇ ਗਿਆਨ

**ਪ੍ਰਸ਼ਨ ਕਰਤਾ :** ਯਾਦ ਕਰਨ ਨਾਲ ਪਿਛਲੇ ਦੋਸ਼ ਦੇਖੇ ਜਾ ਸਕਦੇ ਹਨ?

**ਦਾਦਾ ਸ਼੍ਰੀ :** ਅਸਲ ਵਿੱਚ ਪਿਛਲੇ ਦੋਸ਼ ਉਪਯੋਗ ਨਾਲ ਹੀ ਦੇਖੇ ਜਾ ਸਕਦੇ ਹਨ, ਯਾਦ ਕਰਨ ਨਾਲ ਨਹੀਂ ਦਿਖਦੇ। ਯਾਦ ਕਰਨ ਨਾਲ ਤਾਂ ਸਿਰ ਖੁਰਕਣਾ ਪੈਂਦਾ ਹੈ। ਆਵਰਣ ਆ ਜਾਂਦਾ ਹੈ ਇਸ ਲਈ ਯਾਦ ਕਰਨਾ ਪੈਂਦਾ ਹੈ ਨਾ? ਜੇ ਕਿਸੇ ਦੇ ਨਾਲ ਝੰਜਟ ਹੋ ਜਾਵੇ ਤਾਂ ਉਸਦਾ ਪ੍ਰਤੀਕ੍ਰਮਣ ਕਰਨ ਨਾਲ ਉਹ ਵਿਅਕਤੀ (ਚਿਤ ਵਿੱਚ) ਹਾਜਰ ਹੋ ਹੀ ਜਾਵੇਗਾ, ਸਿਰਫ਼ ਉਸ ਤਰ੍ਹਾਂ ਉਪਯੋਗ ਹੀ ਰੱਖਣਾ ਹੈ। ਆਪਣੇ ਮਾਰਗ ਵਿੱਚ ਯਾਦ ਕਰਨਾ ਤਾਂ ਹੈ ਹੀ ਨਹੀ। ਯਾਦ ਕਰਨਾ ਤਾਂ 'ਮੈਮਰੀ' ਦੇ ਅਧੀਨ ਹੈ। ਜੋ ਯਾਦ ਆਉਂਦਾ ਹੈ

ਉਹ ਪ੍ਰਤੀਕ੍ਰਮਣ ਕਰਵਾਉਂਣ ਦੇ ਲਈ ਆਉਂਦਾ ਹੈ, ਸਾਫ਼ ਕਰਵਾਉਣ ਦੇ ਲਈ।

'ਇਸ ਸੰਸਾਰ ਦੀ ਕੋਈ ਵੀ ਵਿਨਾਸ਼ੀ ਚੀਜ਼ ਮੈਨੂੰ ਨਹੀਂ ਚਾਹੀਦੀ' ਏਦਾਂ ਤੁਸੀਂ ਤੈਅ ਕੀਤਾ ਹੈ ਨਾ? ਫਿਰ ਵੀ ਯਾਦ ਕਿਉਂ ਆਉਂਦਾ ਹੈ? ਇਸ ਲਈ ਪ੍ਰਤੀਕ੍ਰਮਣ ਕਰੋ। ਪ੍ਰਤੀਕ੍ਰਮਣ ਕਰਨ ਦੇ ਬਾਵਜੂਦ ਵੀ ਵਾਪਸ ਯਾਦ ਆਵੇ ਤਾਂ ਤੁਸੀਂ ਸਮਝਣਾ ਕਿ ਹਾਲੇ ਵੀ ਇਹ ਸ਼ਿਕਾਇਤ ਹੈ! ਇਸ ਲਈ ਫਿਰ ਤੋਂ ਪ੍ਰਤੀਕ੍ਰਮਣ ਹੀ ਕਰਨਾ ਹੈ।

ਇਹ ਰਾਗ-ਦਵੇਸ਼ ਦੀ ਵਜ੍ਹਾ ਨਾਲ ਹੈ। ਜੇ ਯਾਦ ਨਾ ਆਉਂਦਾ ਤਾਂ ਉਲਝੀ ਹੋਈ ਗੁੱਥੀ ਭੁੱਲ ਗਏ ਹੁੰਦੇ। ਤੁਹਾਨੂੰ ਕਿਉਂ ਕੋਈ ਫੌਰਨਰਸ (ਵਿਦੇਸ਼ੀ) ਯਾਦ ਨਹੀਂ ਆਉਂਦੇ ਅਤੇ ਮਰੇ ਹੋਏ ਕਿਉਂ ਯਾਦ ਆਉਂਦੇ ਹਨ? ਇਹ ਹਿਸਾਬ ਹੈ ਅਤੇ ਇਹ ਰਾਗ-ਦਵੇਸ਼ ਦੀ ਵਜ੍ਹਾ ਨਾਲ ਹੈ। ਉਸਦਾ ਪ੍ਰਤੀਕ੍ਰਮਣ ਕਰਨ ਨਾਲ ਆਸਕਤੀ ਖਤਮ ਹੋ ਜਾਵੇਗੀ। ਇੱਛਾਵਾਂ ਹੁੰਦੀਆਂ ਹਨ ਕਿਉਂਕਿ ਉਹਨਾਂ ਦੇ ਪ੍ਰਤਿਆਖਿਆਨ ਨਹੀਂ ਹੋਏ ਇਸ ਲਈ। ਯਾਦ ਆਉਂਦਾ ਹੈ ਕਿਉਂਕਿ ਪ੍ਰਤੀਕ੍ਰਮਣ ਨਹੀਂ ਕੀਤੇ ਇਸ ਲਈ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਮਾਲਕੀ ਭਾਵ ਦਾ ਹੁੰਦਾ ਹੈ ਨਾ?

**ਦਾਦਾ ਸ਼੍ਰੀ:** ਮਾਲਕੀ ਭਾਵ ਦਾ ਪ੍ਰਤਿਆਖਿਆਨ ਹੁੰਦਾ ਹੈ ਅਤੇ ਦੋਸ਼ਾਂ ਦਾ ਪ੍ਰਤੀਕ੍ਰਮਣ ਹੁੰਦਾ ਹੈ।

**ਪ੍ਰਸ਼ਨ ਕਰਤਾ :** ਪ੍ਰਤੀਕ੍ਰਮਣ ਕਰਨ ਦੇ ਬਾਵਜੂਦ ਵੀ ਬਾਰ-ਬਾਰ ਉਹ ਗੁਨਾਹ ਯਾਦ ਆਵੇ ਤਾਂ ਕੀ ਉਸਦਾ ਮਤਲਬ ਇਹ ਹੈ ਕਿ, ਉਸ ਤੋਂ ਹਾਲੇ ਵੀ ਮੁਕਤ ਨਹੀਂ ਹੋਏ ਹਾਂ?

**ਦਾਦਾ ਸ਼੍ਰੀ :** ਇਹ ਪਿਆਜ ਦੀ ਇੱਕ ਪਰਤ ਨਿੱਕਲ ਜਾਵੇ ਤਾਂ ਦੂਸਰੀ ਪਰਤ ਆਪਣੇ ਆਪ ਆ ਕੇ ਖੜੀ ਰਹੇਗੀ। ਇਸੇ ਤਰ੍ਹਾਂ ਇਹ ਗੁਨਾਹ ਕਈ ਪਰਤਾਂ ਵਾਲੇ ਹਨ। ਇਸ ਲਈ ਇੱਕ ਪ੍ਰਤੀਕ੍ਰਮਣ ਕਰਨ ਨਾਲ ਇੱਕ ਪਰਤ ਹਟੇਗੀ, ਏਦਾਂ ਕਰਦੇ-ਕਰਦੇ ਸੌ ਪ੍ਰਤੀਕ੍ਰਮਣ ਕਰਨ ਨਾਲ ਉਹ ਖਤਮ ਹੋਵੇਗਾ। ਕੁੱਝ ਦੋਸ਼ਾਂ ਦੇ ਪੰਜ ਪ੍ਰਤੀਕ੍ਰਮਣ ਕਰੋਗੇ, ਤਾਂ ਉਹ ਖਤਮ ਹੋਣਗੇ, ਕੁੱਝ

ਦੇ ਦਸ ਅਤੇ ਕੁੱਝ ਦੇ ਸੌ ਹੋਣਗੇ। ਉਸਦੀਆਂ ਜਿੰਨੀਆਂ ਪਰਤਾਂ ਹੋਣਗੀਆਂ ਉਨੇ ਪ੍ਰਤੀਕ੍ਰਮਣ ਹੋਣਗੇ। ਲੰਬਾ ਚੱਲੇ ਤਾਂ ਇਸਦਾ ਮਤਲਬ ਗੁਨਾਹ ਉਨਾਂ ਹੀ ਲੰਬਾ ਹੈ।

**ਪ੍ਰਸ਼ਨ ਕਰਤਾ :** ਜੋ ਯਾਦ ਆਵੇ, ਉਸਦੇ ਲਈ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ ਅਤੇ ਜਿਸਦੀ ਇੱਛਾ ਹੋਵੇ ਉਸਦੇ ਲਈ ਪ੍ਰਤਿਆਖਿਆਨ ਕਰਨਾ ਚਾਹੀਦਾ ਹੈ। ਇਹ ਜ਼ਰਾ ਸਮਝਾਓ।

**ਦਾਦਾ ਸ਼੍ਰੀ :** ਜਦੋਂ ਯਾਦ ਆਉਂਦਾ ਹੈ ਤਾਂ ਸਮਝਣਾ ਕਿ ਇੱਥੇ ਜਿਆਦਾ ਗਾੜਾ ਹੈ, ਤਾਂ ਉੱਥੇ ਪ੍ਰਤੀਕ੍ਰਮਣ ਕਰਦੇ ਰਹਿਣ ਨਾਲ ਸਭ ਛੁੱਟ ਜਾਵੇਗਾ।

**ਪ੍ਰਸ਼ਨ ਕਰਤਾ :** ਉਹ ਜਿੰਨੀ ਵਾਰੀ ਯਾਦ ਆਵੇ ਉਨੀ ਵਾਰੀ ਕਰਨਾ ਹੈ?

**ਦਾਦਾ ਸ਼੍ਰੀ :** ਹਾਂ, ਉਨੀ ਵਾਰੀ ਕਰਨਾ ਹੈ। ਤੁਸੀਂ ਕਰਨ ਦਾ ਭਾਵ ਰੱਖਣਾ। ਏਦਾਂ ਹੈ ਨਾ, ਯਾਦ ਆਉਣ ਦੇ ਲਈ ਸਮਾਂ ਤਾਂ ਚਾਹੀਦਾ ਹੈ ਨਾ! ਤਾਂ ਇਸਦਾ ਸਮਾਂ ਮਿਲਣ ਤੇ, ਰਾਤ ਨੂੰ ਕੀ ਯਾਦ ਨਹੀਂ ਆਉਂਦੇ ਹੋਣਗੇ?

**ਪ੍ਰਸ਼ਨ ਕਰਤਾ :** ਉਹ ਤਾਂ ਜੇ ਕੋਈ ਸੰਯੋਗ ਹੋਵੇ ਤਾਂ।

**ਦਾਦਾ ਸ਼੍ਰੀ :** ਹਾਂ, ਸੰਯੋਗਾਂ ਦੀ ਵਜ੍ਹਾ ਨਾਲ।

**ਪ੍ਰਸ਼ਨ ਕਰਤਾ :** ਅਤੇ ਇੱਛਾਵਾਂ ਹੋਣ ਤਾਂ?

**ਦਾਦਾ ਸ਼੍ਰੀ :** ਇੱਛਾ ਹੋਣਾ ਯਾਨੀ ਸਥੂਲ ਵਿਰਤੀਆਂ ਹੋਣਾ। ਪਹਿਲਾਂ ਅਸੀਂ ਜੋ ਭਾਵ ਕੀਤੇ ਹਨ, ਉਹ ਭਾਵ ਜੇ ਹੁਣ ਫਿਰ ਤੋਂ ਖੜੇ ਹੋਣ, ਤਾਂ ਉਥੇ ਪ੍ਰਤਿਆਖਿਆਨ ਕਰਨਾ ਹੈ।

**ਪ੍ਰਸ਼ਨ ਕਰਤਾ :** ਉਸ ਸਮੇਂ ਤੁਸੀਂ ਕਿਹਾ ਸੀ, ਹਰ ਵਾਰੀ ਏਦਾਂ ਕਹਿਣਾ ਕਿ ਹੁਣ ਇਹ ਚੀਜ਼ ਨਹੀਂ ਚਾਹੀਦੀ।

**ਦਾਦਾ ਸ਼੍ਰੀ :** ਇਹ ਚੀਜ਼ ਮੇਰੀ ਨਹੀਂ ਹੈ। ਸਮਰਪਿਤ ਕਰਦਾ ਹਾਂ। ਅਗਿਆਨਤਾਵਸ਼ ਮੈ ਇਹਨਾਂ ਸਭ ਨੂੰ ਬੁਲਾਇਆ ਸੀ। ਪਰ ਅੱਜ ਇਹ ਮੇਰੀ

ਨਹੀਂ ਹੈ, ਇਸ ਲਈ ਸਮਰਪਿਤ ਕਰਦਾ ਹਾਂ। ਮਨ-ਵਚਨ-ਕਾਇਆ ਤੋਂ ਸਮਰਪਿਤ ਕਰਦਾ ਹਾਂ। ਹੁਣ ਮੈਨੂੰ ਕੁੱਝ ਨਹੀਂ ਚਾਹੀਦਾ। ਇਸ ਸੁੱਖ ਨੂੰ ਮੈਂ ਅਗਿਆਨ ਦਸ਼ਾ ਵਿੱਚ ਬੁਲਾਇਆ ਸੀ, ਪਰ ਅੱਜ ਇਹ ਸੁੱਖ ਮੇਰਾ ਨਹੀਂ ਹੈ, ਇਸ ਲਈ ਸਮਰਪਿਤ ਕਰਦਾ ਹਾਂ।

ਇਸ ਅਕ੍ਰਮ ਵਿਗਿਆਨ ਦਾ ਹੇਤੂ ਹੀ ਪੂਰਾ ਸ਼ੂਟ ਆਨ ਸਾਈਟ ਪ੍ਰਤੀਕ੍ਰਮਣ ਦਾ ਹੈ। ਉਸਦੇ ਬੇਸਮੈਂਟ (ਨੀਂਵ) ਤੇ ਖੜਾ ਹੈ। ਗਲਤੀ ਕਿਸੇ ਦੀ ਨਹੀਂ ਹੈ। ਸਾਹਮਣੇ ਵਾਲੇ ਨੂੰ ਤੁਹਾਡੇ ਨਿਮਿਤ ਨਾਲ ਜੇ ਕੋਈ ਨੁਕਸਾਨ ਹੋਇਆ ਹੋਵੇ, ਤਾਂ ਦ੍ਰਵਕਰਮ-ਭਾਵਕਰਮ-ਨੋਕਰਮ ਤੋਂ ਮੁਕਤ ਇਹੋ ਜਿਹੇ ਉਸਦੇ ਸ਼ੁੱਧ ਆਤਮਾ ਨੂੰ ਯਾਦ ਕਰਕੇ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ।

**ਪ੍ਰਸ਼ਨ ਕਰਤਾ :** ਪਰ ਹਰ ਵਾਰੀ ਪੂਰਾ ਲੰਬਾ ਬੋਲਣਾ ਹੈ?

**ਦਾਦਾ ਸ਼੍ਰੀ :** ਨਹੀ, ਏਦਾਂ ਕੁੱਝ ਨਹੀ। ਸ਼ਾੱਟ ਵਿੱਚ ਕਰ ਲੈਣਾ। ਸਾਹਮਣੇ ਵਾਲੇ ਦੇ ਸ਼ੁੱਧ ਆਤਮਾ ਨੂੰ ਹਾਜ਼ਰ ਕਰਕੇ ਉਹਨਾਂ ਨੂੰ ਫੋਨ ਲਗਾਉਣਾ ਕਿ 'ਇਹ ਭੁੱਲ ਹੋ ਗਈ, ਮਾਫ਼ ਕਰਨਾ।'

ਅਤੇ ਦੂਸਰਾ, ਘਰ ਦੇ ਲੋਕਾਂ ਦੇ ਵੀ ਰੋਜ਼ਾਨਾ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ। ਤੁਹਾਡੇ ਮਦਰ, ਫਾਦਰ, ਭਾਈ, ਭੈਣ ਸਭ ਦਾ। ਰੋਜ਼ਾਨਾ ਪ੍ਰਤੀਕ੍ਰਮਣ ਕਰਨਾ ਪਵੇਗਾ। ਸਾਰੇ ਟੱਬਰ ਵਾਲਿਆਂ ਦਾ, ਕਿਉਂਕਿ ਉਹਨਾਂ ਦੇ ਨਾਲ ਬਹੁਤ ਚੀਕਣੀ ਫ਼ਾਈਲ ਹੁੰਦੀ ਹੈ।

ਜੇ ਪ੍ਰਤੀਕ੍ਰਮਣ ਕਰੋਗੇ ਨਾ, ਜੇ ਇੱਕ ਘੰਟਾ ਟੱਬਰ ਵਾਲਿਆਂ ਦਾ ਪ੍ਰਤੀਕ੍ਰਮਣ ਕਰੋਗੇ ਨਾ, ਆਪਣੇ ਪਰਿਵਾਰ ਵਾਲਿਆਂ ਨੂੰ ਯਾਦ ਕਰਕੇ, ਨੇੜੇ ਤੋਂ ਲੈ ਕੇ ਦੂਰ ਦੇ ਸਾਰੇ, ਭਾਈ, ਉਹਨਾਂ ਦੀਆਂ ਪਤਨੀਆਂ, ਚਾਚਾ, ਚਾਚੇ ਦੇ ਬੱਚੇ, ਉਹ ਸਾਰੇ, ਇੱਕ ਫੈਮਲੀ (ਪਰਿਵਾਰ) ਹੋਵੇ ਨਾ, ਤਾਂ ਦੋ-ਤਿੰਨ-ਚਾਰ ਪੀੜੀਆਂ ਤੱਕ ਦੇ, ਉਹਨਾਂ ਸਭ ਨੂੰ ਯਾਦ ਕਰਕੇ, ਹਰ ਇੱਕ ਦੇ ਲਈ ਇੱਕ-ਇੱਕ ਘੰਟਾ ਪ੍ਰਤੀਕ੍ਰਮਣ ਹੋਵੇਗਾ ਨਾ, ਤਾਂ ਅੰਦਰ ਭਿਅੰਕਰ ਪਾਪ ਭਸਮੀਭੂਤ ਹੋ ਜਾਣਗੇ। ਅਤੇ ਤੁਹਾਡੀ ਤਰਫ ਤੋਂ ਉਹਨਾਂ ਲੋਕਾਂ ਦੇ ਮਨ ਸਾਫ਼ ਹੋ ਜਾਣਗੇ। ਇਸ ਲਈ ਤੁਹਾਨੂੰ ਸਾਰੇ ਨੇੜੇ ਦੇ ਲੋਕਾਂ ਨੂੰ ਯਾਦ ਕਰ-ਕਰਕੇ

ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ। ਅਤੇ ਜੇ ਰਾਤ ਨੂੰ ਨੀਂਦ ਨਾ ਰਹੀ ਹੋਵੇ ਤਾਂ ਉਸ ਘੜੀ ਇਸ ਤਰ੍ਹਾਂ ਸੈੱਟ ਕੀਤਾ ਕਿ ਕੰਮ ਹੋ ਗਿਆ। ਏਦਾਂ ਦੀ ਸੈਟਿੰਗ ਨਹੀਂ ਕਰਦੇ? ਇਹੋ ਜਿਹੀ ਇਹ ਵਿਵਸਥਾ, ਇਹ ਫਿਲਮ ਸ਼ੁਰੂ ਹੋ ਗਈ ਤਾਂ ਉਸ ਘੜੀ ਬਹੁਤ ਆਨੰਦ ਆਵੇਗਾ। ਉਹ ਆਨੰਦ ਸਮਾਏਗਾ ਨਹੀ!

ਕਿਉਂਕਿ ਜਦੋਂ ਪ੍ਰਤੀਕ੍ਰਮਣ ਕਰਦੇ ਹਾਂ ਨਾ, ਉਦੋਂ ਆਤਮਾ ਦਾ ਸੰਪੂਰਣ ਸ਼ੁੱਧ ਉਪਯੋਗ ਰਹਿੰਦਾ ਹੈ। ਯਾਨੀ ਵਿਚਕਾਰ ਕਿਸੇ ਦੀ ਦਖ਼ਲ ਨਹੀਂ ਹੁੰਦੀ।

ਪ੍ਰਤੀਕ੍ਰਮਣ ਕੌਣ ਕਰਦਾ ਹੈ? ਚੰਦੂਭਾਈ ਕਰਦੇ ਹਨ, ਕਿਸਦੇ ਕਰਦੇ ਹਨ? ਤਾਂ ਕਹੀਏ, ਇਹਨਾਂ ਟੱਬਰ ਵਾਲਿਆਂ ਨੂੰ ਯਾਦ ਕਰ-ਕਰਕੇ ਕਰਦੇ ਹਨ। ਆਤਮਾ ਦੇਖਣ ਵਾਲਾ ਹੈ, ਉਹ ਦੇਖਦਾ ਹੀ ਰਹਿੰਦਾ ਹੈ। ਅਤੇ ਕੋਈ ਦਖਲਅੰਦਾਜ਼ੀ ਹੈ ਹੀ ਨਹੀਂ ਇਸਲਈ ਬਹੁਤ ਸ਼ੁੱਧ ਉਪਯੋਗ ਰਹਿੰਦਾ ਹੈ।

ਪ੍ਰਤੀਕ੍ਰਮਣ ਤਾਂ ਇੱਕ ਵਾਰੀ ਕਰਵਾਇਆ ਸੀ, ਮੇਰੀ ਹਾਜਰੀ ਵਿੱਚ ਮੈਂ ਖੁਦ ਹੀ ਕਰਵਾਇਆ ਸੀ, ਬਹੁਤ ਸਾਲ ਪਹਿਲਾਂ ਦੀ ਗੱਲ ਕਰ ਰਿਹਾ ਹਾਂ ਅਤੇ ਉਹ ਵਿਸ਼ੇ ਨਾਲ ਸਬੰਧਿਤ ਹੀ ਕਰਵਾਇਆ ਸੀ। ਤਾਂ ਉਹ ਕਰਦੇ-ਕਰਦੇ ਸਭ ਇੰਨੀ ਗਹਿਰਾਈ ਵਿੱਚ ਉੱਤਰ ਗਏ ਕਿ, ਬਾਅਦ ਵਿੱਚ ਘਰ ਜਾਣ ਤੇ ਵੀ ਬੰਦ ਨਹੀਂ ਹੋ ਰਿਹਾ ਸੀ। ਸੌਣ ਸਮੇਂ ਵੀ ਬੰਦ ਨਹੀਂ ਹੋ ਰਿਹਾ ਸੀ। ਖਾਂਦੇ ਸਮੇਂ ਵੀ ਬੰਦ ਨਹੀਂ ਹੋ ਰਿਹਾ ਸੀ। ਫਿਰ ਮੈਨੂੰ ਹੀ ਬੰਦ ਕਰਵਾਉਣਾ ਪਿਆ। ਸਟੌਪ ਕਰਵਾਉਣਾ ਪਿਆ! ਫਸ ਗਏ ਸੀ ਸਾਰੇ, ਨਹੀ?! ਆਪਣੇ ਆਪ ਨਿਰੰਤਰ ਪ੍ਰਤੀਕ੍ਰਮਣ, ਰਾਤ-ਦਿਨ ਚੱਲਦੇ ਹੀ ਰਹੇ। ਹੁਣ ਪ੍ਰਤੀਕ੍ਰਮਣ ਕਰਨ ਤੋਂ ਬਾਅਦ, 'ਬੰਦ ਕਰੋ, ਹੁਣ ਦੋ ਘੰਟੇ ਹੋ ਗਏ' ਏਦਾਂ ਕਹਿਣ ਤੇ ਵੀ ਆਪਣੇ ਆਪ ਪ੍ਰਤੀਕ੍ਰਮਣ ਚੱਲਦੇ ਹੀ ਰਹੇ। ਜੇ ਬੰਦ ਕਰਨ ਨੂੰ ਕਹੀਏ ਤਾਂ ਵੀ ਬੰਦ ਨਹੀਂ ਹੋ ਰਹੇ ਸਨ। ਪੂਰੀ ਮਸ਼ੀਨਰੀ ਸ਼ੁਰੂ ਹੋ ਗਈ ਇਸਲਈ ਅੰਦਰ ਚੱਲਦਾ ਹੀ ਰਿਹਾ।

'ਚੰਦੂਭਾਈ' ਨੂੰ 'ਤੁਹਾਨੂੰ' ਇੰਨਾ ਕਹਿਣਾ ਪਵੇਗਾ ਕਿ 'ਪ੍ਰਤੀਕ੍ਰਮਣ ਕਰਦੇ ਰਹੋ', ਤੁਹਾਡੇ ਘਰ ਦੇ ਸਾਰੇ ਲੋਕਾਂ ਦੇ ਨਾਲ, ਤੁਹਾਨੂੰ ਕੁੱਝ ਨਾ ਕੁੱਝ ਪਹਿਲਾਂ ਦੁੱਖ ਹੋਇਆ ਹੋਵੇਗਾ, ਉਸਦੇ ਤੁਹਾਨੂੰ ਪ੍ਰਤੀਕ੍ਰਮਣ ਕਰਨੇ ਹਨ।

'ਸੰਖਿਆਤ ਜਾਂ ਅਸੰਖਿਆਤ ਜਨਮਾਂ ਵਿੱਚ ਜੋ ਰਾਗ-ਦਵੇਸ਼, ਵਿਸ਼ੇ, ਕਸ਼ਾਏ ਦੇ ਦੋਸ਼ ਕੀਤੇ ਹੋਣ, ਤਾਂ ਉਸਦੇ ਲਈ ਮਾਫ਼ੀ ਮੰਗਦਾ ਹਾਂ।' ਇਸ ਤਰ੍ਹਾਂ ਰੋਜ਼ਾਨਾ ਇੱਕ-ਇੱਕ ਵਿਅਕਤੀ ਦਾ, ਇਸ ਤਰ੍ਹਾਂ ਘਰ ਦੇ ਹਰੇਕ ਵਿਅਕਤੀ ਦਾ ਕਰਨਾ। ਉਸ ਤੋਂ ਬਾਅਦ ਉਪਯੋਗ ਸਹਿਤ ਆਸਪਾਸ ਦੇ, ਆਂਢ-ਗੁਆਂਢ ਦੇ ਸਾਰੇ ਲੋਕਾਂ ਦੇ ਲਈ ਇਹ ਕਰਦੇ ਰਹਿਣਾ ਚਾਹੀਦਾ ਹੈ। ਤੁਸੀਂ ਕਰੋਗੇ, ਉਸ ਤੋਂ ਬਾਅਦ ਇਹ ਬੋਝ ਹਲਕਾ ਹੋ ਜਾਵੇਗਾ। ਐਵੇਂ ਹੀ ਹਲਕਾ ਨਹੀਂ ਹੋਵੇਗਾ। ਅਸੀਂ ਪੂਰੇ ਸੰਸਾਰ ਦੇ ਨਾਲ ਇਸ ਤਰ੍ਹਾਂ ਹੀ ਨਿਵਾਰਣ ਕੀਤਾ ਸੀ। ਪਹਿਲਾਂ ਇਸ ਤਰ੍ਹਾਂ ਨਿਵਾਰਣ ਕੀਤਾ ਸੀ, ਤਾਂ ਹੀ ਤਾਂ ਇਹ ਛੁਟਕਾਰਾ ਹੋਇਆ। ਜਦੋਂ ਤੱਕ ਤੁਹਾਡੇ ਮਨ ਵਿੱਚ ਸਾਡੇ ਲਈ ਦੋਸ਼ ਹੈ, ਉਦੋਂ ਤੱਕ ਮੈਨੂੰ ਚੈਨ ਨਹੀਂ ਲੈਣ ਦੇਵੇਗਾ! ਯਾਨੀ ਜਦੋਂ ਅਸੀਂ ਇਸ ਤਰ੍ਹਾਂ ਪ੍ਰਤੀਕ੍ਰਮਣ ਕਰਦੇ ਹਾਂ, ਤਾਂ ਉੱਥੇ ਮਿਟ ਜਾਂਦਾ ਹੈ।

ਪ੍ਰਤੀਕ੍ਰਮਣ ਤਾਂ ਤੁਸੀਂ ਬਹੁਤ ਕਰਨਾ। ਜਿੰਨੇ ਤੁਹਾਡੇ ਸਰਕਲ ਵਿੱਚ ਪੰਜਾਹ-ਸੌ ਆਦਮੀ ਹੋਣ, ਜਿਨ੍ਹਾਂ-ਜਿਨ੍ਹਾਂ ਨੂੰ ਤੁਸੀਂ ਪਰੇਸ਼ਾਨ ਕੀਤਾ ਹੋਵੇ, ਤਾਂ ਜਦੋਂ ਖਾਲੀ ਸਮਾਂ ਹੋਵੇ ਤਾਂ ਉਦੋਂ ਬੈਠ ਕੇ ਉਹਨਾਂ ਸਭ ਦੇ ਇੱਕ-ਇੱਕ ਘੰਟਾ, ਇੱਕ-ਇੱਕ ਨੂੰ ਯਾਦ ਕਰ ਕਰਕੇ ਪ੍ਰਤੀਕ੍ਰਮਣ ਕਰਨਾ। ਜ਼ਿੰਨਿਆਂ ਨੂੰ ਪਰੇਸ਼ਾਨ ਕੀਤਾ ਹੈ, ਉਹ ਫਿਰ ਧੋਣਾ ਤਾਂ ਪਵੇਗਾ ਨਾ? ਫਿਰ ਗਿਆਨ ਪ੍ਰਗਟ ਹੋਵੇਗਾ।

ਫਿਰ, 'ਇਸ ਜਨਮ, ਪਿਛਲੇ ਜਨਮ, ਪਿਛਲੇ ਸੰਖਿਆਤ, ਪਿਛਲੇ ਅਸੰਖਿਆਤ ਜਨਮਾ ਵਿੱਚ, ਗਤ ਅਨੰਤ ਜਨਮਾਂ ਵਿੱਚ ਦਾਦਾ ਭਗਵਾਨ ਦੀ ਸਾਕਸ਼ੀ ਵਿੱਚ, ਕਿਸੇ ਵੀ ਧਰਮ ਦੀ, ਸਾਧੂ-ਆਚਾਰਿਆਂ ਦੀ ਜੋ-ਜੋ ਅਸ਼ਾਤਨਾ, ਵਿਰਾਧਨਾ ਕੀਤੀ ਜਾਂ ਕਰਵਾਈ ਹੋਵੇ ਤਾਂ ਉਸਦੇ ਲਈ ਮਾਫ਼ੀ ਮੰਗਦਾ ਹਾਂ। ਦਾਦਾ ਭਗਵਾਨ ਦੀ ਸਾਕਸ਼ੀ ਵਿੱਚ ਮਾਫ਼ੀ ਮੰਗਦਾ ਹਾਂ। ਕਿੰਚਿਤਮਾਤਰ ਵੀ ਅਪਰਾਧ ਨਾ ਹੋਵੇ ਇਹੋ ਜਿਹੀ ਸ਼ਕਤੀ ਦਿਓ।' ਇਸੇ ਤਰ੍ਹਾਂ ਸਾਰੇ ਧਰਮਾਂ ਦਾ ਕਰਨਾ।

ਓਏ, ਉਸ ਸਮੇਂ ਅਗਿਆਨ ਦਸ਼ਾ ਵਿੱਚ ਸਾਡਾ ਅਹੰਕਾਰ ਭਾਰੀ, 'ਫਲਾਣੇ ਏਦਾਂ ਹਨ, ਉਦਾਂ ਹਨ' ਉਦੋਂ ਤਿਰਸਕਾਰ, ਤਿਰਸਕਾਰ, ਤਿਰਸਕਾਰ ਹੀ ਤਿਰਸਕਾਰ... ਅਤੇ ਕਿਸੇ ਦੀ ਤਾਰੀਫ਼ ਵੀ ਕਰਦੇ ਸੀ। ਇਸ ਪਾਸੇ ਇੱਕ

ਦੀ ਤਾਰੀਫ਼ ਕਰਦੇ ਅਤੇ ਦੂਸਰੇ ਦਾ ਤਿਰਸਕਾਰ ਕਰਦੇ ਸੀ। ਫਿਰ 1958 ਵਿੱਚ ਗਿਆਨ ਹੋਇਆ ਉਦੋਂ ਤੋਂ 'ਏ.ਐਮ.ਪਟੇਲ' ਨੂੰ ਕਹਿ ਦਿੱਤਾ ਕਿ, 'ਇਹ ਜੋ ਤਿਰਸਕਾਰ ਕੀਤੇ ਹਨ, ਹੁਣ ਉਹਨਾਂ ਨੂੰ ਸਾਬਣ ਲਗਾ ਕੇ ਧੋ ਦਿਓ', ਤਾਂ ਹਰੇਕ ਨੂੰ ਯਾਦ ਕਰ-ਕਰਕੇ ਬਾਰ-ਬਾਰ ਸਭ ਧੋਂਦਾ ਰਿਹਾ। ਇਸ ਪਾਸੇ ਦੇ ਗੁਆਂਢੀ, ਉਸ ਪਾਸੇ ਦੇ ਗੁਆਂਢੀ, ਇਸ ਪਾਸੇ ਦੇ ਟੱਬਰ ਵਾਲੇ, ਮਾਮਾ, ਚਾਚਾ, ਸਭ ਦੇ ਨਾਲ ਤਿਰਸਕਾਰ ਹੋਏ ਸਨ, ਉਹਨਾਂ ਸਭ ਨੂੰ ਧੋ ਦਿੱਤਾ।

**ਪ੍ਰਸ਼ਨ ਕਰਤਾ** : ਮਨ ਤੋਂ ਪ੍ਰਤੀਕ੍ਰਮਣ ਕੀਤਾ ਸੀ, ਆਹਮਣੇ-ਸਾਹਮਣੇ ਨਹੀ?

**ਦਾਦਾ ਸ਼੍ਰੀ:** ਮੈਂ ਅੰਬਾਲਾਲ ਪਟੇਲ ਨੂੰ ਕਿਹਾ ਕਿ 'ਇਹ ਤੁਸੀਂ ਉਲਟੇ ਕੰਮ ਕੀਤੇ ਹਨ, ਉਹ ਸਭ ਮੈਨੂੰ ਦਿਖ ਰਹੇ ਹਨ। ਹੁਣ ਉਹਨਾਂ ਸਭ ਉਲਟੇ ਕੀਤੇ ਹੋਏ ਕੰਮਾ ਨੂੰ ਧੋ ਦਿਓ!' ਤਾਂ ਫਿਰ ਉਹਨਾਂ ਨੇ ਕੀ ਕਰਨਾ ਸ਼ੁਰੂ ਕੀਤਾ? 'ਕਿਵੇਂ ਧੋਈਏ?' ਤਾਂ ਮੈ ਸਮਝਾਇਆ ਕਿ ਉਹਨਾਂ ਨੂੰ ਯਾਦ ਕਰੋ। ਨਗੀਨਦਾਸ ਨੂੰ ਗਾਲ੍ਹਾਂ ਕੱਢੀਆਂ ਅਤੇ ਪੂਰੀ ਜ਼ਿੰਦਗੀ ਝਿੜਕਿਆ ਹੈ, ਤਿਰਸਕਾਰ ਕੀਤੇ ਹਨ, ਉਹਨਾਂ ਸਭ ਦਾ ਪੂਰਾ ਵਰਣਨ ਕਰਕੇ, ਅਤੇ 'ਹੇ ਨਗੀਨਦਾਸ ਦੇ ਮਨ-ਵਚਨ-ਕਾਇਆ ਦੇ ਯੋਗ, ਦ੍ਰਵਯਕਰਮ-ਭਾਵਕਰਮ-ਨੋਕਰਮ ਤੋ ਭਿੰਨ ਪ੍ਰਗਟ ਸ਼ੁੱਧ ਆਤਮਾ ਭਗਵਾਨ! ਨਗੀਨਦਾਸ ਦੇ ਸ਼ੁੱਧ ਆਤਮਾ ਭਗਵਾਨ! ਨਗੀਨਦਾਸ ਤੋਂ ਵਾਰ-ਵਾਰ ਮਾਫ਼ੀ ਮੰਗਦਾ ਹਾਂ, ਦਾਦਾ ਭਗਵਾਨ ਦੀ ਸਾਕਸ਼ੀ ਵਿੱਚ ਮਾਫ਼ੀ ਮੰਗਦਾ ਹਾਂ। ਫਿਰ ਤੋਂ ਇਹੋ ਜਿਹਾ ਦੋਸ਼ ਨਹੀਂ ਕਰੂੰਗਾ।' ਅਰਥਾਤ ਤੁਸੀਂ ਇਸ ਤਰ੍ਹਾਂ ਕਰੋ। ਫਿਰ ਤੁਸੀਂ ਸਾਹਮਣੇ ਵਾਲੇ ਦੇ ਚਿਹਰੇ ਤੇ ਬਦਲਾਓ ਦੇਖ ਲੈਣਾ। ਉਸਦਾ ਚਿਹਰਾ ਬਦਲਿਆ ਹੋਇਆ ਲੱਗੇਗਾ। ਤੁਸੀਂ ਪ੍ਰਤੀਕ੍ਰਮਣ ਇੱਥੇ ਕਰੋਗੇ ਅਤੇ ਉੱਥੇ ਪਰਿਵਰਤਨ (ਬਦਲਾਓ) ਹੋਵੇਗਾ।

ਅਸੀਂ ਕਿੰਨਾ ਧੋਤਾ ਤਾਂ ਜਾ ਕੇ ਬਹੀਖਾਤੇ ਦੇ ਹਿਸਾਬ ਚੁਕਤਾ ਹੋਏ। ਕਿੰਨੇ ਹੀ ਸਮੇਂ ਤੋਂ ਅਸੀਂ ਧੋਂਦੇ ਆਏ ਹਾਂ, ਤਾਂ ਬਹੀਖਾਤੇ ਦੇ ਹਿਸਾਬ ਚੁਕਤਾ ਹੋ ਗਏ। ਤੁਹਾਨੂੰ ਤਾਂ ਮੈ ਰਸਤਾ ਦਿਖਾਇਆ ਹੈ, ਇਸਲਈ ਜਲਦੀ ਛੁੱਟ ਜਾਵੇਗਾ। ਅਸੀਂ ਤਾਂ ਕਿੰਨੇ ਹੀ ਸਮੇਂ ਤੋਂ ਧੋਂਦੇ ਆਏ ਹਾਂ।

ਅਸੀਂ ਤਾਂ ਪ੍ਰਤੀਕ੍ਰਮਣ ਕਰ ਲੈਂਣੇ ਹਨ ਤਾਂ ਕਿ ਅਸੀਂ ਜਿੰਮੇਦਾਰੀ ਤੋਂ ਮੁਕਤ ਹੋ ਜਾਈਏ! ਮੈਨੂੰ ਸ਼ੁਰੂ-ਸ਼ੁਰੂ ਵਿੱਚ ਸਾਰੇ ਲੋਕ ਅਟੈਕ ਕਰਦੇ ਸਨ ਨਾ! ਪਰ ਫਿਰ ਸਭ ਥੱਕ ਗਏ। ਜੇ ਆਪਣੇ ਵੱਲੋਂ ਪ੍ਰਤੀਕਾਰ ਹੋਵੇਗਾ ਤਾਂ ਸਾਹਮਣੇ ਵਾਲਾ ਨਹੀਂ ਥੱਕੇਗਾ। ਇਹ ਜਗਤ ਕਿਸੇ ਨੂੰ ਵੀ ਮੋਕਸ਼ ਵਿੱਚ ਜਾਣ ਦੇਵੇ ਏਦਾਂ ਦਾ ਨਹੀਂ ਹੈ। ਇੰਨੀ ਜਿਆਦਾ ਬੁੱਧੀ ਵਾਲਾ ਜਗਤ ਹੈ। ਇਸ ਵਿੱਚ ਸਾਵਧਾਨ ਹੋ ਕੇ ਚੱਲੀਏ, ਸਮੇਟ ਕੇ ਚੱਲੀਏ ਤਾਂ ਮੋਕਸ਼ ਵਿੱਚ ਜਾ ਸਕਾਂਗੇ।

ਇਹ ਪ੍ਰਤੀਕ੍ਰਮਣ ਕਰ ਕੇ ਤਾਂ ਦੇਖੋ, ਫਿਰ ਤੁਹਾਡੇ ਘਰ ਦੇ ਸਾਰੇ ਲੋਕਾਂ ਵਿੱਚ ਚੇਂਜ ਹੋ ਜਾਵੇਗਾ, ਜਾਦੂਈ ਚੇਂਜ ਹੋ ਜਾਵੇਗਾ। ਜਾਦੂਈ ਅਸਰ!!

ਏਦਾਂ ਹੈ, ਜਦੋਂ ਤੱਕ ਸਾਹਮਣੇ ਵਾਲੇ ਦਾ ਦੋਸ਼ ਖੁਦ ਦੇ ਮਨ ਵਿੱਚ ਹੈ, ਉਦੋਂ ਤੱਕ ਚੈਨ ਨਹੀਂ ਲੈਣ ਦਿੰਦਾ। ਪ੍ਰਤੀਕ੍ਰਮਣ ਕਰੋ ਤਾਂ ਉਹ ਖਤਮ ਹੋ ਜਾਵੇਗਾ। ਰਾਗ-ਦਵੇਸ਼ ਵਾਲੀ ਹਰ ਇੱਕ *ਚੀਕਣੀ ਫਾਈਲ* (ਗਾੜ ਰਿਣਾਨੁਬੰਧ ਵਾਲੇ ਵਿਅਕਤੀ ਜਾਂ ਸੰਯੋਗ) ਨੂੰ ਉਪਯੋਗ ਰੱਖ ਕੇ ਪ੍ਰਤੀਕ੍ਰਮਣ ਕਰਕੇ ਸ਼ੁੱਧ ਕਰਨਾ ਹੈ। ਰਾਗ ਦੀ ਫਾਈਲ ਹੋਵੇ, ਉਸਦੇ ਤਾਂ ਖਾਸ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ।

ਤੁਸੀਂ ਬਿਸਤਰੇ ਤੇ ਸੁੱਤੇ ਪਏ ਹੋ ਤਾਂ ਜਿੱਥੇ-ਜਿੱਥੇ ਰੋੜੇ ਚੁਭਣ, ਉਥੇ ਤੋਂ ਤੁਸੀਂ ਰੋੜੇ ਕੱਢ ਦੇਵੋਗੇ ਜਾਂ ਨਹੀਂ ਕੱਢੋਗੇ? ਇਹ ਪ੍ਰਤੀਕ੍ਰਮਣ ਤਾਂ, ਜਿੱਥੇ-ਜਿੱਥੇ ਚੁਭ ਰਿਹਾ ਹੋਵੇ ਉੱਥੇ ਹੀ ਕਰਨੇ ਹਨ। ਤੁਹਾਨੂੰ ਜਿੱਥੇ ਚੁਭਦਾ ਹੈ, ਉੱਥੇ ਤੋਂ ਤੁਸੀਂ ਕੱਢ ਦੇਵੋਗੇ ਅਤੇ ਜਿੱਥੇ ਇਹਨਾਂ ਨੂੰ ਚੁਭਦਾ ਹੈ, ਉੱਥੇ ਤੋਂ ਇਹ ਕੱਢ ਦੇਣਗੇ! ਹਰ ਇੱਕ ਵਿਅਕਤੀ ਦੇ ਲਈ ਅਲੱਗ-ਅਲੱਗ ਪ੍ਰਤੀਕ੍ਰਮਣ ਹੁੰਦੇ ਹਨ।

ਕਿਸੇ ਦੇ ਵੀ ਪ੍ਰਤੀ ਅਤੀਕ੍ਰਮਣ ਹੋ ਗਏ ਹੋਣ ਤਾਂ, ਪੂਰੇ ਦਿਨ ਉਸਦਾ ਨਾਮ ਲੈ ਕੇ ਪ੍ਰਤੀਕ੍ਰਮਣ ਕਰਨੇ ਹੋਣਗੇ, ਤਾਂ ਹੀ ਮੁਕਤ ਹੋ ਸਕੇਗਾ। ਜੇ ਦੋਵੇ ਹੀ ਆਹਮਣੇ-ਸਾਹਮਣੇ ਪ੍ਰਤੀਕ੍ਰਮਣ ਕਰਨ ਤਾਂ ਜਲਦੀ ਮੁਕਤ ਹੋ ਜਾਣਗੇ। ਪੰਜ ਹਜਾਰ ਬਾਰ ਤੁਸੀਂ ਪ੍ਰਤੀਕ੍ਰਮਣ ਕਰੋ ਅਤੇ ਪੰਜ ਹਜਾਰ ਬਾਰ ਸਾਹਮਣੇ ਵਾਲਾ ਪ੍ਰਤੀਕ੍ਰਮਣ ਕਰੇ ਤਾਂ ਜਲਦੀ ਛੁਟਕਾਰਾ ਹੋਵੇਗਾ। ਪਰ ਜੇ ਸਾਹਮਣੇ

ਵਾਲਾ ਨਾ ਕਰੇ ਅਤੇ ਤੁਹਾਨੂੰ ਛੁੱਟਣਾ ਹੋਵੇ ਤਾਂ, ਦਸ ਹਜਾਰ ਬਾਰ ਪ੍ਰਤੀਕ੍ਰਮਣ ਕਰਨੇ ਹੋਣਗੇ।

**ਪ੍ਰਸ਼ਨ ਕਰਤਾ :** ਜਦੋਂ ਇਹੋ ਜਿਹਾ ਕੁੱਝ ਰਹਿ ਜਾਂਦਾ ਹੈ ਤਾਂ ਮਨ ਵਿੱਚ ਬਹੁਤ ਹੁੰਦਾ ਰਹਿੰਦਾ ਹੈ ਕਿ ਇਹ ਰਹਿ ਗਿਆ।

**ਦਾਦਾ ਸ਼੍ਰੀ :** ਇਹੋ ਜਿਹਾ ਕਲੇਸ਼ ਨਹੀਂ ਰੱਖਣਾ ਹੈ ਫਿਰ। ਬਾਅਦ ਵਿੱਚ ਇੱਕ ਦਿਨ ਬੈਠ ਕੇ ਸਭ ਦਾ ਇਕੱਠੇ ਪ੍ਰਤੀਕ੍ਰਮਣ ਕਰ ਦੇਣਾ। ਜਿਨ੍ਹਾਂ-ਜਿਨ੍ਹਾਂ ਦੇ ਹੋਣ, ਜਾਣ-ਪਹਿਚਾਣ ਵਾਲਿਆਂ ਦੇ, ਜਿਨ੍ਹਾਂ ਦੇ ਨਾਲ ਜ਼ਿਆਦਾ ਅਤੀਕ੍ਰਮਣ ਹੁੰਦਾ ਹੋਵੇ, ਉਹਨਾਂ ਦੇ ਨਾਮ ਲੈ ਕੇ ਇੱਕ ਘੰਟਾ ਪ੍ਰਤੀਕ੍ਰਮਣ ਕਰ ਲਵੋਗੇ ਤਾਂ ਫਿਰ ਸਭ ਖਤਮ ਹੋ ਜਾਵੇਗਾ। ਪਰ ਤੁਹਾਨੂੰ ਇਹੋ ਜਿਹਾ ਬੋਝ ਨਹੀਂ ਰੱਖਣਾ ਹੈ।

ਇਹ ਅਪੂਰਵ ਗੱਲ ਹੈ, ਪਹਿਲਾਂ ਸੁਣੀ ਨਾ ਹੋਵੇ, ਪੜ੍ਹੀ ਨਾ ਹੋਵੇ, ਜਾਣੀ ਨਾ ਹੋਵੇ, ਇਹ ਮਿਹਨਤ ਇਹੋ ਜਿਹੀਆਂ ਗੱਲਾਂ ਨੂੰ ਜਾਣਨ ਦੇ ਲਈ ਹੈ।

ਆਪਣੇ ਇੱਥੇ ਪ੍ਰਤੀਕ੍ਰਮਣ ਕਰਵਾਉਣ ਦੇ ਲਈ ਬਿਠਾਉਂਦੇ ਹਨ ਉਸ ਤੋਂ ਬਾਅਦ ਕੀ ਹੁੰਦਾ ਹੈ? ਅੰਦਰ ਦੋ ਘੰਟੇ ਪ੍ਰਤੀਕ੍ਰਮਣ ਕਰਵਾਉਂਦੇ ਹਨ ਨਾ, ਕਿ ਬਚਪਨ ਤੋਂ ਲੈ ਕੇ ਅੱਜ ਤੱਕ ਜੋ ਜੋ ਦੋਸ਼ ਹੋਏ ਹੋਣ ਉਹਨਾਂ ਸਭ ਨੂੰ ਯਾਦ ਕਰਕੇ ਪ੍ਰਤੀਕ੍ਰਮਣ ਕਰ ਦੇਵੋ, ਸਾਹਮਣੇ ਵਾਲੇ ਦੇ ਸ਼ੁੱਧ ਆਤਮਾ ਨੂੰ ਦੇਖ ਕੇ ਏਦਾਂ ਕਹਿੰਦੇ ਹਨ। ਹੁਣ ਘੱਟ ਉਮਰ ਤੋਂ, ਜਦੋਂ ਤੋਂ ਸਮਝ ਸ਼ਕਤੀ ਦੀ ਸ਼ੁਰੁਆਤ ਹੁੰਦੀ ਹੈ, ਉਦੋ ਤੋਂ ਲੈ ਕੇ ਪ੍ਰਤੀਕ੍ਰਮਣ ਕਰਨ ਲੱਗਦੇ ਹਾਂ ਅਤੇ ਹੁਣ ਤੱਕ ਦੇ ਪ੍ਰਤੀਕ੍ਰਮਣ ਕਰਦੇ ਹਾਂ। ਜਦੋ ਏਦਾਂ ਪ੍ਰਤੀਕ੍ਰਮਣ ਕਰਦੇ ਹਾਂ, ਤਾਂ ਉਸਦੇ ਸਾਰੇ ਦੋਸ਼ਾਂ ਦਾ ਵੱਡਾ ਹਿੱਸਾ ਆ ਜਾਂਦਾ ਹੈ। ਵਾਪਸ ਫਿਰ ਤੋਂ ਜਦੋ ਪ੍ਰਤੀਕ੍ਰਮਣ ਕਰੀਏ, ਤਾਂ ਫਿਰ ਛੋਟੇ-ਛੋਟੇ ਦੋਸ਼ ਵੀ ਆ ਜਾਂਦੇ ਹਨ। ਵਾਪਸ ਫਿਰ ਤੋਂ ਪ੍ਰਤੀਕ੍ਰਮਣ ਕਰੀਏ, ਤਾਂ ਉਸ ਨਾਲੋਂ ਵੀ ਛੋਟੇ ਦੋਸ਼ ਆ ਜਾਂਦੇ ਹਨ, ਇਸ ਤਰ੍ਹਾਂ ਉਹਨਾਂ ਦੋਸ਼ਾਂ ਦਾ ਸਾਰਾ ਹਿੱਸਾ ਹੀ ਪੂਰੀ ਤਰ੍ਹਾ ਖਤਮ ਕਰ ਦਿੰਦੇ ਹਾਂ।

ਦੋ ਘੰਟੇ ਦੇ ਪ੍ਰਤੀਕ੍ਰਮਣ ਵਿੱਚ ਪੂਰੀ ਜਿੰਦਗੀ ਦੇ ਪਿਛਲੇ ਚਿਪਕੇ ਹੋਏ ਦੋਸ਼ਾਂ ਨੂੰ ਧੋ ਦੇਣਾ, ਅਤੇ ਇਹ ਨਿਸ਼ਚੈ ਕਰਨਾ ਕਿ ਫਿਰ ਤੋਂ ਕਦੇ ਇਹੋ ਜਿਹਾ ਦੋਸ਼ ਨਹੀਂ ਕਰੂੰਗਾ। ਅਰਥਾਤ ਪ੍ਰਤਿਆਖਿਆਨ ਹੋ ਗਿਆ।

ਤੁਸੀਂ ਜਦੋਂ ਪ੍ਰਤੀਕ੍ਰਮਣ ਕਰਨ ਬੈਠਦੇ ਹੋ ਨਾ, ਉਦੋਂ ਅੰਮ੍ਰਿਤ ਦੀਆਂ ਬੂੰਦਾ ਇੱਕ ਪਾਸੇ ਟਪਕਣ ਲੱਗਦੀਆਂ ਹਨ, ਅਤੇ ਹਲਕਾਪਨ ਮਹਿਸੂਸ ਹੁੰਦਾ ਹੈ। ਭਾਈ, ਕੀ ਤੇਰੇ ਤੋਂ ਪ੍ਰਤੀਕ੍ਰਮਣ ਹੁੰਦਾ ਹੈ? ਉਦੋਂ ਹਲਕਾਪਨ ਮਹਿਸੂਸ ਹੁੰਦਾ ਹੈ? ਕੀ ਤੇਰਾ ਪ੍ਰਤੀਕ੍ਰਮਣ ਕਰਨਾ ਸ਼ੁਰੂ ਹੋ ਗਿਆ ਹੈ? ਪੂਰੇ ਜੋਰ ਨਾਲ ਚੱਲ ਰਹੇ ਹਨ? ਸਾਰੇ ਦੋਸ਼ਾਂ ਨੂੰ ਲੱਭ-ਲੱਭ ਕੇ ਪ੍ਰਤੀਕ੍ਰਮਣ ਕਰ ਲੈਣਾ ਹੈ। ਲੱਭਣ ਲੱਗੋਗੇ ਤਾਂ ਸਭ ਯਾਦ ਵੀ ਆਉਂਦਾ ਜਾਵੇਗਾ। ਅੱਠ ਸਾਲ ਪਹਿਲਾਂ ਕਿਸੇ ਨੂੰ ਲੱਤ ਮਾਰੀ ਹੋਵੇ, ਉਹ ਵੀ ਦਿਖਾਈ ਦੇਵੇਗੀ। ਰਸਤਾ ਦਿਖਾਈ ਦੇਵੇਗਾ, ਲੱਤ ਵੀ ਦਿਖਾਈ ਦੇਵੇਗੀ। ਯਾਦ ਕਿਵੇਂ ਆਇਆ ਇਹ ਸਭ? ਐਵੇ ਹੀ ਯਾਦ ਕਰੀਏ ਤਾਂ ਕੁੱਝ ਵੀ ਯਾਦ ਨਹੀਂ ਆਉਂਦਾ ਅਤੇ ਪ੍ਰਤੀਕ੍ਰਮਣ ਕਰਨ ਲੱਗੇ ਕਿ ਫੌਰਨ ਲਿੰਕ ਬੱਧ (ਲੜੀ ਅਨੁਸਾਰ) ਯਾਦ ਆ ਜਾਂਦਾ ਹੈ। ਇੱਕ ਅੱਧੀ ਵਾਰ ਪੂਰੀ ਜਿੰਦਗੀ ਦਾ ਕੀਤਾ ਸੀ ਤੁਸੀਂ?

**ਪ੍ਰਸ਼ਨ ਕਰਤਾ :** ਕੀਤਾ ਸੀ।

**ਦਾਦਾ ਸ਼੍ਰੀ :** ਹੁਣ ਤਾਂ ਜੇ ਮੂਲ ਗਲਤੀ ਸਮਝ ਵਿੱਚ ਆਵੇਗੀ, ਉਦੋਂ ਬਹੁਤ ਆਨੰਦ ਹੋਵੇਗਾ। ਪ੍ਰਤੀਕ੍ਰਮਣ ਨਾਲ ਜੇ ਆਨੰਦ ਨਹੀਂ ਹੁੰਦਾ ਤਾਂ ਇਸਦਾ ਮਤਲਬ ਪ੍ਰਤੀਕ੍ਰਮਣ ਕਰਨਾ ਨਹੀਂ ਆਇਆ। ਅਤੀਕ੍ਰਮਣ ਨਾਲ ਜੇ ਦੁੱਖ ਨਹੀਂ ਹੁੰਦਾ ਤਾਂ ਉਹ ਮਨੁੱਖ, ਮਨੁੱਖ ਨਹੀਂ ਹੈ।

**ਪ੍ਰਸ਼ਨ ਕਰਤਾ :** ਮੂਲ ਗਲਤੀ ਕਿਹੜੀ ਹੈ ਦਾਦਾ?

**ਦਾਦਾ ਸ਼੍ਰੀ :** ਪਹਿਲਾਂ ਤਾਂ ਗਲਤੀ ਹੀ ਦਿਖਾਈ ਨਹੀਂ ਦਿੰਦੀ ਸੀ ਨਾ? ਹੁਣ ਦਿਖਾਈ ਦਿੰਦੀ ਹੈ, ਉਹ ਸਥੂਲ ਦਿਖਾਈ ਦਿੰਦੀ ਹੈ। ਹਾਲੇ ਤਾਂ ਅੱਗੇ ਦਿਖੇਗਾ।

**ਪ੍ਰਸ਼ਨ ਕਰਤਾ :** ਸੂਖਮ, ਸੂਖਮਤਰ...

**ਦਾਦਾ ਸ਼੍ਰੀ :** ਗਲਤੀਆਂ ਦਿਖਾਈ ਦੇਣਗੀਆਂ।

ਜਦੋਂ ਤੁਸੀਂ ਪੂਰੀ ਜਿੰਦਗੀ ਦੇ ਪ੍ਰਤੀਕ੍ਰਮਣ ਕਰਦੇ ਹੋ, ਉਦੋਂ ਤੁਸੀਂ ਨਾ ਤਾਂ ਮੋਕਸ਼ ਵਿੱਚ ਹੁੰਦੇ ਹੋ ਅਤੇ ਨਾ ਹੀ ਸੰਸਾਰ ਵਿੱਚ। ਵੈਸੇ ਤਾਂ ਤੁਸੀਂ ਪ੍ਰਤੀਕ੍ਰਮਣ ਦੇ ਸਮੇਂ ਪਿਛਲੇ ਦੋਸ਼ਾਂ ਦਾ ਪੂਰਾ ਵਿਵਰਣ ਕਰਦੇ ਹੋ। ਮਨ-ਬੁੱਧੀ-ਚਿੱਤ ਅਤੇ ਅਹੰਕਾਰ ਸਭ ਦੇ ਫੋਨ ਬੰਦ ਹੁੰਦੇ ਹਨ। ਅੰਤ:ਕਰਣ ਬੰਦ ਹੁੰਦਾ ਹੈ। ਉਸ ਸਮੇਂ ਸਿਰਫ ਪ੍ਰਗਿਆ ਹੀ ਕੰਮ ਕਰਦੀ ਹੈ। ਆਤਮਾ ਵੀ ਇਸ ਵਿੱਚ ਕੁੱਝ ਨਹੀਂ ਕਰਦਾ। ਹੋਇਆ ਦੋਸ਼ ਫਿਰ ਢੱਕ ਜਾਂਦਾ ਹੈ। ਫਿਰ ਦੂਸਰੀ ਲੇਅਰ (ਪਰਤ) ਆਉਂਦੀ ਹੈ। ਇਸ ਤਰ੍ਹਾਂ ਲੇਅਰ ਤੇ ਲੇਅਰ ਆਉਂਦੀ ਜਾਂਦੀ ਹੈ, ਬਾਅਦ ਵਿੱਚ ਮੌਤ ਦੇ ਸਮੇਂ ਆਖਿਰੀ ਇੱਕ ਘੰਟੇ ਵਿੱਚ ਇਹਨਾਂ ਸਭ ਦਾ ਪੱਕਾ ਚਿੱਠਾ ਆਉਂਦਾ ਹੈ।

ਭੂਤਕਾਲ ਦੇ ਸਾਰੇ ਦੋਸ਼ ਵਰਤਮਾਨ ਵਿੱਚ ਦਿਖਾਈ ਦੇਣ, ਉਹ 'ਗਿਆਨ ਪ੍ਰਕਾਸ਼' ਹੈ। ਉਹ ਮੈਮਰੀ (ਯਾਦ ਸ਼ਕਤੀ, ਸਮ੍ਰਿਤੀ) ਨਹੀਂ ਹੈ।

**ਪ੍ਰਸ਼ਨ ਕਰਤਾ :** ਕੀ ਪ੍ਰਤੀਕ੍ਰਮਣ ਨਾਲ ਆਤਮਾ ਤੇ ਇਫੈਕਟ ਹੁੰਦਾ ਹੈ?

**ਦਾਦਾ ਸ਼੍ਰੀ :** ਆਤਮਾ ਨੂੰ ਤਾਂ ਕੋਈ ਵੀ ਇਫੈਕਟ ਸਪਰਸ਼ ਨਹੀਂ ਕਰਦਾ। ਜੇ ਇਫ਼ੈਕਟ ਹੋਵੇ ਤਾਂ ਸੰਗੀ ਕਹਾਵੇਗਾ। ਆਤਮਾ ਹੈ, ਇਹ ਹੰਡਰਡ ਪਰਸੈਂਟ ਡਿਸਾਈਡਿਡ ਹੈ। ਜਿੱਥੇ ਮੈਮਰੀ ਨਹੀਂ ਪਹੁੰਚਦੀ, ਉੱਥੇ ਆਤਮਾ ਦੇ ਪ੍ਰਭਾਵ ਨਾਲ ਕੰਮ ਹੁੰਦਾ ਹੈ। ਆਤਮਾ ਅਨੰਤ ਸ਼ਕਤੀ ਵਾਲਾ ਹੈ, ਉਸਦੀ ਪ੍ਰਗਿਆ ਸ਼ਕਤੀ ਪਤਾਲ ਫੋੜ ਕੇ ਦਿਖਾਉਂਦੀ ਹੈ। ਇਸ ਪ੍ਰਤੀਕ੍ਰਮਣ ਨਾਲ ਤਾਂ ਖੁਦ ਨੂੰ ਪਤਾ ਚੱਲਦਾ ਹੈ ਕਿ ਹੁਣ ਹਲਕਾ ਹੋ ਗਿਆ ਅਤੇ ਵੈਰ ਛੁੱਟ ਜਾਂਦੇ ਹਨ, ਨਿਯਮ ਨਾਲ ਛੁੱਟ ਹੀ ਜਾਂਦੇ ਹਨ। ਅਤੇ ਪ੍ਰਤੀਕ੍ਰਮਣ ਕਰਨ ਦੇ ਲਈ ਉਹ ਆਦਮੀ ਸਾਹਮਣੇ ਨਾ ਮਿਲੇ ਤਾਂ ਵੀ ਹਰਜ਼ ਨਹੀ। ਇਸ ਵਿੱਚ ਰੂ-ਬ-ਰੂ ਦਸਤਖ਼ਤ ਦੀ ਜ਼ਰੂਰਤ ਨਹੀਂ ਹੈ। ਜਿਵੇਂ ਇਸ ਕੋਰਟ ਵਿੱਚ ਰੂ-ਬ-ਰੂ ਦਸਤਖ਼ਤ ਦੀ ਜ਼ਰੂਰਤ ਹੈ, ਇਹੋ ਜਿਹੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਗੁਨਾਹ ਰੂ-ਬ-ਰੂ ਨਹੀਂ ਹੋਏ ਹਨ। ਇਹ ਗੁਨਾਹ ਤਾਂ ਲੋਕਾਂ ਦੀ ਗੈਰ-ਹਾਜਰੀ ਵਿੱਚ ਹੋਏ ਹਨ। ਵੈਸੇ ਲੋਕਾਂ ਦੇ ਰੂ-ਬ-ਰੂ ਹੋਏ ਹਨ, ਪਰ ਰੂ-ਬ-ਰੂ

ਦਸਤਖ਼ਤ ਨਹੀਂ ਕੀਤੇ ਹਨ। ਦਸਤਖ਼ਤ ਅੰਦਰ ਦੇ ਹਨ, ਰਾਗ-ਦਵੇਸ਼ ਦੇ ਦਸਤਖ਼ਤ ਹਨ।

ਕਦੇ ਇਕੱਲੇ ਬੈਠੇ ਹੋਈਏ ਅਤੇ ਪ੍ਰਤੀਕ੍ਰਮਣ ਜਾਂ ਇਹੋ ਜਿਹਾ ਕੁੱਝ ਕਰਦੇ, ਕਰਦੇ ਅੰਦਰ ਥੋੜਾ ਆਤਮਾ ਦਾ ਅਨੁਭਵ ਹੋ ਜਾਵੇ, ਉਸਦਾ ਸੁਆਦ ਆ ਜਾਵੇ। ਉਹ ਅਨੁਭਵ ਕਹਾਉਂਦਾ ਹੈ।

ਜਦੋਂ ਘਰ ਦੇ ਲੋਕ ਨਿਰਦੋਸ਼ ਦਿਖਾਈ ਦੇਣ, ਤਾਂ ਸਮਝਣਾ ਕਿ ਤੁਹਾਡਾ ਪ੍ਰਤੀਕ੍ਰਮਣ ਸਹੀ ਹੈ। ਅਸਲ ਵਿੱਚ ਨਿਰਦੋਸ਼ ਹੀ ਹੈ, ਪੂਰਾ ਜਗਤ ਨਿਰਦੋਸ਼ ਹੀ ਹੈ। ਤੁਸੀਂ ਆਪਣੇ ਦੋਸ਼ ਨਾਲ ਹੀ ਬੰਨੇ ਹੋਏ ਹੋ, ਉਹਨਾਂ ਦੇ ਦੋਸ਼ ਨਾਲ ਨਹੀ। ਤੁਹਾਡੇ ਖੁਦ ਦੇ ਦੋਸ਼ ਨਾਲ ਹੀ ਬੰਨੇ ਹੋਏ ਹੋ। ਹੁਣ, ਜਦੋਂ ਇਹੋ ਜਿਹਾ ਸਮਝ ਵਿੱਚ ਆਵੇਗਾ ਤਾਂ ਕੁੱਝ ਹੱਲ ਆਵੇਗਾ!

**ਪ੍ਰਸ਼ਨ ਕਰਤਾ :** ਨਿਸ਼ਚੈ ਵਿੱਚ ਤਾਂ ਵਿਸ਼ਵਾਸ ਹੈ ਕਿ ਪੂਰਾ ਜਗਤ ਨਿਰਦੋਸ਼ ਹੈ।

**ਦਾਦਾ ਸ਼੍ਰੀ :** ਉਹ ਤਾਂ ਪ੍ਰਤੀਤੀ ਵਿੱਚ ਆਇਆ ਕਿਹਾ ਜਾਵੇਗਾ। ਅਨੁਭਵ ਵਿੱਚ ਕਿੰਨਾ ਆਇਆ? ਇਹ ਗੱਲ ਇੰਨੀ ਆਸਾਨ ਨਹੀਂ ਹੈ। ਉਹ ਤਾਂ ਜਦੋਂ ਖਟਮਲ ਘੇਰ ਲੈਣ, ਮੱਛਰ ਘੇਰ ਲੈਣ, ਸੱਪ ਘੇਰ ਲੈਣ, ਉਸ ਸਮੇਂ ਉਹ ਨਿਰਦੋਸ਼ ਲੱਗਣ, ਤਾਂ ਸਹੀ ਹੈ। ਪਰ ਪ੍ਰਤੀਤੀ ਵਿੱਚ ਤੁਹਾਨੂੰ ਰਹਿਣਾ ਚਾਹੀਦਾ ਹੈ ਕਿ ਨਿਰਦੋਸ਼ ਹੈ। ਤੁਹਾਨੂੰ ਦੋਸ਼ਿਤ ਦਿਖਾਈ ਦਿੰਦੇ ਹਨ ਉਹ ਤੁਹਾਡੀ ਗਲਤੀ ਹੈ। ਉਸਦਾ ਪ੍ਰਤੀਕ੍ਰਮਣ ਕਰਨਾ ਚਾਹੀਦਾ ਹੈ। ਸਾਡੀ ਪ੍ਰਤੀਤੀ ਵਿੱਚ ਵੀ ਨਿਰਦੋਸ਼ ਹੈ ਅਤੇ ਸਾਡੇ ਵਿਹਾਰ ਵਿੱਚ ਵੀ ਨਿਰਦੋਸ਼ ਹੈ। ਤੈਨੂੰ ਤਾਂ ਹਾਲੇ ਪ੍ਰਤੀਤੀ ਵਿੱਚ ਵੀ ਨਹੀਂ ਆਇਆ ਕਿ ਨਿਰਦੋਸ਼ ਹੈ, ਤੈਨੂੰ ਤਾਂ ਦੋਸ਼ਿਤ ਲੱਗਦੇ ਹਨ। ਕੋਈ ਕੁੱਝ ਕਰੇ ਤਾਂ ਬਾਅਦ ਵਿੱਚ ਉਸਦਾ ਪ੍ਰਤੀਕ੍ਰਮਣ ਕਰਦਾ ਹੈ ਯਾਨੀ ਸ਼ੁਰੂਆਤ ਵਿੱਚ ਤਾਂ ਦੋਸ਼ਿਤ ਲੱਗਦੇ ਹਨ।

**ਪ੍ਰਸ਼ਨ ਕਰਤਾ :** ਸ਼ੁੱਧ ਉਪਯੋਗ ਰਹੇ, ਉਦੋਂ ਅਤੀਕ੍ਰਮਣ ਹੋ ਸਕਦਾ ਹੈ?

**ਦਾਦਾ ਸ਼੍ਰੀ :** ਹੋ ਸਕਦਾ ਹੈ। ਅਤੀਕ੍ਰਮਣ ਵੀ ਹੋ ਸਕਦਾ ਹੈ ਅਤੇ ਪ੍ਰਤੀਕ੍ਰਮਣ ਵੀ ਹੋ ਸਕਦਾ ਹੈ।

ਤੁਹਾਨੂੰ ਏਦਾਂ ਲੱਗੇਗਾ ਕਿ ਇਹ ਤਾਂ ਮੈਂ ਉਪਯੋਗ ਛੱਡ ਕੇ ਉਲਟੇ ਰਾਹ ਚੱਲ ਪਿਆ। ਹੁਣ ਤਾਂ ਉਪਯੋਗ ਚੁੱਕ ਜਾਵੇ ਤਾਂ ਉਸਦੇ ਲਈ ਪ੍ਰਤੀਕ੍ਰਮਣ ਕਰਨਾ ਪਵੇਗਾ। ਉਲਟਾ ਰਸਤਾ ਯਾਨੀ ਵੇਸਟ ਆਫ ਟਾਈਮ ਐਂਡ ਐਨਰਜ਼ੀ ਹੁੰਦਾ ਹੈ, ਫਿਰ ਵੀ ਉਸਦੇ ਪ੍ਰਤੀਕ੍ਰਮਣ ਨਹੀਂ ਕਰੋਗੇ ਤਾਂ ਚੱਲੇਗਾ। ਉਸ ਵਿੱਚ ਇੰਨਾ ਜਿਆਦਾ ਨੁਕਸਾਨ ਨਹੀਂ ਹੈ। ਇੱਕ ਜਨਮ ਹਾਲੇ ਬਾਕੀ ਹੈ, ਇਸ ਲਈ ਲੇਟ ਗੋ ਕੀਤਾ ਹੈ ਪਰ ਜਿਸਨੂੰ ਉਪਯੋਗ ਵਿੱਚ ਜਿਆਦਾ ਰਹਿਣਾ ਹੋਵੇ ਉਸਦਾ ਉਪਯੋਗ ਚੁੱਕ ਜਾਵੇ ਤਾਂ ਉਸਨੂੰ ਉਸਦਾ ਪ੍ਰਤੀਕ੍ਰਮਣ ਕਰਨਾ ਪਵੇਗਾ। ਪ੍ਰਤੀਕ੍ਰਮਣ ਯਾਨੀ ਵਾਪਸ ਮੁੜਨਾ। ਕਦੇ ਵਾਪਸ ਮੁੜਿਆ ਹੀ ਨਹੀਂ ਹੈ ਨਾ!

ਅਸੀਂ ਕਿਸੇ ਜਗ੍ਹਾ ਵਿਧੀ ਨਹੀਂ ਰੱਖਦੇ। ਔਰੰਗਾਬਾਦ ਵਿੱਚ ਅਸੀਂ ਇਹੋ ਜਿਹੀ ਵਿਧੀ ਰੱਖੀ ਸੀ ਕਿ ਅਨੰਤ ਜਨਮਾਂ ਦੇ ਦੋਸ਼ ਧੋਤੇ ਜਾਣ। ਇੱਕ ਘੰਟੇ ਦੀ ਪ੍ਰਤੀਕ੍ਰਮਣ ਵਿਧੀ ਵਿੱਚ ਤਾਂ ਸਭ ਦਾ ਅਹੰਕਾਰ ਭਸਮੀਭੂਤ ਹੋ ਜਾਵੇ, ਇਸ ਤਰ੍ਹਾਂ ਹੈ! ਅਸੀਂ ਉੱਥੇ ਔਰੰਗਾਬਾਦ ਵਿੱਚ ਤਾਂ ਬਾਰਾਂ ਮਹੀਨੀਆਂ ਵਿੱਚ ਇੱਕ ਵਾਰ ਪ੍ਰਤੀਕ੍ਰਮਣ ਕਰਵਾਉਂਦੇ ਸੀ। ਉਦੋਂ ਦੋ ਸੌ-ਤਿੰਨ ਸੌ ਲੋਕ ਰੋਇਆ ਕਰਦੇ ਸਨ ਅਤੇ ਸਾਰੇ ਰੋਗ ਨਿਕਲ ਜਾਂਦੇ ਸਨ। ਕਿਉਂਕਿ ਪਤੀ ਆਪਣੀ ਪਤਨੀ ਦੇ ਪੈਰ ਛੂਹ ਕੇ ਉੱਥੇ ਮਾਫ਼ੀ ਮੰਗਦੇ ਸਨ। ਕਿੰਨੇ ਹੀ ਜਨਮਾਂ ਦਾ ਬੰਧਨ, ਉਸਦੇ ਲਈ ਮਾਫ਼ੀ ਮੰਗਦੇ ਹਨ, ਉਦੋਂ ਕਿੰਨਾ ਕੁਝ ਸਾਫ਼ ਹੋ ਜਾਂਦਾ ਹੈ।

ਉੱਥੇ ਹਰ ਸਾਲ, ਇਸਦੇ ਪਿੱਛੇ ਸਾਨੂੰ ਬਹੁਤ ਵੱਡੀ ਵਿਧੀ ਕਰਨੀ ਪੈਂਦੀ ਹੈ, ਸਭ ਦੇ ਮਨ ਸ਼ੁੱਧ ਕਰਨ ਦੇ ਲਈ, ਆਤਮਾ (ਵਿਹਾਰ ਆਤਮਾ) ਸ਼ੁੱਧ ਕਰਨ ਦੇ ਲਈ, ਬੜੀ ਵਿਧੀ ਕਰਕੇ ਅਤੇ ਫਿਰ ਰੱਖ ਦਿੰਦੇ ਹਾਂ ਕਿ ਸਭ ਦਾ ਸਾਫ਼ ਹੋ ਜਾਵੇ ਉਸ ਘੜੀ। ਕੰਪਲੀਟ ਕਲੀਅਰ, ਖੁਦ ਦਾ ਧਿਆਨ ਵੀ ਨਹੀਂ ਰਹਿੰਦਾ ਕਿ ਮੈਂ ਕੀ ਲਿਖ ਰਿਹਾ ਹਾਂ, ਪਰ ਸਭ ਸਪਸ਼ਟ ਲਿਖ ਕੇ ਲਿਆਉਂਦੇ ਹਨ। ਫਿਰ ਕਲੀਅਰ ਹੋ ਜਾਂਦਾ ਹੈ। ਅਭੇਦਭਾਵ ਉਤਪੰਨ ਹੋਇਆ ਨਾ, ਇੱਕ ਮਿੰਟ ਦੇ ਲਈ ਵੀ ਮੈਨੂੰ ਸੌਂਪ ਦਿੱਤਾ ਕਿ 'ਸਾਹਿਬ ਮੈਂ

ਏਦਾਂ ਦਾ ਹਾਂ,' ਉਹ ਅਭੇਦਭਾਵ ਹੋ ਗਿਆ। ਅਤੇ ਉਸਦੀ ਸ਼ਕਤੀ ਵੱਧ ਗਈ।

ਅਤੇ ਫਿਰ ਮੈਂ ਤੇਰੇ ਦੋਸ਼ਾਂ ਨੂੰ ਜਾਣ ਲੈਂਦਾ ਹਾਂ ਅਤੇ ਦੋਸ਼ ਤੇ ਵਿਧੀ ਰੱਖਦਾ ਰਹਿੰਦਾ ਹਾਂ। ਇਹ ਕਲਯੁਗ ਹੈ, ਕਲਯੁਗ ਵਿੱਚ ਕਿਹੜੇ-ਕਿਹੜੇ ਦੋਸ਼ ਨਹੀਂ ਹੁੰਦੇ ਹੋਣਗੇ? ਕਿਸੇ ਦਾ ਦੋਸ਼ ਦੇਖਣਾ, ਉਹੀ ਭੁੱਲ ਹੈ। ਕਲਯੁਗ ਵਿੱਚ ਦੂਜਿਆਂ ਦਾ ਦੋਸ਼ ਦੇਖਣਾ, ਉਹੀ ਖੁਦ ਦੀ ਭੁੱਲ ਹੈ। ਕਿਸੇ ਦਾ ਦੋਸ਼ ਨਹੀਂ ਦੇਖਣਾ ਹੈ। ਗੁਣ ਕੀ ਹੈ, ਉਹ ਦੇਖਣ ਦੀ ਜ਼ਰੂਰਤ ਹੈ। ਕੀ ਬਚਿਆ ਹੈ ਉਸਦੇ ਕੋਲ? ਕਿੰਨਾ ਬਚਿਆ ਹੈ ਉਹ ਦੇਖਣ ਦੀ ਜ਼ਰੂਰਤ ਹੈ। ਇਸ ਕਾਲ ਵਿੱਚ ਪੂੰਜੀ ਬਚੀ ਹੀ ਨਹੀਂ ਹੈ ਨਾ! ਜਿਨ੍ਹਾਂ ਦੇ ਕੋਲ ਪੂੰਜੀ ਬਚੀ ਹੈ, ਉਹੀ ਮਹਾਤਮਾ ਅੱਗੇ ਹਨ ਨਾ!

ਜੋ ਆਪਣੇ ਨਾਲ ਹੋਵੇ, ਪਹਿਲਾਂ ਵੀ ਸਨ ਅਤੇ ਅੱਜ ਵੀ ਹਨ, ਉਹ ਆਪਣੇ ਧਰਮ ਦੇ ਭਾਈ ਕਹਾਉਂਦੇ ਹਨ ਅਤੇ ਖੁਦ ਦੇ ਧਰਮ ਦੇ ਭਾਈਆਂ ਦੇ ਨਾਲ ਹੀ ਜਨਮੋ ਜਨਮਾਂ ਦਾ ਵੈਰ ਪਿਆ ਹੁੰਦਾ ਹੈ। ਉਹਨਾਂ ਦੇ ਨਾਲ ਕੁੱਝ ਵੈਰ ਬੰਨਿਆ ਗਿਆ ਹੋਵੇ ਤਾਂ, ਉਸਦੇ ਲਈ ਆਹਮਣੇ-ਸਾਹਮਣੇ ਪ੍ਰਤੀਕ੍ਰਮਣ ਕਰ ਲਓ ਤਾਂ ਸਾਰਾ ਹਿਸਾਬ ਸਾਫ਼ ਹੋ ਜਾਵੇਗਾ। ਇੱਕ ਵੀ ਵਿਅਕਤੀ ਦਾ ਸਾਹਮਣੇ-ਸਾਹਮਣੇ ਪ੍ਰਤੀਕ੍ਰਮਣ ਕਰਨਾ ਭੁੱਲਣਾ ਨਹੀ। ਜਿਆਦਾਤਰ ਸਹਿਪਾਠੀ ਦੇ ਨਾਲ ਹੀ ਵੈਰ ਬੰਨਿਆ ਜਾਂਦਾ ਹੈ, ਅਤੇ ਉਹਨਾਂ ਦੇ ਪ੍ਰਤੱਖ ਪ੍ਰਤੀਕ੍ਰਮਣ ਕਰਨ ਨਾਲ ਧੋਤਾ ਜਾਵੇਗਾ। ਔਰੰਗਾਬਾਦ ਵਿੱਚ ਜੋ ਪ੍ਰਤੀਕ੍ਰਮਣ ਕਰਵਾਉਂਦੇ ਹਾਂ, ਇਹੋ ਜਿਹੇ ਪ੍ਰਤੀਕ੍ਰਮਣ ਤਾਂ ਵਰਲਡ ਵਿੱਚ ਕਿਤੇ ਵੀ ਨਹੀਂ ਹੁੰਦੇ ਹੋਣਗੇ।

**ਪ੍ਰਸ਼ਨ ਕਰਤਾ :** ਉੱਥੇ ਸਾਰੇ ਰੋ ਰਹੇ ਸਨ ਨਾ! ਵੱਡੇ-ਵੱਡੇ ਸੇਠ ਵੀ ਰੋ ਰਹੇ ਸੀ।

**ਦਾਦਾ ਸ਼੍ਰੀ :** ਹਾਂ, ਔਰੰਗਾਬਾਦ! ਦੇਖੋ ਨਾ, ਸਭ ਕਿੰਨਾ ਰੋ ਰਹੇ ਸਨ! ਹੁਣ ਇਹੋ ਜਿਹਾ ਪ੍ਰਤੀਕ੍ਰਮਣ ਪੂਰੀ ਜਿੰਦਗੀ ਵਿੱਚ ਇੱਕ ਵਾਰੀ ਕੀਤਾ ਤਾਂ ਬਹੁਤ ਹੋ ਗਿਆ।

**ਪ੍ਰਸ਼ਨ ਕਰਤਾ :** ਬੜੇ ਲੋਕਾਂ ਨੂੰ ਰੋਣ ਦੀ ਜਗ੍ਹਾ ਹੈ ਹੀ ਕਿੱਥੇ? ਇਹੋ ਜਿਹੀ ਜਗ੍ਹਾ ਕਿਤੇ ਹੀ ਹੁੰਦੀ ਹੈ।

**ਦਾਦਾ ਸ਼੍ਰੀ :** ਹਾਂ, ਸੱਚ ਹੈ। ਇੱਥੇ ਤਾਂ ਬਹੁਤ ਰੋਏ ਸਨ ਸਾਰੇ।

**ਪ੍ਰਸ਼ਨ ਕਰਤਾ :** ਮੈਂ ਤਾਂ ਪਹਿਲੀ ਹੀ ਬਾਰ ਉੱਥੇ ਦੇਖਿਆ ਇਹੋ ਜਿਹਾ ਕਿ ਸਮਾਜ ਵਿੱਚ ਇਹੋ ਜਿਹੇ ਸਭ ਪ੍ਰਤਿਸ਼ਠਿਤ ਕਹਾਉਣ ਵਾਲੇ ਲੋਕ ਖੁੱਲੇ ਆਮ ਰੋ ਰਹੇ ਸਨ!!!

**ਦਾਦਾ ਸ਼੍ਰੀ :** ਖੁੱਲੇ ਆਮ ਰੋ ਰਹੇ ਸਨ ਅਤੇ ਪਤਨੀ ਦੇ ਪੈਰਾਂ ਵਿੱਚ ਪੈ ਕੇ ਮਾਫ਼ੀ ਮੰਗ ਰਹੇ ਸਨ। ਔਰੰਗਾਬਾਦ ਵਿੱਚ ਤੁਸੀਂ ਆਏ ਹੋਵੋਗੇ, ਉੱਥੇ ਏਦਾਂ ਨਹੀਂ ਦੇਖਿਆ ਸੀ?

**ਪ੍ਰਸ਼ਨ ਕਰਤਾ :** ਹਾਂ, ਹੋਰ ਕਿਤੇ ਵੀ ਨਹੀਂ ਦੇਖਿਆ ਇਹੋ ਜਿਹਾ ਦ੍ਰਿਸ਼!

**ਦਾਦਾ ਸ਼੍ਰੀ :** ਹੋ ਹੀ ਨਹੀਂ ਸਕਦਾ ਨਾ! ਅਤੇ ਇਹੋ ਜਿਹਾ ਅਕ੍ਰਮ ਵਿਗਿਆਨ ਨਹੀਂ ਹੋ ਸਕਦਾ, ਇਹੋ ਜਿਹਾ ਪ੍ਰਤੀਕ੍ਰਮਣ ਨਹੀਂ ਹੋ ਸਕਦਾ, ਇਹੋ ਜਿਹਾ ਕੁੱਝ ਵੀ ਹੈ ਹੀ ਨਹੀ।

**ਪ੍ਰਸ਼ਨ ਕਰਤਾ :** ਇਹੋ ਜਿਹੇ 'ਦਾਦਾ ਜੀ' ਵੀ ਨਹੀਂ ਹੋ ਸਕਦੇ!

**ਦਾਦਾ ਸ਼੍ਰੀ :** ਹਾਂ। ਇਹੋ ਜਿਹੇ 'ਦਾਦਾ ਜੀ' ਵੀ ਨਹੀਂ ਹੋ ਸਕਦੇ।

ਸੱਚੀ ਆਲੋਚਨਾ ਕੀਤੀ ਹੀ ਨਹੀਂ ਹੈ ਕਿਸੇ ਨੇ। ਉਹੀ ਮੋਕਸ਼ ਜਾਣ ਵਿੱਚ ਅਟਕਣ ਹੈ। ਗੁਨਾਹ ਹੋ ਗਿਆ, ਉਸ ਵਿੱਚ ਹਰਜ਼ ਨਹੀ। ਸੱਚੀ ਆਲੋਚਨਾ ਹੋਵੇ ਤਾਂ ਕੋਈ ਹਰਜ਼ ਨਹੀਂ ਹੈ। ਅਤੇ ਆਲੋਚਨਾ ਗਜ਼ਬ ਦੇ ਪੁਰਖ ਦੇ ਸਾਹਮਣੇ ਕਰਨੀ ਚਾਹੀਦੀ ਹੈ। ਜ਼ਿੰਦਗੀ ਵਿੱਚ ਕਿਤੇ ਵੀ ਖੁਦ ਦੇ ਦੋਸ਼ਾਂ ਦੀ ਆਲੋਚਨਾ ਕੀਤੀ ਹੈ? ਕਿਸਦੇ ਕੋਲ ਆਲੋਚਨਾ ਕਰੇਗਾ? ਅਤੇ ਆਲੋਚਨਾ ਕੀਤੇ ਬਿਨਾਂ ਚਾਰਾ ਨਹੀਂ ਹੈ। ਜਦੋਂ ਤੱਕ ਆਲੋਚਨਾ ਨਹੀਂ ਕਰੋਗੇ ਤਾਂ ਇਸਨੂੰ ਮਾਫ਼ ਕੌਣ ਕਰਵਾਏਗਾ? ਗਿਆਨੀ ਪੁਰਖ ਜੋ ਚਾਹੇ ਸੋ ਕਰ ਸਕਦੇ ਹਨ, ਕਿਉਂਕਿ ਉਹ ਕਰਤਾ ਨਹੀਂ ਹਨ ਇਸਲਈ। ਜੇ ਕਰਤਾ ਹੁੰਦੇ ਤਾਂ ਉਹਨਾਂ ਨੂੰ ਵੀ ਕਰਮ ਬੰਧਨ ਹੁੰਦਾ। ਪਰ ਕਰਤਾ ਨਹੀਂ ਹਨ, ਇਸ ਲਈ ਚਾਹੇ ਸੋ ਕਰਨ।

ਤਾਂ ਤੁਹਾਨੂੰ ਗੁਰੂ ਦੇ ਸਾਹਮਣੇ ਆਲੋਚਨਾ ਕਰਨੀ ਚਾਹੀਦੀ ਹੈ। ਪਰ ਆਖਰੀ ਗੁਰੂ ਇਹ 'ਦਾਦਾ ਭਗਵਾਨ' ਕਹਾਉਂਦੇ ਹਨ। ਅਸੀਂ ਤਾਂ ਤੁਹਾਨੂੰ ਰਸਤਾ ਦੱਸ ਦਿੱਤਾ। ਹੁਣ ਆਖਰੀ ਗੁਰੂ ਦੱਸ ਦਿੱਤੇ। ਉਹ ਤੁਹਾਨੂੰ ਜਵਾਬ ਦਿੰਦੇ ਰਹਿਣਗੇ ਅਤੇ ਇਸਲਈ ਤਾਂ ਉਹ 'ਦਾਦਾ ਭਗਵਾਨ' ਹਨ। ਜਦੋਂ ਤੱਕ ਉਹ ਪ੍ਰਤੱਖ ਨਹੀਂ ਹੋ ਜਾਂਦੇ, ਉਦੋਂ ਤੱਕ 'ਇਹ ਦਾਦਾ ਭਗਵਾਨ' ਨੂੰ ਧਿਆਉਣਾ (ਭਜਣਾ) ਪਵੇਗਾ। ਉਹਨਾਂ ਦੇ ਪ੍ਰਤੱਖ ਹੋ ਜਾਣ ਤੋਂ ਬਾਅਦ ਆਪਣੇ ਆਪ ਆਉਂਦੇ-ਆਉਂਦੇ ਫਿਰ ਉਹ ਮਸ਼ੀਨ ਚੱਲਣੀ ਸ਼ੁਰੂ ਹੋ ਜਾਵੇਗੀ। ਫਿਰ ਉਹ ਖੁਦ ਹੀ 'ਦਾਦਾ ਭਗਵਾਨ' ਬਣ ਜਾਵੇਗਾ।

ਗਿਆਨੀ ਪੁਰਖ ਤੋਂ ਦੋਸ਼ ਢਕੋਗੇ ਤਾਂ ਖਤਮ ਹੋ ਗਿਆ। ਲੋਕ ਖੁੱਲਾ ਕਰਨ ਦੇ ਲਈ ਹੀ ਤਾਂ ਪ੍ਰਤੀਕ੍ਰਮਣ ਕਰਦੇ ਹਨ। ਉਹ ਆਦਮੀ ਸਭ ਲੈ ਕੇ ਆਇਆ ਸੀ ਨਾ? ਤਾਂ ਸਗੋਂ ਖੁੱਲਾ ਕਰ ਦਿੱਤਾ ਗਿਆਨੀ ਦੇ ਸਾਹਮਣੇ! ਉੱਥੇ ਕੋਈ ਢਕੇਗਾ ਤਾਂ ਕੀ ਹੋਵੇਗਾ?!!! ਦੋਸ਼ ਢਕਣ ਨਾਲ ਉਹ ਡਬਲ ਹੋ ਜਾਂਦੇ ਹਨ।

ਪਤਨੀ ਦੇ ਨਾਲ ਜਿੰਨੀ ਜਾਣ-ਪਹਿਚਾਣ ਹੈ, ਉਨੀ ਹੀ ਜਾਣ-ਪਹਿਚਾਣ ਪ੍ਰਤੀਕ੍ਰਮਣ ਦੇ ਨਾਲ ਹੋਣੀ ਚਾਹੀਦੀ ਹੈ। ਜਿਵੇਂ ਪਤਨੀ ਨੂੰ ਨਹੀਂ ਭੁੱਲਦੇ, ਉਸੇ ਤਰ੍ਹਾਂ ਪ੍ਰਤੀਕ੍ਰਮਣ ਵੀ ਨਹੀਂ ਭੁੱਲਣਾ ਚਾਹੀਦਾ। ਪੂਰੇ ਦਿਨ ਮਾਫ਼ੀ ਮੰਗਦੇ ਰਹਿਣਾ ਚਾਹੀਦਾ ਹੈ। ਮਾਫ਼ੀ ਮੰਗਣ ਦੀ ਆਦਤ ਹੀ ਪੈ ਜਾਣੀ ਚਾਹੀਦੀ ਹੈ। ਇਹ ਤਾਂ, ਦੂਜਿਆਂ ਦੇ ਦੋਸ਼ ਦੇਖਣ ਦੀ ਹੀ ਦ੍ਰਿਸ਼ਟੀ ਹੋ ਗਈ ਹੈ!

ਜਿਸਦੇ ਨਾਲ ਵਿਸ਼ੇਸ਼ ਰੂਪ ਵਿੱਚ ਅਤੀਕ੍ਰਮਣ ਹੋ ਗਿਆ ਹੋਵੇ, ਉਸਦੇ ਨਾਲ ਪ੍ਰਤੀਕ੍ਰਮਣ ਦਾ ਯੱਗ ਸ਼ੁਰੂ ਕਰ ਦੇਣਾ। ਅਤੀਕ੍ਰਮਣ ਬਹੁਤ ਕੀਤੇ ਹਨ। ਪ੍ਰਤੀਕ੍ਰਮਣ ਨਹੀਂ ਕੀਤੇ, ਉਸੇ ਨਾਲ ਇਹ ਸਭ ਹੈ।

ਇਹ ਪ੍ਰਤੀਕ੍ਰਮਣ ਤਾਂ ਸਾਡੀ ਸੂਖਮ ਅਤਿ ਸੂਖਮ ਖੋਜ ਹੈ। ਜੇ ਇਸ ਖੋਜ ਨੂੰ ਸਮਝ ਜਾਵੇ ਤਾਂ ਕਿਸੇ ਦੇ ਨਾਲ ਕੋਈ ਝਗੜਾ ਹੀ ਨਹੀਂ ਰਹੇਗਾ।

**ਪ੍ਰਸ਼ਨ ਕਰਤਾ :** ਦੋਸ਼ਾਂ ਦੀ ਲਿਸਟ ਤਾਂ ਬਹੁਤ ਲੰਬੀ ਹੈ।

**ਦਾਦਾ ਸ਼੍ਰੀ :** ਉਹ ਲੰਬੀ ਹੋਵੇ ਤਾਂ, ਏਦਾਂ ਮੰਨ ਲਓ ਕਿ ਇੱਕ ਵਿਅਕਤੀ ਦੇ ਨਾਲ ਸੌ ਤਰ੍ਹਾਂ ਦੇ ਦੋਸ਼ ਹੋ ਗਏ ਹੋਣ ਤਾਂ ਸਭ ਦਾ ਇਕੱਠੇ ਪ੍ਰਤੀਕ੍ਰਮਣ ਕਰ ਦੇਣਾ ਕਿ ਇਹਨਾਂ ਸਭ ਦੋਸ਼ਾਂ ਦੇ ਲਈ ਮੈਂ ਤੁਹਾਡੇ ਤੋਂ ਮਾਫ਼ੀ ਮੰਗਦਾ ਹਾਂ!

**ਪ੍ਰਸ਼ਨ ਕਰਤਾ :** ਹੁਣ ਇਹ ਜਿੰਦਗੀ ਦਾ ਡਰਾਮਾ ਜਲਦੀ ਪੂਰਾ ਹੋ ਜਾਵੇ ਤਾਂ ਚੰਗਾ!

**ਦਾਦਾ ਸ਼੍ਰੀ :** ਏਦਾਂ ਕਿਉਂ ਬੋਲੇ?

**ਪ੍ਰਸ਼ਨ ਕਰਤਾ : ਤੁਸੀਂ** ਵੀਹ ਦਿਨ ਇੱਥੇ ਸੀ, ਪਰ ਇੱਕ ਵੀ ਜਗ੍ਹਾ ਨਹੀਂ ਆ ਸਕਿਆ।

**ਦਾਦਾ ਸ਼੍ਰੀ :** ਕੀ ਇਸਲਈ ਦੇਹ ਖਤਮ ਕਰ ਦੇਣੀ ਚਾਹੀਦੀ ਹੈ?

ਇਸ ਦੇਹ ਨਾਲ 'ਦਾਦਾ ਭਗਵਾਨ' ਨੂੰ ਪਹਿਚਾਣਿਆ। ਇਸ ਦੇਹ ਦਾ ਤਾਂ ਇੰਨਾ ਉਪਕਾਰ ਹੈ ਕਿ ਕੋਈ ਵੀ ਇਲਾਜ ਕਰਨਾ ਪਵੇ ਤਾਂ ਕਰਨਾ। ਇਸ ਦੇਹ ਨਾਲ ਤਾਂ 'ਦਾਦਾ ਭਗਵਾਨ' ਨੂੰ ਪਹਿਚਾਣਿਆ ਹੈ। ਅਨੰਤ ਦੇਹਾਂ ਖੋ ਦਿੱਤੀਆਂ ਪੂਰੀ ਤਰ੍ਹਾਂ, ਵਿਅਰਥ ਗਈਆਂ। ਇਸ ਦੇਹ ਦੇ ਮਾਧਿਅਮ ਨਾਲ ਪਹਿਚਾਣਿਆ, ਇਸਲਈ ਇਹ ਦੇਹ ਮਿੱਤਰ ਦੀ ਤਰ੍ਹਾਂ ਹੋ ਗਿਆ। ਅਤੇ ਇਹ ਸੈਕਿੰਡ (ਦੂਸਰਾ) ਮਿੱਤਰ, ਸਮਝ ਗਏ ਨਾ? ਹੁਣ ਇਸ ਦੇਹ ਦਾ ਯਤਨ ਕਰਨਾ। ਅੱਜ ਪ੍ਰਤੀਕ੍ਰਮਣ ਕਰਨਾ, 'ਦੇਹ ਜਲਦੀ ਖਤਮ ਹੋ ਜਾਵੇ ਏਦਾਂ ਕਿਹਾ, ਉਸਦੇ ਲਈ ਮਾਫ਼ੀ ਮੰਗਦਾ ਹਾਂ।'

## 25. ਪ੍ਰਤੀਕ੍ਰਮਣ ਦੀ ਸਿਧਾਂਤਿਕ ਸਮਝ

**ਪ੍ਰਸ਼ਨ ਕਰਤਾ :** ਤਨਮੈਕਾਰ ਹੋ ਜਾਂਦੇ ਹਾਂ ਇਸ ਲਈ ਜਾਗ੍ਰਿਤੀ ਪੂਰਵਕ ਪੂਰਾ-ਪੂਰਾ ਨਿਕਾਲ ਨਹੀਂ ਹੁੰਦਾ। ਹੁਣ ਤਨਮੈਕਾਰ ਹੋ ਜਾਣ ਤੋਂ ਬਾਅਦ ਪਤਾ ਚੱਲਦਾ ਹੈ, ਤਾਂ ਫਿਰ ਕੀ ਉਸਦਾ ਪ੍ਰਤੀਕ੍ਰਮਣ ਕਰਕੇ ਨਿਕਾਲ ਕਰਨ ਦਾ ਕੋਈ ਰਸਤਾ ਹੈ?

**ਦਾਦਾ ਸ਼੍ਰੀ :** ਪ੍ਰਤੀਕ੍ਰਮਣ ਕਰਨ ਨਾਲ ਹਲਕੇ ਹੋ ਜਾਵੋਗੇ। ਅਗਲੀ ਵਾਰ ਹਲਕੇ ਹੋ ਕੇ ਆਵੋਗੇ ਅਤੇ ਜੇ ਪ੍ਰਤੀਕ੍ਰਮਣ ਨਾ ਕਰੀਏ ਤਾਂ ਉਹੀ ਬੋਝ ਫਿਰ ਤੋਂ ਆਵੇਗਾ। ਫਿਰ ਤੋਂ ਖਿਸਕ ਜਾਵੇਗਾ ਵਾਪਸ ਚਾਰਜ ਹੋਏ ਬਿਨਾ। ਇਸਲਈ ਪ੍ਰਤੀਕ੍ਰਮਣ ਨਾਲ ਹਲਕੇ ਕਰ-ਕਰਕੇ ਨਿਕਾਲ ਹੁੰਦਾ ਰਹੇਗਾ।

**ਪ੍ਰਸ਼ਨ ਕਰਤਾ :** ਤੁਸੀਂ ਕਹਿੰਦੇ ਹੋ ਕਿ ਅਤੀਕ੍ਰਮਣ ਨਿਊਟ੍ਰਲ ਹੀ ਹੈ, ਤਾਂ ਫਿਰ ਪ੍ਰਤੀਕ੍ਰਮਣ ਕਰਨ ਦਾ ਰਿਹਾ ਹੀ ਕਿੱਥੇ?

**ਦਾਦਾ ਸ਼੍ਰੀ :** ਅਤੀਕ੍ਰਮਣ ਨਿਊਟ੍ਰਲ ਹੀ ਹੈ। ਪਰ ਉਸ ਵਿੱਚ ਤਨਮੈਕਾਰ ਹੋ ਜਾਂਦੇ ਹੋ, ਇਸਲਈ ਬੀਜ ਪੈ ਜਾਂਦਾ ਹੈ। ਪਰ ਜੇ ਅਤੀਕ੍ਰਮਣ ਵਿੱਚ ਤਨਮੈਕਾਰ ਨਹੀਂ ਹੋਵੇਗਾ ਤਾਂ ਬੀਜ ਨਹੀਂ ਪਵੇਗਾ। ਅਤੀਕ੍ਰਮਣ ਕੁੱਝ ਨਹੀਂ ਕਰ ਸਕਦਾ। ਅਤੇ ਪ੍ਰਤੀਕ੍ਰਮਣ ਤਾਂ ਅਸੀਂ ਤਨਮੈਕਾਰ ਨਹੀਂ ਹੋਵਾਂਗੇ, ਫਿਰ ਵੀ ਕਰੇਗਾ। ਚੰਦੂਭਾਈ ਤਨਮੈਕਾਰ ਹੋ ਗਏ ਉਸਨੂੰ ਵੀ ਤੁਸੀਂ ਜਾਣਦੇ ਹੋ ਅਤੇ ਨਹੀਂ ਹੋਏ ਉਸਨੂੰ ਵੀ ਤੁਸੀਂ ਜਾਣਦੇ ਹੋ। ਤੁਸੀਂ ਤਨਮੈਕਾਰ ਹੁੰਦੇ ਹੀ ਨਹੀ। ਤਨਮੈਕਾਰ ਮਨ-ਚਿਤ-ਬੁੱਧੀ ਅਤੇ ਅਹੰਕਾਰ ਹੁੰਦੇ ਹਨ, ਤੁਸੀਂ ਉਹਨਾਂ ਨੂੰ ਜਾਣਦੇ ਹੋ।

**ਪ੍ਰਸ਼ਨ ਕਰਤਾ :** ਚੰਦੂਭਾਈ ਤਨਮੈਕਾਰ ਹੋ ਜਾਵੇ ਤਾਂ ਚੰਦੂਭਾਈ ਨੂੰ ਪ੍ਰਤੀਕ੍ਰਮਣ ਕਰਨ ਨੂੰ ਕਹਿਣਾ ਪਵੇਗਾ ਨਾ?

**ਦਾਦਾ ਸ਼੍ਰੀ :** ਹਾਂ, ਚੰਦੂਭਾਈ ਨੂੰ ਕਹਿਣਾ ਹੈ।

**ਪ੍ਰਸ਼ਨ ਕਰਤਾ :** ਸੁਪਨੇ ਵਿੱਚ ਪ੍ਰਤੀਕ੍ਰਮਣ ਹੋ ਸਕਦੇ ਹਨ?

**ਦਾਦਾ ਸ਼੍ਰੀ :** ਹਾਂ, ਬਹੁਤ ਚੰਗੀ ਤਰ੍ਹਾਂ ਹੋ ਸਕਦੇ ਹਨ। ਸੁਪਨੇ ਵਿੱਚ ਜੋ ਪ੍ਰਤੀਕ੍ਰਮਣ ਹੁੰਦੇ ਹਨ, ਉਹ ਤਾਂ ਹੁਣ ਜੋ ਹੁੰਦੇ ਹਨ, ਉਸ ਤੋਂ ਵੀ ਚੰਗੇ ਹੋਣਗੇ। ਹੁਣ ਤਾਂ ਤੁਸੀਂ ਫਟਾਫਟ ਕਰ ਲੈਂਦੇ ਹੋ। ਸੁਪਨੇ ਵਿੱਚ ਜੋ ਕੰਮ ਹੁੰਦਾ ਹੈ, ਉਹ ਸਾਰਾ ਵਿਧੀ ਪੂਰਵਕ ਹੁੰਦਾ ਹੈ। ਸੁਪਨੇ ਵਿੱਚ ਜੋ 'ਦਾਦਾ' ਦਿਖਾਈ ਦਿੰਦੇ ਹਨ, ਉਸ ਤਰ੍ਹਾਂ ਦੇ ਦਾਦਾ ਤਾਂ ਜਿਵੇਂ ਤੁਸੀਂ ਕਦੇ ਵੀ ਨਾ ਦੇਖੇ ਹੋਣ, ਇਹੋ ਜਿਹੇ 'ਦਾਦਾ' ਦਿਖਾਈ ਦਿੰਦੇ ਹਨ। ਜਾਗ੍ਰਿਤੀ ਵਿੱਚ ਉਸ ਤਰ੍ਹਾਂ ਦੇ ਦਾਦਾ ਦਿਖਾਈ ਨਹੀਂ ਦਿੰਦੇ, ਸੁਪਨੇ ਵਿੱਚ ਬਹੁਤ ਵਧੀਆ ਦਿਖਦੇ ਹਨ। ਕਿਉਂਕਿ ਸੁਪਨਾ, ਉਹ ਸਹਿਜ ਅਵਸਥਾ ਹੈ ਅਤੇ ਇਹ ਜਾਗ੍ਰਿਤ, ਇਹ ਅਸਹਿਜ ਅਵਸਥਾ ਹੈ।

ਕ੍ਰਮਿਕ ਮਾਰਗ ਵਿੱਚ ਆਤਮਾ ਪ੍ਰਾਪਤੀ ਤੋਂ ਬਾਅਦ ਪ੍ਰਤੀਕ੍ਰਮਣ ਨਹੀਂ ਕਰਨਾ ਹੁੰਦਾ। ਪ੍ਰਤੀਕ੍ਰਮਣ ਪੋਆਇਜ਼ਿਨ ਮੰਨਿਆ ਜਾਂਦਾ ਹੈ। ਆਪਣੇ ਇੱਥੇ ਵੀ ਪ੍ਰਤੀਕ੍ਰਮਣ ਨਹੀਂ ਹੈ। ਪ੍ਰਤੀਕ੍ਰਮਣ ਅਸੀਂ 'ਚੰਦੂਭਾਈ' ਤੋਂ ਕਰਵਾਉਂਦੇ ਹਾਂ। ਕਿਉਂਕਿ ਇਹ ਤਾਂ ਅਕ੍ਰਮ ਹੈ, ਇੱਥੇ ਤਾਂ ਸਾਰਾ ਮਾਲ ਭਰਿਆ ਹੈ।

ਅਸੀਂ ਤਾਂ ਸਾਹਮਣੇ ਵਾਲੇ ਦੇ ਕਿਸ ਆਤਮਾ ਦੀ ਗੱਲ ਕਰਦੇ ਹਾਂ? ਪ੍ਰਤੀਕ੍ਰਮਣ ਕਿਸ ਨੂੰ ਕਰਦੇ ਹਾਂ, ਉਹ ਜਾਣਦੇ ਹੋ? ਪ੍ਰਤਿਸ਼ਠਿਤ ਆਤਮਾ ਨੂੰ ਨਹੀਂ ਕਰਦੇ, ਅਸੀਂ ਉਸਦੇ ਮੂਲ ਸ਼ੁੱਧ ਆਤਮਾ ਨੂੰ ਕਰਦੇ ਹਾਂ। ਸ਼ੁੱਧ ਆਤਮਾ ਦੀ ਹਾਜਰੀ ਵਿੱਚ ਉਸਦੇ ਨਾਲ ਹੋਇਆ, ਉਸਦੇ ਲਈ ਅਸੀਂ ਪ੍ਰਤੀਕ੍ਰਮਣ ਕਰਦੇ ਹਾਂ। ਉਸ ਸ਼ੁੱਧ ਆਤਮਾ ਤੋਂ ਅਸੀਂ ਮਾਫ਼ੀ ਮੰਗਦੇ ਹਾਂ। ਫਿਰ ਉਸਦੇ ਪ੍ਰਤਿਸ਼ਠਿਤ ਆਤਮਾ ਤੋਂ ਸਾਡਾ ਲੈਣਾ-ਦੇਣਾ ਨਹੀਂ ਹੈ।

ਪ੍ਰਤੀਕ੍ਰਮਣ ਵੀ ਅਹੰਕਾਰ ਨੂੰ ਹੀ ਕਰਨਾ ਹੈ, ਪਰ ਚੇਤਾਵਨੀ ਕਿਸਦੀ? ਪ੍ਰਗਿਆ ਦੀ। ਪ੍ਰਗਿਆ ਕਹਿੰਦੀ ਹੈ, 'ਅਤੀਕ੍ਰਮਣ ਕਿਉਂ ਕੀਤਾ? ਤਾਂ ਪ੍ਰਤੀਕ੍ਰਮਣ ਕਰੋ।'

ਸੂਖਮ ਤੋਂ ਸੂਖਮ ਦੋਸ਼ ਵੀ ਸਾਡੀ ਦ੍ਰਿਸ਼ਟੀ ਤੋਂ ਬਾਹਰ ਨਹੀਂ ਜਾਂਦਾ। ਸੂਖਮ ਤੋਂ ਸੂਖਮ, ਅਤਿ-ਅਤਿ ਸੂਖਮ ਦੋਸ਼ ਦਾ ਸਾਨੂੰ ਤੁਰੰਤ ਹੀ ਪਤਾ ਚੱਲ ਜਾਂਦਾ ਹੈ! ਤੁਹਾਡੇ ਵਿੱਚੋਂ ਕਿਸੇ ਨੂੰ ਵੀ ਪਤਾ ਨਹੀਂ ਚੱਲੇਗਾ ਕਿ ਮੇਰੇ ਤੋਂ ਦੋਸ਼ ਹੋਇਆ ਹੈ। ਕਿਉਂਕਿ ਦੋਸ਼ ਸਥੂਲ ਨਹੀਂ ਹੈ।

**ਪ੍ਰਸ਼ਨ ਕਰਤਾ :** ਤੁਹਾਨੂੰ ਸਾਡੇ ਵੀ ਦੋਸ਼ ਦਿਖਾਈ ਦਿੰਦੇ ਹਨ?

**ਦਾਦਾ ਸ਼੍ਰੀ :** ਸਾਰੇ ਦੋਸ਼ ਦਿਖਾਈ ਦਿੰਦੇ ਹਨ, ਪਰ ਸਾਡੀ ਦ੍ਰਿਸ਼ਟੀ ਦੋਸ਼ਾਂ ਦੇ ਵੱਲ ਨਹੀਂ ਹੁੰਦੀ। ਸਾਨੂੰ ਤੁਰੰਤ ਹੀ ਉਸਦਾ ਪਤਾ ਚਲ ਜਾਂਦਾ ਹੈ। ਪਰ ਸਾਡੀ ਦ੍ਰਿਸ਼ਟੀ ਤਾਂ ਤੁਹਾਡੇ ਸ਼ੁੱਧ ਆਤਮਾ ਦੇ ਵੱਲ ਹੀ ਰਹਿੰਦੀ ਹੈ। ਸਾਡੀ ਦ੍ਰਿਸ਼ਟੀ ਤੁਹਾਡੇ ਉਦੈ ਕਰਮ ਦੇ ਵੱਲ ਨਹੀਂ ਰਹਿੰਦੀ। ਸਾਨੂੰ ਪਤਾ ਚਲ ਹੀ ਜਾਂਦਾ ਹੈ, ਸਭ ਦੇ ਦੋਸ਼ਾਂ ਦਾ ਸਾਨੂੰ ਪਤਾ ਚਲ ਜਾਂਦਾ ਹੈ। ਦੋਸ਼ ਦਿਖਾਈ ਦਿੰਦੇ ਹਨ, ਫਿਰ ਵੀ ਅੰਦਰ ਸਾਨੂੰ ਉਸ ਨਾਲ ਅਸਰ ਨਹੀਂ ਹੁੰਦਾ।

ਸਾਡੇ ਕੋਲ ਤਾਂ ਜਿੰਨੇ ਲੋਕ ਸਜਾ ਦੇ ਯੋਗ ਹਨ, ਉਹਨਾਂ ਦੇ ਲਈ ਵੀ ਮਾਫ਼ੀ ਹੁੰਦੀ ਹੈ! ਅਤੇ ਮਾਫ਼ੀ ਵੀ ਸਹਿਜ ਹੁੰਦੀ ਹੈ। ਸਾਹਮਣੇ ਵਾਲੇ ਨੂੰ ਮਾਫ਼ੀ ਮੰਗਣੀ ਨਹੀਂ ਪੈਂਦੀ। ਜਿੱਥੇ ਸਹਿਜ ਮਾਫ਼ ਕੀਤਾ ਜਾਂਦਾ ਹੈ, ਉੱਥੇ ਲੋਕ ਸਵੱਛ

(ਸਾਫ਼) ਹੋ ਜਾਂਦੇ ਹਨ। ਅਤੇ ਜਿੱਥੇ ਕਿਹਾ ਜਾਂਦਾ ਹੈ ਕਿ, 'ਸਾਹਿਬ, ਮਾਫ਼ ਕਰਨਾ।' ਉੱਥੇ ਹੀ ਮੈਲੇ ਹੁੰਦੇ ਹਨ। ਜਿੱਥੇ ਸਹਿਜ ਮਾਫ਼ੀ ਮਿਲ ਜਾਵੇ, ਉੱਥੇ ਤਾਂ ਬਹੁਤ ਹੀ ਸਵੱਛ, ਸਾਫ਼ ਹੋ ਜਾਂਦੇ ਹਨ।

ਜਦੋਂ ਤੱਕ ਅਸੀਂ ਸਹਿਜਕਤਾ (ਸਹਿਜ ਸੁਭਾਅ) ਵਿੱਚ ਹੁੰਦੇ ਹਾਂ, ਉਦੋਂ ਤੱਕ ਸਾਨੂੰ ਵੀ ਪ੍ਰਤੀਕ੍ਰਮਣ ਨਹੀਂ ਹੁੰਦਾ। ਸਹਿਜਕਤਾ (ਸਹਿਜ ਸੁਭਾਅ) ਵਿੱਚ ਤੁਹਾਨੂੰ ਵੀ ਪ੍ਰਤੀਕ੍ਰਮਣ ਨਹੀਂ ਕਰਨੇ ਪੈਣਗੇ। ਸਹਿਜਕਤਾ ਵਿੱਚ ਫਰਕ ਆਇਆ ਕਿ ਪ੍ਰਤੀਕ੍ਰਮਣ ਕਰਨੇ ਪੈਂਣਗੇ। ਤੁਸੀਂ ਸਾਨੂੰ ਜਦੋਂ ਵੀ ਦੇਖੋਗੇ ਉਦੋਂ ਸਹਿਜਕਤਾ ਵਿੱਚ ਹੀ ਦੇਖੋਗੇ। ਜਦੋ ਵੀ ਦੇਖੋ ਅਸੀਂ ਉਸੇ ਸੁਭਾਅ ਵਿੱਚ ਦਿਖਾਈ ਦਿੰਦੇ ਹਾਂ। ਸਾਡੀ ਸਹਿਜਕਤਾ ਵਿੱਚ ਫ਼ਰਕ ਨਹੀਂ ਆਉਂਦਾ।

ਅਸੀਂ ਤੁਹਾਨੂੰ ਪੰਜ ਆਗਿਆਵਾਂ ਦਿੰਦੇ ਹਾਂ। ਕਿਉਂਕਿ ਗਿਆਨ ਤਾਂ ਦਿੱਤਾ ਹੈ, ਪਰ ਤੁਸੀਂ ਉਸਨੂੰ ਖੋ ਬੈਠੋਗੇ। ਸੋ: ਜੇ ਇਹਨਾਂ ਪੰਜ ਆਗਿਆਵਾਂ ਵਿੱਚ ਰਹੋਗੇ ਤਾਂ ਮੋਕਸ਼ ਵਿੱਚ ਜਾਵੋਗੇ। ਅਤੇ ਛੇਵਾਂ ਕੀ ਕਿਹਾ? ਕਿ ਜਿੱਥੇ ਅਤੀਕ੍ਰਮਣ ਹੋ ਜਾਵੇ, ਉੱਥੇ ਪ੍ਰਤੀਕ੍ਰਮਣ ਕਰੋ। ਆਗਿਆ ਦਾ ਪਾਲਣ ਕਰਨਾ ਭੁੱਲ ਜਾਵੋ ਤਾਂ ਪ੍ਰਤੀਕ੍ਰਮਣ ਕਰਨਾ। ਭੁੱਲ ਤਾਂ ਹੋ ਹੀ ਸਕਦੀ ਹੈ, ਇਨਸਾਨ ਹਾਂ। ਪਰ ਭੁੱਲ ਗਏ ਉਸਦਾ ਪ੍ਰਤੀਕ੍ਰਮਣ ਕਰਨਾ ਕਿ 'ਹੇ ਦਾਦਾ ਭਗਵਾਨ! ਇਹ ਦੋ ਘੰਟੇ ਭੁੱਲ ਗਿਆ, ਤੁਹਾਡੀ ਆਗਿਆ ਭੁੱਲ ਗਿਆ। ਪਰ ਮੈਂ ਤਾਂ ਆਗਿਆ ਦਾ ਪਾਲਣ ਕਰਨਾ ਹੈ। ਮੈਨੂੰ ਮਾਫ਼ ਕਰਨਾ।' ਤਾਂ ਪਿਛਲਾ ਸਭ ਕੁੱਝ ਪਾਸ, ਪੂਰੇ ਸੌ ਦੇ ਸੌ ਅੰਕ।

ਇਹ 'ਅਕ੍ਰਮ ਵਿਗਿਆਨ' ਹੈ। ਵਿਗਿਆਨ ਯਾਨੀ ਤੁਰੰਤ ਫਲ਼ ਦੇਣਵਾਲਾ। ਜਿੱਥੇ ਕਰਤਾਪਨ ਨਹੀਂ ਹੈ, ਉਹ 'ਵਿਗਿਆਨ' ਅਤੇ ਜਿੱਥੇ ਕਰਤਾਪਨ ਹੈ, ਉਹ 'ਗਿਆਨ'!

ਜੋ ਵਿਚਾਰਸ਼ੀਲ ਵਿਅਕਤੀ ਹੈ ਉਸਨੂੰ ਏਦਾਂ ਤਾਂ ਲੱਗੇਗਾ ਨਾ ਕਿ ਅਸੀਂ ਕੁੱਝ ਵੀ ਨਹੀਂ ਕੀਤਾ, ਫਿਰ ਵੀ ਇਹ ਕੀ ਹੈ?! ਇਹ ਅਕ੍ਰਮ ਵਿਗਿਆਨ ਦੀ ਬਲਿਹਾਰੀ ਹੈ। 'ਅਕ੍ਰਮ' ਕ੍ਰਮ-ਬ੍ਰਮ ਨਹੀ।

**ਜੈ ਸਚਿੱਦਾਨੰਦ**

## ਨੌ ਕਲਮਾਂ (ਭਾਵਨਾਵਾਂ)

1. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਦੇਹਧਾਰੀ ਜੀਵਾਤਮਾ ਦਾ ਕਿੰਚਿਤਮਾਤਰ ਵੀ ਅਹਮ ਨਾ ਦੁਭੇ (ਦੁਖੇ), ਨਾ ਦੁਭਾਇਆ (ਦੁਖਾਇਆ) ਜਾਏ ਜਾਂ ਦੁਭਾਉਣ (ਦੁਖਾਉਣ) ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

   ਮੇਰੇ ਤੋਂ ਕਿਸੇ ਦੇਹਧਾਰੀ ਜੀਵਾਤਮਾ ਦਾ ਕਿੰਚਿਤਮਾਤਰ ਵੀ ਅਹਮ ਨਾ ਦੁਭੇ, ਇਹੋ ਜਿਹੀ ਸਿਆਦਵਾਦ ਬਾਣੀ, ਸਿਆਦਵਾਦ ਵਰਤਨ ਅਤੇ ਸਿਆਦਵਾਦ ਮਨਨ ਕਰਨ ਦੀ ਪਰਮ ਸ਼ਕਤੀ ਦਿਓ।

2. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਧਰਮ ਦਾ ਕਿੰਚਿਤਮਾਤਰ ਵੀ ਪ੍ਰਮਾਣ ਨਾ ਦੁਭੇ, ਨਾ ਦੁਭਾਇਆ ਜਾਏ ਜਾਂ ਦੁਭਾਉਣ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

   ਮੈਨੂੰ ਕਿਸੇ ਵੀ ਧਰਮ ਦਾ ਕਿੰਚਿਤਮਾਤਰ ਵੀ ਪ੍ਰਮਾਣ ਨਾ ਦੁਭਾਇਆ ਜਾਏ ਇਹੋ ਜਿਹੀ ਸਿਆਦਵਾਦ ਬਾਣੀ, ਸਿਆਦਵਾਦ ਵਰਤਨ ਅਤੇ ਸਿਆਦਵਾਦ ਮਨਨ ਕਰਨ ਦੀ ਪਰਮ ਸ਼ਕਤੀ ਦਿਓ।

3. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਦੇਹਧਾਰੀ ਉਪਦੇਸ਼ਕ ਸਾਧੂ, ਸਾਧਵੀ ਜਾ ਆਚਾਰਿਆ ਦਾ ਅਵਰਣਵਾਦ, ਅਪਰਾਧ, ਅਵਿਨਯ ਨਾ ਕਰਨ ਦੀ ਪਰਮ ਸ਼ਕਤੀ ਦਿਓ।

4. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਦੇਹਧਾਰੀ ਜੀਵਾਤਮਾ ਦੇ ਪ੍ਰਤੀ ਕਿੰਚਿਤਮਾਤਰ ਵੀ ਅਭਾਵ, ਤਿਰਸਕਾਰ ਕਦੇ ਵੀ ਨਾ ਕੀਤਾ ਜਾਵੇ, ਨਾ ਕਰਵਾਇਆ ਜਾਵੇ ਜਾਂ ਕਰਤਾ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

5. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਦੇਹਧਾਰੀ ਜੀਵਾਤਮਾ ਦੇ ਨਾਲ ਕਦੇ ਵੀ ਕਠੋਰ ਭਾਸ਼ਾ, ਤੰਤੀਲੀ ਭਾਸ਼ਾ ਨਾ ਬੋਲੀ ਜਾਵੇ, ਨਾ ਬੁਲਵਾਈ ਜਾਵੇ ਜਾਂ ਬੋਲਣ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

ਕੋਈ ਕਠੋਰ ਭਾਸ਼ਾ, ਤੰਤੀਲੀ ਭਾਸ਼ਾ ਬੋਲੇ ਤਾਂ ਮੈਨੂੰ ਮ੍ਰਦੂ-ਰਿਜੂ (ਮਿੱਠੀ) ਭਾਸ਼ਾ ਬੋਲਣ ਦੀ ਸ਼ਕਤੀ ਦਿਓ

6. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਦੇਹਧਾਰੀ ਜੀਵਾਤਮਾ ਦੇ ਪ੍ਰਤੀ ਇਸਤਰੀ, ਪੁਰਸ਼ ਜਾਂ ਨਪੁਸੰਗ, ਕੋਈ ਵੀ ਲਿੰਗਧਾਰੀ ਹੋਵੇ, ਤਾਂ ਉਸਦੇ ਸਬੰਧ ਵਿੱਚ ਕਿੰਚਿਤਮਾਤਰ ਵੀ ਵਿਸ਼ੈ-ਵਿਕਾਰ ਸਬੰਧੀ ਦੋਸ਼, ਇੱਛਾਵਾਂ, ਚੇਸ਼ਠਾਵਾਂ ਜਾਂ ਵਿਚਾਰ ਸਬੰਧੀ ਦੋਸ਼ ਨਾ ਕੀਤੇ ਜਾਣ, ਨਾ ਕਰਵਾਏ ਜਾਣ ਜਾਂ ਕਰਤਾ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

ਮੈਨੂੰ ਨਿਰੰਤਰ ਨਿਰਵਿਕਾਰ ਰਹਿਣ ਦੀ ਪਰਮ ਸ਼ਕਤੀ ਦਿਓ।

7. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਰਸ ਵਿੱਚ ਲੁਬੱਧਤਾ ਨਾ ਹੋਵੇ ਇਹੋ ਜਿਹੀ ਸ਼ਕਤੀ ਦਿਓ।

ਸਮਰਸੀ ਆਹਾਰ ਲੈਣ ਦੀ ਪਰਮ ਸ਼ਕਤੀ ਦਿਓ।

8. ਹੇ ਦਾਦਾ ਭਗਵਾਨ! ਮੈਨੂੰ ਕਿਸੇ ਵੀ ਦੇਹਧਾਰੀ ਜੀਵਾਤਮਾ ਦਾ ਪ੍ਰਤੱਖ ਜਾਂ ਪਰੋਕਸ਼, ਜੀਵਿਤ ਜਾਂ ਮ੍ਰਿਤ, ਕਿਸੇ ਦਾ ਕਿੰਚਿਤਮਾਤਰ ਵੀ ਅਵਰਣਵਾਦ, ਅਪਰਾਧ, ਅਵਿਨਯ ਨਾ ਕੀਤਾ ਜਾਵੇ, ਨਾ ਕਰਵਾਇਆ ਜਾਵੇ ਜਾਂ ਕਰਤਾ ਦੇ ਪ੍ਰਤੀ ਅਨੁਮੋਦਨਾ ਨਾ ਕੀਤੀ ਜਾਵੇ, ਇਹੋ ਜਿਹੀ ਪਰਮ ਸ਼ਕਤੀ ਦਿਓ।

9. ਹੇ ਦਾਦਾ ਭਗਵਾਨ! ਮੈਨੂੰ ਜਗਤ ਕਲਿਆਣ ਕਰਨ ਵਿੱਚ ਨਿਮਿਤ ਬਣਨ ਦੀ ਪਰਮ ਸ਼ਕਤੀ ਦਿਓ, ਸ਼ਕਤੀ ਦਿਓ, ਸ਼ਕਤੀ ਦਿਓ।

(ਇੰਨਾ ਤੁਸੀਂ ਦਾਦਾ ਭਗਵਾਨ ਤੋਂ ਮੰਗਿਆ ਕਰੋ। ਇਹ ਹਰ ਰੋਜ਼ ਮੰਤਰ ਦੀ ਤਰ੍ਹਾਂ ਪੜ੍ਹਨ ਦੀ ਚੀਜ਼ ਨਹੀਂ ਹੈ, ਹਿਰਦੇ ਵਿੱਚ ਰੱਖਣ ਦੀ ਚੀਜ਼ ਹੈ। ਇਹ ਹਰ ਰੋਜ਼ ਉਪਯੋਗ ਪੂਰਵਕ ਭਾਵਨਾ ਕਰਨ ਦੀ ਚੀਜ਼ ਹੈ। ਇੰਨੇ ਪਾਠ ਵਿੱਚ ਸਾਰੇ ਸ਼ਾਸਤਰਾਂ ਦਾ ਸਾਰ ਆ ਜਾਂਦਾ ਹੈ।)

◆ ◆ ◆ ◆ ◆ ◆ ◆

## ਪ੍ਰਤੀਕ੍ਰਮਣ ਵਿਧੀ

ਪ੍ਰਤੱਖ ਦਾਦਾ ਭਗਵਾਨ ਦੀ ਸਾਕਸ਼ੀ ਵਿੱਚ, ਦੇਹਧਾਰੀ (ਜਿਸਦੇ ਪ੍ਰਤੀ ਦੋਸ਼ ਹੋਇਆ ਹੋਵੇ, ਉਸ ਵਿਅਕਤੀ ਦਾ ਨਾਮ) ਦੇ ਮਨ-ਵਚਨ-ਕਾਇਆ ਦੇ ਯੋਗ, ਭਾਵਕਰਮ-ਦ੍ਰਵਯਕਰਮ-ਨੋਕਰਮ ਤੋਂ ਭਿੰਨ ਐਸੇ ਹੇ ਸ਼ੁੱਧ ਆਤਮਾ ਭਗਵਾਨ! ਤੁਹਾਡੀ ਸਾਕਸ਼ੀ ਵਿੱਚ, ਅੱਜ ਦਿਨ ਭਰ ਵਿੱਚ ਮੇਰੇ ਤੋਂ ਜੋ ਜੋ * * ਦੋਸ਼ ਹੋਏ ਹਨ, ਉਸਦੇ ਲਈ ਮਾਫ਼ੀ ਮੰਗਦਾ ਹਾਂ। ਹਿਰਦੇ ਤੋਂ ਬਹੁਤ ਪਛਚਾਤਾਪ ਕਰਦਾ ਹਾਂ। ਮੈਨੂੰ ਮਾਫ਼ ਕਰੋ। ਅਤੇ ਫਿਰ ਤੋਂ ਇਹੋ ਜਿਹੇ ਦੋਸ਼ ਕਦੇ ਵੀ ਨਹੀਂ ਕਰਾਂਗਾ, ਇਹ ਦ੍ਰਿੜ ਨਿਸ਼ਚੈ ਕਰਦਾ ਹਾਂ। ਉਸਦੇ ਲਈ ਮੈਨੂੰ ਪਰਮ ਸ਼ਕਤੀ ਦਿਓ।

*** ਕ੍ਰੋਧ-ਮਾਨ-ਮਾਇਆ-ਲੋਭ, ਵਿਸ਼ੇ-ਵਿਕਾਰ, ਕਸ਼ਾਏ ਆਦਿ ਨਾਲ ਕਿਸੇ ਨੂੰ ਵੀ ਦੁੱਖ ਪਹੁੰਚਾਇਆ ਹੋਵੇ, ਉਹਨਾਂ ਦੋਸ਼ਾਂ ਨੂੰ ਮਨ ਵਿੱਚ ਯਾਦ ਕਰਨਾ।

◆ ◆ ◆ ◆ ◆ ◆ ◆

# ਸ਼ੁੱਧ ਆਤਮਾ ਦੇ ਪ੍ਰਤੀ ਪ੍ਰਾਰਥਨਾ

### (ਹਰ ਰੋਜ਼ ਇੱਕ ਬਾਰ ਬੋਲਣਾਂ)

ਹੇ ਅੰਤਰਜਾਮੀ ਪ੍ਰਮਾਤਮਾ! ਤੁਸੀਂ ਹਰ ਜੀਵਮਾਤਰ ਵਿੱਚ ਵਿਰਾਜਮਾਨ ਹੋ, ਉਸੇ ਤਰ੍ਹਾਂ ਮੇਰੇ ਵਿੱਚ ਵੀ ਵਿਰਾਜਮਾਨ ਹੋ। ਤੁਹਾਡਾ ਸਵਰੂਪ ਹੀ ਮੇਰਾ ਸਵਰੂਪ ਹੈ। ਮੇਰਾ ਸਵਰੂਪ ਸ਼ੁੱਧ ਆਤਮਾ ਹੈ।

ਹੇ ਸ਼ੁੱਧ ਆਤਮਾ ਭਗਵਾਨ! ਮੈਂ ਤੁਹਾਨੂੰ ਅਭੇਦਭਾਵ ਨਾਲ ਅਤਿਅੰਤ ਭਗਤੀ ਪੂਰਵਕ ਨਮਸਕਾਰ ਕਰਦਾ ਹਾਂ।

ਅਗਿਆਨਤਾ ਵਸ਼ ਮੈਂ ਜੋ ਜੋ ** ਦੋਸ਼ ਕੀਤੇ ਹਨ, ਉਹਨਾਂ ਸਾਰੇ ਦੋਸ਼ਾਂ ਨੂੰ ਤੁਹਾਡੇ ਸਾਹਮਣੇ ਜ਼ਾਹਿਰ ਕਰਦਾ ਹਾਂ। ਉਹਨਾਂ ਦਾ ਹਿਰਦੇ ਪੂਰਵਕ (ਦਿਲ ਤੋਂ) ਬਹੁਤ ਪਛਤਾਵਾ ਕਰਦਾ ਹਾਂ ਅਤੇ ਤੁਹਾਡੇ ਤੋਂ ਮਾਫ਼ੀ ਮੰਗਦਾ ਹਾਂ। ਹੇ ਪ੍ਰਭੂ! ਮੈਨੂੰ ਮਾਫ਼ ਕਰੋ, ਮਾਫ਼ ਕਰੋ, ਮਾਫ਼ ਕਰੋ ਅਤੇ ਫਿਰ ਤੋਂ ਇਹੋ ਜਿਹੇ ਦੋਸ਼ ਨਾ ਕਰਾਂ, ਇਹੋ ਜਿਹੀ ਤੁਸੀਂ ਮੈਨੂੰ ਸ਼ਕਤੀ ਦੇਵੋ, ਸ਼ਕਤੀ ਦੇਵੋ, ਸ਼ਕਤੀ ਦੇਵੋ।

ਹੇ ਸ਼ੁੱਧ ਆਤਮਾ ਭਗਵਾਨ! ਤੁਸੀਂ ਇਹੋ ਜਿਹੀ ਕ੍ਰਿਪਾ ਕਰੋ ਕਿ ਸਾਡੇ ਭੇਦਭਾਵ ਛੁੱਟ ਜਾਣ ਅਤੇ ਅਭੇਦ ਸਵਰੂਪ ਪ੍ਰਾਪਤ ਹੋਵੇ। ਅਸੀਂ ਤੁਹਾਡੇ ਵਿੱਚ ਅਭੇਦ ਸਵਰੂਪ ਨਾਲ ਤੰਨਮੈਕਾਰ (ਲੀਨ) ਰਹੀਏ।

** ਜੋ ਜੋ ਦੋਸ਼ ਹੋਏ ਹੋਣ, ਉਹਨਾਂ ਨੂੰ ਮਨ ਵਿੱਚ ਜ਼ਾਹਿਰ ਕਰੋ।

◆ ◆ ◆ ◆ ◆ ◆ ◆

# ਦਾਦਾ ਭਗਵਾਨ ਨਾ ਅਸੀਮ ਜੈ ਜੈ ਕਾਰ ਹੋ

(ਹਰ ਰੋਜ਼ ਘੱਟ ਤੋਂ ਘੱਟ 10 ਮਿੰਟ ਤੋਂ ਲੈ ਕੇ 50 ਮਿੰਟ ਤੱਕ ਜੋਰ ਨਾਲ ਬੋਲਿਆ ਕਰੋ)

◆ ◆ ◆ ◆ ◆ ◆ ◆

# ਦਾਦਾ ਭਗਵਾਨ ਫ਼ਾਂਉਡੇਸ਼ਨ ਦੁਆਰਾ ਪ੍ਰਕਾਸ਼ਿਤ ਗ੍ਰੰਥ

## ਹਿੰਦੀ

1. ਗਿਆਨੀ ਪੁਰਖ ਦੀ ਪਹਿਚਾਣ
2. ਸਰਵ ਦੁੱਖਾਂ ਤੋਂ ਮੁਕਤੀ
3. ਕਰਮ ਦਾ ਵਿਗਿਆਨ
4. ਆਤਮ ਬੋਧ
5. ਮੈਂ ਕੌਣ ਹਾਂ?
6. ਵਰਤਮਾਨ ਤੀਰਥੰਕਰ ਸ਼੍ਰੀ ਸੀਮੰਧਰ ਸਵਾਮੀ
7. ਭੁਗਤੇ ਉਸੇ ਦੀ ਭੁੱਲ
8. ਐਡਜਸਟ ਐਵਰੀਵੇਅਰ
9. ਟਕਰਾਵ ਟਾਲ਼ੋ
10. ਹੋਇਆ ਸੋ ਨਿਆ
11. ਚਿੰਤਾ
12. ਕਰੋਧ
13. ਪ੍ਰਤੀਕ੍ਰਮਣ
14. ਦਾਦਾ ਭਗਵਾਨ ਕੌਣ?
15. ਪੈਸਿਆ ਦਾ ਵਿਹਾਰ
16. ਅੰਤ:ਕਰਣ ਦਾ ਸਵਰੂਪ
17. ਜਗਤ ਕਰਤਾ ਕੌਣ?
18. ਤ੍ਰਿਮੰਤਰ
19. ਭਾਵਨਾ ਨਾਲ ਸੁਧਰੇ ਜਨਮੋਂ-ਜਨਮ
20. ਪ੍ਰੇਮ
21. ਮਾਤਾ ਪਿਤਾ ਅਤੇ ਬੱਚਿਆਂ ਦਾ ਵਿਹਾਰ
22. ਸਮਝ ਨਾਲ ਪ੍ਰਾਪਤ ਬ੍ਰਹਮਚਰਿਆ
23. ਦਾਨ
24. ਮਾਨਵ ਧਰਮ
25. ਸੇਵਾ-ਪਰਉਪਕਾਰ
26. ਮੌਤ ਸਮੇ, ਪਹਿਲਾਂ ਅਤੇ ਬਾਅਦ
27. ਨਿਜਦੋਸ਼ ਦਰਸ਼ਨ ਨਾਲ਼... ਨਿਰਦੋਸ਼
28. ਪਤੀ-ਪਤਨੀ ਦਾ ਅਲੌਕਿਕ ਵਿਹਾਰ
29. ਕਲ਼ੇਸ਼ ਰਹਿਤ ਜੀਵਨ
30. ਗੁਰੂ-ਸ਼ਿਸ਼ਯ
31. ਅਹਿੰਸਾ
32. ਸੱਚ-ਝੂਠ ਦੇ ਰਹੱਸ
33. ਚਮਤਕਾਰ
34. ਪਾਪ-ਪੁੰਨ
35. ਵਾਣੀ, ਵਿਹਾਰ ਵਿੱਚ...
36. ਕਰਮ ਦਾ ਵਿਗਿਆਨ
37. ਆਪਤਬਾਣੀ-1
38. ਆਪਤਬਾਣੀ-3
39. ਆਪਤਬਾਣੀ -4
40. ਆਪਤਬਾਣੀ-5

* ਦਾਦਾ ਭਗਵਾਨ ਫ਼ਾਊਂਡੇਸ਼ਨ ਦੁਆਰਾ ਗੁਜਰਾਤੀ ਭਾਸ਼ਾ ਵਿੱਚ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆ ਹਨ। ਵੈਬਸਾਈਟ www.dadabhagwan.org ਤੋਂ ਵੀ ਤੁਸੀਂ ਇਹ ਸਭ ਪੁਸਤਕਾਂ ਪ੍ਰਾਪਤ ਕਰ ਸਕਦੇ ਹੋ।

* ਦਾਦਾ ਭਗਵਾਨ ਫ਼ਾਊਂਡੇਸ਼ਨ ਦੁਆਰਾ ਹਰ ਮਹੀਨੇ ਹਿੰਦੀ, ਗੁਜਰਾਤੀ ਅਤੇ ਅੰਗਰੇਜੀ ਭਾਸ਼ਾ ਵਿੱਚ ਦਾਦਾਬਾਣੀ ਮੈਗਜ਼ੀਨ ਪ੍ਰਕਾਸ਼ਿਤ ਹੁੰਦੀ ਹੈ।

# संपर्क

## दादा भगवान परिवार

**अडालज** : **त्रिमंदिर**, सीमंधर सिटी, अहमदाबाद-कलोल हाईवे,
पोस्ट : अडालज, जि.-गांधीनगर, गुजरात - 382421.
फोन : (079) 39830100, E-mail : info@dadabhagwan.org

**राजकोट** : **त्रिमंदिर,** अहमदाबाद-राजकोट हाईवे, तरघड़िया चोकड़ी (सर्कल),
पोस्ट : मालियासण, जि.-राजकोट. फोन : 9924343478

**भुज** : **त्रिमंदिर,** हिल गार्डन के पीछे, एयरपोर्ट रोड. फोन : (02832) 290123

**अंजार** : **त्रिमंदिर,** अंजार-मुन्द्र रोड, सीनोग्रा पाटीया के पास, सीनोग्रा गाँव,
ता.-अंजार, फोन : 9924346622

**मोरबी** : **त्रिमंदिर,** मोरबी-नवलखी हाईवे, पो-जेपुर, ता.-मोरबी,
जि.-राजकोट. फोन : (02822) 297097

**सुरेन्द्रनगर** : **त्रिमंदिर**, सुरेन्द्रनगर-राजकोट हाईवे, लोकविद्यालय के पास, मुळी रोड.
फोन : 9737048322

**अमरेली** : **त्रिमंदिर**, लीलीया बायपास चोकडी, खारावाडी, फोन : 9924344460

**गोधरा** : **त्रिमंदिर,** भामैया गाँव, एफसीआई गोडाउन के सामने, गोधरा.
(जि.-पंचमहाल). फोन : (02672) 262300

**वडोदरा** : **त्रिमंदिर,** बाबरीया कॉलेज के पास, वडोदरा-सुरत हाई-वे, NH-8,
वरणामा गाँव। फोन : 9574001557

**अहमदाबाद** : **दादा दर्शन,** ५, ममतापार्क सोसाइटी, नवगुजरात कॉलेज के पीछे,
उस्मानपुरा, अहमदाबाद-380014. फोन : (079) 27540408

**वडोदरा** : **दादा मंदिर,** १७, मामा की पोल-मुहल्ला, रावपुरा पुलिस स्टेशन के
सामने, सलाटवाड़ा, वडोदरा. फोन : 9924343335

---

| | | | |
|---|---|---|---|
| **मुंबई** | : 9323528901 | **दिल्ली** | : 9810098564 |
| **कोलकता** | : 9830093230 | **चेन्नई** | : 9380159957 |
| **जयपुर** | : 9351408285 | **भोपाल** | : 9425024405 |
| **इन्दौर** | : 9039936173 | **जबलपुर** | : 9425160428 |
| **रायपुर** | : 9329644433 | **भिलाई** | : 9827481336 |
| **पटना** | : 7352723132 | **अमरावती** | : 9422915064 |
| **बेंगलूर** | : 9590979099 | **हैदराबाद** | : 9989877786 |
| **पूणे** | : 9422660497 | **जलंधर** | : 9814063043 |

---

**U.S.A.** : +1 877-505-DADA (3232), **Email :** info@us.dadabhagwan.org

| | | | |
|---|---|---|---|
| **U.K.** | : +44 330-111-DADA (3232) | **Australia** | : +61 421127947 |
| **Kenya** | : +254 722 722 063 | **New Zealand** | : +64 21 0376434 |
| **UAE** | : +971 557316937 | **Singapore** | : +65 81129229 |

**www.dadabhagwan.org**

# ਪ੍ਰਤੀਕ੍ਰਮਣ ਵਿਧੀ

ਪ੍ਰਤੱਖ ਦਾਦਾ ਭਗਵਾਨ ਦੀ ਸਾਕਸ਼ੀ ਵਿੱਚ, ਦੇਹਧਾਰੀ * ਦੇ ਮਨ-ਵਚਨ-ਕਾਇਆ ਦੇ ਯੋਗ, ਭਾਵਕਰਮ-ਦ੍ਰਵਯਕਰਮ-ਨੋਕਰਮ ਤੋਂ ਭਿੰਨ ਐਸੇ ਹੇ ਸ਼ੁੱਧ ਆਤਮਾ ਭਗਵਾਨ! ਤੁਹਾਡੀ ਸਾਕਸ਼ੀ ਵਿੱਚ, ਅੱਜ ਦਿਨ ਭਰ ਵਿੱਚ ਮੇਰੇ ਤੋਂ ਜੋ ਜੋ ** ਦੋਸ਼ ਹੋਏ ਹਨ, ਉਸਦੇ ਲਈ ਮਾਫ਼ੀ ਮੰਗਦਾ ਹਾਂ। ਹਿਰਦੇ ਤੋਂ ਬਹੁਤ ਪਛਚਾਤਾਪ ਕਰਦਾ ਹਾਂ। ਆਲੋਚਨਾ, ਪ੍ਰਤੀਕ੍ਰਮਣ, ਪ੍ਰਤਿਆਖਿਆਨ ਕਰਦਾ ਹਾਂ ਅਤੇ ਇਹੋ ਜਿਹੇ ਦੋਸ਼ ਫਿਰ ਤੋਂ ਕਦੇ ਵੀ ਨਹੀਂ ਕਰਾਂਗਾ, ਇਹ ਦ੍ਰਿੜ ਨਿਸ਼ਚੈ ਕਰਦਾ ਹਾਂ। ਮੈਨੂੰ ਮਾਫ਼ ਕਰੋ, ਮਾਫ਼ ਕਰੋ, ਮਾਫ਼ ਕਰੋ।

ਹੇ ਦਾਦਾ ਭਗਵਾਨ! ਮੈਨੂੰ ਇਹੋ ਜਿਹਾ ਕੋਈ ਵੀ ਦੋਸ਼ ਨਾ ਕਰਨ ਦੀ ਪਰਮ ਸ਼ਕਤੀ ਦਿਓ, ਸ਼ਕਤੀ ਦਿਓ, ਸ਼ਕਤੀ ਦਿਓ।

*ਜਿਸਦੇ ਪ੍ਰਤੀ ਦੋਸ਼ ਹੋਇਆ ਹੋਵੇ, ਉਸ ਵਿਅਕਤੀ ਦਾ ਨਾਮ ਲੈਣਾ।

**ਜੋ ਜੋ ਦੋਸ਼ ਹੋਏ ਹੋਣ, ਉਹ ਸਾਰੇ ਦੋਸ਼ ਮਨ ਵਿੱਚ ਜਾਹਿਰ ਕਰਨਾ।

{ਤੁਸੀਂ ਸ਼ੁੱਧ ਆਤਮਾ ਹੋ ਅਤੇ ਜੋ ਦੋਸ਼ ਕਰਦਾ ਹੈ, ਉਸਦੇ ਕੋਲੋਂ ਪ੍ਰਤੀਕ੍ਰਮਣ ਕਰਵਾਉਣਾ ਹੈ। ਚੰਦੂਭਾਈ ਦੇ ਕੋਲੋਂ ਦੋਸ਼ਾਂ ਦਾ ਪ੍ਰਤੀਕ੍ਰਮਣ ਕਰਵਾਉਣਾ ਹੈ (ਪਾਠਕ ਚੰਦੂਭਾਈ ਦੀ ਜਗ੍ਹਾ ਖੁਦ ਦਾ ਨਾਮ ਸਮਝੇ)।}

-ਦਾਦਾ ਸ਼੍ਰੀ

मूल दीपक से प्रकटे दीपमाला

dadabhagwan.org

ISBN 978-93-87551-16-9

9 789387 551169

Printed in India

Price ₹ 50